ਜਗਤ ਗੁਰ ਸੁਆਮੀ

(ਗੁਰਮਤਿ ਲੇਖ)



ਗਿਆਨੀ ਅਮਰੀਕ ਸਿੰਘ

ਚੰਡੀਗੜ੍ਹ ਵਾਲੇ

JAGAT GUR SWAMI

by

GYANI AMRIK SINGH 'Chandigarh Wale'

ISBN : 81-7601-854-6

ਪਹਿਲੀ ਐਡੀਸ਼ਨ : ਜੂਨ 2007

ਭੇਟਾ : 150-00 ਰੁਪਏ

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫ਼ੋਨ/ਫੈਕਸ : 91-183-2542346, 2547974, 2557973

E.Mail : csjs@vsnl.com, csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003

ਸਮਰਪਿਤ

ਜਿਹਨਾਂ ਨੇ ਮਨੁੱਖਤਾ

ਵਿੱਚੋਂ ਰੱਬੀ

ਹੋਂਦ

ਦੀ ਖ਼ੁਸ਼ਬੋ

ਨੂੰ

ਮਾਣਿਆ।

ਇਸੇ ਕਲਮ ਦੀਆਂ ਹੋਰ ਲਿਖਤਾਂ

1. ਗਿਆਨ ਅੰਜਨ ਗੁਰਿ ਦੀਆ
2. ਸੰਸਾਰ ਤੋਂ ਨਿਰੰਕਾਰ ਤੱਕ
3. ਵਿਆਹ ਅਤੇ ਨਿਰਬਾਹ
4. ਗੁਰਮੁਖਿ ਸੋਈ ਸਹਜ ਸਮਾਵੈ

ਤਤਕਰਾ

ਮੁੱਢਲੀ ਵੀਚਾਰ

ਜਿਹਨਾਂ ਨੇ ਭਟਕਦਿਆਂ ਨੂੰ ਗਲੇ ਲਗਾ ਕੇ ਪੁੱਤਰ ਵਰਗੇ ਨਿੱਘੇ ਰਿਸ਼ਤੇ ਨਾਲ ਨਿਵਾਜਿਆ, ਉਸ ਗਲੇ ਲਗਾਉਣ ਵਾਲੇ ਨੂੰ ਗਾਲ੍ਹਾਂ ਭਾਵ ਨਫ਼ਰਤ ਅਤੇ ਦੂਜੇ ਪਾਸੇ ਜਿਹਨਾਂ ਰੱਜ ਕੇ ਫਿਟਕਾਰਿਆ, ਦੁਰਕਾਰਿਆ, ਉਹਨਾਂ ਦੇ ਗਲੇ ਲੱਗਣ ਦੀ ਅੱਜ ਵੀ ਭਾਵਨਾ ਤਰੋ-ਤਾਜ਼ਾ ਹੈ। ਗਲੇ ਲਗਾ ਕੇ ਕੇਵਲ ਪੁੱਤਰ ਦਾ ਖ਼ਿਤਾਬ ਹੀ ਨਹੀਂ ਦਿੱਤਾ ਬਲਕਿ ਅੰਮ੍ਰਿਤ ਦੀ ਦਾਤਿ ਦੇ ਕੇ ਜੀਵਨ ਸਿੰਘ ਬਣਾ ਦਿੱਤਾ ਭਾਵ, ਸਿੰਘ ਵਰਗਾ ਜੀਵਨ, ਸ਼ੇਰ ਵਰਗਾ ਨਿਡਰ ਅਡੋਲ ਜੀਵਨ ਬਣਾ ਦਿੱਤਾ। ਗੁਰੂ ਨਾਨਕ ਸਾਹਿਬ ਜੀ ਆਪ ਬਨਾਰਸ ਦੀ ਧਰਤੀ 'ਤੇ ਜਾ ਕੇ ਰਵਿਦਾਸ ਜੀ, ਕਬੀਰ ਸਾਹਿਬ ਜੀ ਦੇ ਅੰਮ੍ਰਿਤ ਬਚਨ ਵੀ ਲੈ ਕੇ ਆਏ। ਗੁਰਬਾਣੀ ਵਿੱਚ ਕਈ ਥਾਵਾਂ 'ਤੇ ਉਦਾਹਰਣਾਂ ਦੇ ਕੇ ਉਹਨਾਂ ਦੀ ਉੱਚ-ਪਦਵੀ ਦੀ ਮਹਾਨਤਾ ਨੂੰ ਪ੍ਰਗਟ ਕੀਤਾ। ਇਥੇ ਹੀ ਬਸ ਨਹੀਂ, ਆਪ ਇਹ ਬਚਨ ਵੀ ਉਚਾਰ ਕੇ ਸਪੱਸ਼ਟ ਕਰ ਦਿੱਤਾ ਕਿ ਮੇਰੀ ਜ਼ਿੰਦਗੀ ਵਿੱਚ ਇੱਕ ਸੱਚੇ ਸੁੱਚੇ ਗ਼ਰੀਬ ਇਨਸਾਨ ਦੀ ਕੀ ਕਦਰ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਪੰਨਾ ੧੫)

ਇਨ ਗਰੀਬ ਸਿਖਨ ਕਉ ਦੀਉ ਪਾਤਿਸਾਹੀ ॥
ਯਾਦ ਕਰਹਿ ਹਮਰੀ ਗੁਰਿਆਈ ॥

ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ ॥

ਅਨੇਕਾਂ ਹੀ ਐਸੇ ਪਰਉਪਕਾਰ ਹਨ ਜਿਹੜੇ ਗ਼ਰੀਬਾਂ ਨੂੰ ਗਲੇ ਲਾਉਣ, ਨੀਚਹੁ ਊਚ ਕਰਨ ਦੇ ਮੂੰਹੋਂ ਬੋਲਦੇ ਸਪੱਸ਼ਟ ਕਾਰਨਾਮੇ ਹਨ। ਇਤਨੇ ਮਹਾਨ ਸਤਿਗੁਰੂ ਜੀ ਦੇ ਸਮੁੱਚੇ ਪਰਉਪਕਾਰ ਅਤੇ ਸਿਧਾਂਤਾਂ ਨੂੰ ਵਿਸਾਰ ਕੇ, ਵਕਤੀ ਗ਼ਲਤ ਪ੍ਰਬੰਧ ਤੋਂ ਨਿਰਾਸ਼ ਹੋ ਕੇ ਅਜਿਹੇ ਦੂਰ ਹੋਏ ਕਿ ਫਿਰ ਹਰ ਇੱਕ ਸੁਆਰਥੀ ਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਤੋਂ ਕੰਮ ਲੈ ਕੇ ਇਕ ਦਿਨ ਅਜਿਹਾ ਲਿਆਂਦਾ ਕਿ ਅੱਜ ਸਿੱਖੀ ਪ੍ਰਤੀ ਸੋਚ ਰੱਖਣਾ ਵੀ ਇੱਕ ਪਾਪ ਸਮਝਿਆ ਜਾਣ ਲੱਗ

ਪਿਆ। ਹਰ ਸੁਆਰਥੀ ਨੇ ਸਿੱਖੀ ਪ੍ਰਤੀ ਜ਼ਹਿਰ ਹੀ ਘੋਲੀ ਜੋ ਕਿ ਪਰਖ ਕੇ ਵੇਖੀਏ ਤਾਂ ਸੱਚ ਤੋਂ ਦੂਰ ਹੀ ਨਹੀਂ ਬਲਕਿ ਇੱਕ ਸਪੱਸ਼ਟ ਕੋਰਾ ਝੂਠ ਹੈ। ਸਾਧੂ ਬਾਣੇ ਦੇ ਓਟ ਆਸਰੇ ਨੇ ਤਾਂ ਜਿਥੇ ਸਮੁੱਚੀ ਕੌਮ ਦਾ ਮਾਣ ਮਤਾ ਸਾਰਾ ਵਿਰਸਾ ਹੀ ਉਜਾੜ ਕੇ ਕੌਮ ਦੀ ਝੋਲੀ ਵਿੱਚ ਸਦੀਆਂ ਦਾ ਰੋਣਾ ਪਾ ਦਿੱਤਾ ਹੈ, ਉਥੇ ਇਹ ਲੋਕ ਵੀ ਇਸ ਬਿਮਾਰੀ ਤੋਂ ਬਚ ਨਾ ਸਕੇ। ਸਾਧ ਪ੍ਰਥਾ ਨੇ ਅਜਿਹਾ ਮਾਨਸਿਕ ਤੌਰ 'ਤੇ ਬਿਮਾਰ ਕਰ ਦਿੱਤਾ ਹੈ ਕਿ ਹਰ ਰੋਗੀ ਗੁਰੂ ਉਪਦੇਸ਼ ਕਮਾ ਕੇ ਸੱਚੀ ਆਜ਼ਾਦੀ ਦੀ ਥਾਂ ਇਸ ਮਾਨਸਿਕ ਰੋਗ ਨੂੰ ਹੀ ਅਪਨਾਉਣਾ ਚਾਹੁੰਦਾ ਹੈ।

ਕਿੰਨੀ ਵੱਡੀ ਮਹਾਨ ਗੌਰਵ ਦੀ ਗੱਲ ਹੈ ਕਿ ਅੱਜ ਸਮੁੱਚੀ ਬਾਣੀ ਨੂੰ, ਧੁਰ ਕੀ ਬਾਣੀ, ਸੱਚੀ ਬਾਣੀ, ਗੁਰੂ ਬਾਣੀ ਕਹਿ ਕੇ ਸਤਿਕਾਰ ਦਿੱਤਾ ਜਾਂਦਾ ਹੈ, ਪਰ ਅੱਜ ਕੁਝ ਲੋਕ ਇਹਨਾਂ ਪ੍ਰੀਤਾਂ ਦੇ ਵਣਜਾਰਿਆਂ ਦੀਆਂ ਪ੍ਰੇਮ-ਗਲਵਕੜੀਆਂ ਤੋੜਨ ਲਈ ਜ਼ੋਰ ਲਾ ਰਹੇ ਹਨ, ਜਦਕਿ ਅਜਿਹਾ ਕਦੇ ਹੋ ਹੀ ਨਹੀਂ ਸਕਦਾ। ਸੋਚੋ! ਕਿਸੇ ਵੀ ਕੌਮ ਦਾ ਕੋਈ ਪੈਗ਼ੰਬਰ ਸਾਡੇ ਆਪਣੇ ਲਈ ਕਿਤਨਾ ਵੀ ਮਹਾਨ ਹੋਵੇ ਪਰ ਸਾਡੀ ਹੀ ਸੋਚ ਵਿੱਚ ਹੈ, ਪਰ ਜੇਕਰ ਉਸਦੀ ਮਹਾਨਤਾ ਨੂੰ ਸਵੀਕਾਰ ਕਰਕੇ ਉਸ ਦੇ ਪਵਿੱਤਰ ਬਚਨਾਂ ਦੀ ਤਸਵੀਰ ਨੂੰ ਕੋਈ ਪਰਉਪਕਾਰੀ ਕਿਸੇ ਅਜਾਇਬ-ਘਰ ਭਾਵ, ਮਿਊਜ਼ੀਅਮ ਵਿੱਚ ਲਗਾ ਦੇਵੇ, ਜਿਥੇ ਸਮੁੱਚੀ ਮਨੁੱਖਤਾ ਸੱਚ ਸਿਦਕ ਭਰਿਆ ਨਮਸਕਾਰ ਕਰਦੀ ਹੋਵੇ ਤਾਂ ਅਸੀਂ ਉਸ ਮਿਊਜ਼ੀਅਮ ਵਿੱਚੋਂ ਉਹਨਾਂ ਨੂੰ ਵੱਖ ਕਰਕੇ ਉਹਨਾਂ ਦੀ ਸ਼ਖ਼ਸੀਅਤ ਨੂੰ ਘਟਾ ਰਹੇ ਹਾਂ ਜਾਂ ਵਧਾ ਰਹੇ ਹਾਂ। ਜਿਹੜੇ ਲੋਕ ਧਾਰਮਿਕ ਅਸਥਾਨਾਂ ਨੂੰ ਉਸ ਸਮੇਂ ਹੀ ਨਹੀਂ ਬਲਕਿ ਅੱਜ ਵੀ ਦੁਰਕਾਰ ਰਹੇ ਹਨ ਤਾਂ ਅੱਜ ਵੀ ਸਾਡੀਆਂ ਸ਼ਕਲਾਂ ਉਹਨਾਂ ਵਰਗੀਆਂ, ਸਾਡੀਆਂ ਅਕਲਾਂ ਵੀ ਉਹਨਾਂ ਵਰਗੀਆਂ ਹਨ।

ਉਦੋਂ ਤਾਂ ਹਰ ਸਿਆਣਾ ਬੰਦਾ ਸਚਮੁੱਚ ਹੀ ਰੋ ਪੈਂਦਾ ਹੈ, ਜਦੋਂ ਸਤਿਗੁਰੂ ਜੀ ਦੇ ਮਹਾਨ ਸਿਧਾਂਤਾਂ ਦਾ ਦਿਨ ਦਿਹਾੜੇ ਕਤਲ ਹੁੰਦਾ ਹੈ। ਜਿਵੇਂ ਉਹਨਾਂ ਨੇ ਤਾਂ ਮੂਰਤੀ ਪੂਜਾ ਜਾਂ ਅਜਿਹੀ ਝੂਠੀ ਪੂਜਾ ਦਾ ਰੱਜ ਕੇ ਵਿਰੋਧ ਕੀਤਾ ਹੋਵੇ, ਪਰ ਉਸ ਵਿਚਾਰਧਾਰਾ ਦੇ ਪਹਿਰੇਦਾਰ ਅੱਜ ਖ਼ੁਦ ਹੀ ਉਸ ਦੀ ਮੂਰਤੀ ਬਣਾ ਕੇ ਪੂਜਾ ਕਰ ਰਹੇ ਹੋਣ। ਉਹਨਾਂ ਦੀ ਵਿਚਾਰਧਾਰਾ ਨੂੰ ਜ਼ਿੰਦਗੀ ਤੋਂ ਹਰ ਰੋਜ਼ ਦੂਰ ਕਰ ਰਹੇ ਹੋਣ। ਜਿਹਨਾਂ ਨੇ :

ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ (ਪੰਨਾ ੫੨੫)

ਵਰਗੇ ਮਹਾਨ ਕਰਾਂਤੀਕਾਰੀ ਸ਼ਬਦ ਬਖ਼ਸ਼ ਕੇ ਇੱਕ ਸਿਮਰਨ ਦਾ ਰਾਹ ਵਿਖਾ

ਕੇ ਸੱਚੀ ਆਰਤੀ ਲਈ ਨਾਮ ਦਾ ਦੀਵਾ ਜਗਾ ਕੇ ਦਿੱਤਾ ਹੋਵੇ, ਪਰ ਅੱਜ ਉਹੋ ਹੀ ਕੌਮ ਉਹੋ ਸਾਰੇ ਕੰਮ ਕਰ ਰਹੀ ਹੋਵੇ, ਜਿਸ ਤੋਂ ਵਰਜਿਆ ਸੀ ਤਾਂ ਸੋਚੋ ਕਿ ਆਪਾਂ ਉਸ ਵਿਚਾਰਧਾਰਾ ਦੇ ਪਹਿਰੇਦਾਰ ਹਾਂ ਜਾਂ ਕਾਤਿਲ ਹਾਂ।

ਦਾਸਰੇ ਨੂੰ ਕਥਾ ਕਰਨ ਕਰਕੇ ਨੇੜੇ ਹੋ ਕੇ ਵੇਖਣ ਦਾ ਸੁਭਾਗ ਮਿਲਿਆ, ਜਿਸ ਲਈ ਦਿਨ ਰਾਤ ਮਿਹਨਤ ਕਰਕੇ ਵੀ ਦੇਖੀ, ਪਰ ਬਹੁਤ ਕੁਝ ਹਾਸਿਲ ਨਹੀਂ ਕਰ ਸਕਿਆ। ਸਭ ਤੋਂ ਵੱਧ ਦੁੱਖ ਉਦੋਂ ਲੱਗਾ ਜਦੋਂ ਗੁਰੂ ਕੀ ਬਾਣੀ ਦੇ ਅਰਥ ਸੁਆਰਥ ਨੂੰ ਮੁੱਖ ਰੱਖ ਕੇ ਐਸੇ ਢੰਗ ਨਾਲ ਪ੍ਰਚਾਰੇ ਗਏ ਕਿ ਵੇਖਕੇ ਦਿਲ ਦੀ ਦੁਨੀਆਂ ਵਿੱਚ ਦੁਹਾਈਆਂ ਉਠ ਪਈਆਂ। ਪੀੜਾ ਸਹਾਰ ਨਾ ਹੋਈ। ਆਖ਼ਿਰ ਫ਼ੈਸਲਾ ਕੀਤਾ ਕਿ ਸ਼ਬਦਾਂ ਦੇ ਸੌਖੇ ਤਰੀਕੇ ਨਾਲ ਅਰਥ ਕਰਕੇ ਆਪਣੇ ਫ਼ਰਜ਼ ਦੀ ਪੂਰਤੀ ਕਰਾਂ। ਇਸ ਦੇ ਨਾਲ ਹੀ ਇੱਕ ਹੋਰ ਫ਼ਰਜ਼, ਜਿਹੜੇ ਮੇਰੇ ਵੀਰ ਕਥਾ ਦੇ ਫ਼ੀਲਡ ਵਿੱਚ ਆ ਰਹੇ ਹਨ, ਉਹਨਾਂ ਲਈ ਵੀ ਸੌਖ ਹੋ ਸਕੇ, ਇਹ ਸੋਚ ਕੇ ਕਲਮ ਅਤੇ ਕਾਗ਼ਜ਼ ਦੀ ਦੋਸਤੀ ਨੇ ਕਿਤਾਬ ਦਾ ਰੂਪ ਧਾਰਨ ਕਰ ਲਿਆ। ਇਥੇ ਇੱਕ ਗੱਲ ਹੋਰ ਵੀ ਸਪੱਸ਼ਟ ਕਰ ਦਿਆਂ ਕਿ ਕਥਾ ਲਈ ਕਿਵੇਂ ਖ਼ਿਆਲ ਸਿਰਜਣਾ ਹੈ, ਉਸ ਦੀ ਵੀ ਇੱਕ ਕਿਸਮ ਦੀ ਜੁਗਤਿ ਹੈ। ਇਸ ਸਾਰੀ ਕਿਤਾਬ ਵਿੱਚ ਸਿਧਾਂਤਕ ਪੱਖ ਭਾਰੂ ਹੈ। ਸਾਖੀ ਦਾ ਤਾਂ ਕਿਧਰੇ ਥੋੜਾ ਜਿਹਾ ਹੀ ਸਹਾਰਾ ਹੋਵੇਗਾ।

ਇੱਕ ਗੱਲ ਫਿਰ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੇਰੇ ਭੁੱਲੜ ਵੀਰੋ ! ਇਹ ਵੀਚਾਰ ਆਪਣੇ ਦਿਮਾਗ਼ ਵਿੱਚੋਂ ਕੱਢ ਦਿਉ ਕਿ ਮੇਰੇ ਤਾਂ ਕੇਵਲ 40 ਸ਼ਬਦ ਹੀ ਗੁਰੂ ਹਨ। **ਏਕਾ ਬਾਣੀ ਇਕ ਗੁਰ ਇਕੋ ਸ਼ਬਦ ਵੀਚਾਰ** ਦੀ ਵਿਚਾਰਧਾਰਾ ਅਨੁਸਾਰ ਸਾਰੀ ਗੁਰਬਾਣੀ ਹੀ ਗੁਰੂ ਦਾ ਦਰਜਾ ਰੱਖਦੀ ਹੈ। ਜੇਕਰ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਵਿਸ਼ਵਾਸ ਨਹੀਂ ਤਾਂ ਅਸੀਂ ਪਾਖੰਡੀਆਂ ਕੋਲੋਂ ਹੀ ਠੋਕਰਾਂ ਖਾਂਦੇ ਰਹਾਂਗੇ। ਉਹ ਲੋਕ ਸਾਡੀ ਹੱਡ-ਭੰਨਵੀਂ ਮਿਹਨਤ ਮੁਸ਼ੱਕਤ ਦੀ ਕਮਾਈ ਨਾਲ ਨਿਜ ਦੀ ਪੂਜਾ, ਡੇਰਿਆਂ ਦੀ ਪ੍ਰਪਾਟੀ ਅਤੇ ਆਪਣੇ ਸੁਆਰਥ ਦੀਆਂ ਰੋਟੀਆਂ ਸੇਕਦੇ ਰਹਿਣਗੇ। ਵੱਡੀ ਬਦਕਿਸਮਤੀ ਕਿ ਅਸੀਂ ਆਪਣੇ ਹੱਕਾਂ ਪ੍ਰਤੀ ਵੀ ਕਦੇ ਸੁਚੇਤ ਨਹੀਂ ਹੋਵਾਂਗੇ। ਸਾਰਾ ਸੰਸਾਰ ਤਾਂ ਹੈਰਾਨ ਹੈ ਕਿ ਜਿਹਨਾਂ ਨੂੰ ਰਹਿਣ ਲਈ ਸਮਾਜ ਨੇ ਝੁਗੀਆਂ ਵਿੱਚ ਰੱਖਿਆ, ਕਿਰਤ ਕਰਕੇ ਵੀ ਉਹ ਕਿਰਤ ਦਿੱਤੀ ਜਿਹੜੀ ਪੈਰਾਂ ਤੋਂ ਸ਼ੁਰੂ ਹੁੰਦੀ ਹੈ, ਧਰਮ ਤੋਂ, ਚੰਗੇ ਕੰਮਾਂ ਤੋਂ ਦੂਰ ਰੱਖਿਆ, ਵਿੱਦਿਆ ਪ੍ਰਾਪਤੀ ਦਾ ਸੁਪਨਾ ਵੀ ਨਹੀਂ ਲੈਣ ਦਿੱਤਾ। ਜਦੋਂ ਵੀ ਕਦੇ ਬਿਠਾਇਆ, ਕਦਮਾਂ ਜਾਂ ਜੋੜਿਆਂ ਵਿੱਚ ਹੀ ਥਾਂ ਦਿੱਤੀ, ਪਰ ਸਭ ਕੁਝ ਦੇ ਬਾਵਜੂਦ ਵੀ ਇਹਨਾਂ ਵਿੱਚੋਂ ਇੱਕ ਅਜਿਹੀ ਸੋਚ ਪੈਦਾ ਹੋਵੇ ਜਿਹੜੀ ਸਾਰੇ ਸੰਸਾਰ ਦਾ ਇਕ ਸਾਂਝਾ ਸੁਪਨਾ ਹੋਵੇ ਕਿ ਕਦੇ ਅਜਿਹਾ ਰਾਜ ਆਵੇ, ਜਿਥੇ ਹਰ ਮਨੁੱਖ ਹਰ ਤਰ੍ਹਾਂ ਦੇ ਗ਼ਮਾਂ, ਦੁੱਖਾਂ, ਦਰਦਾਂ, ਵਿਤਕਰੇ ਅਤੇ

ਡਰ ਭੈਅ ਤੋਂ ਮੁਕਤ ਹੋ ਕੇ ਅਜ਼ਾਦ ਜ਼ਿੰਦਗੀ ਜੀਅ ਸਕੇ। ਆਪਣੀ ਝੋਲੀ ਹਰ ਸਮਾਜ ਦਾ ਦਿੱਤਾ ਦੁੱਖ ਤਸੀਹਾ ਅਤੇ ਵੈਰ ਵਿਰੋਧ ਸਭ ਕੁਝ ਆਪਣੀ ਝੋਲੀ ਵਿੱਚ ਪੁਆ ਕੇ ਵੀ ਸੰਸਾਰ ਨੂੰ ਬੇਗਮਪੁਰਾ ਸ਼ਹਿਰ ਦਾ ਸੱਚਾ ਸੁੱਚਾ ਨਕਸ਼ਾ ਦਿੱਤਾ ਹੈ। ਸੰਸਾਰ ਤਾਂ ਸਤਿਗੁਰੂ ਦੀ, ਭਾਵ ਇਹਨਾਂ ਗੁਰਬਾਣੀ ਦੇ ਬਚਨਾਂ ਦੀ ਅਥਾਹ ਕਦਰ ਕਰਦਾ ਹੈ, ਪਰ ਅਸੀਂ ਕਦੇ ਧਿਆਨ ਨਾਲ ਪੜ੍ਹਿਆ, ਸੁਣਿਆ ਜਾਂ ਵੀਚਾਰਿਆ ਹੀ ਨਹੀਂ।

ਮਹਾਨ ਵਿਰਸੇ ਦੇ ਮਾਲਕੋ! ਜਾਗੋ, ਤੁਹਾਡੀ ਹਾਲਤ ਇੱਕ ਅਜਿਹੇ ਰਾਜੇ ਵਰਗੀ ਹੈ, ਜਿਹੜਾ ਤਖ਼ਤ 'ਤੇ ਨੀਂਦ ਆਉਣ ਕਾਰਨ ਭਿਖਾਰੀ ਬਣਿਆ ਸੁਪਨੇ ਵਿੱਚ ਭਟਕ ਰਿਹਾ ਹੈ, ਜੇਕਰ ਕੋਈ ਜਗਾ ਦੇਵੇ ਤਾਂ ਆਪਣੇ ਆਪੇ ਨੂੰ ਹੀ ਨਹੀਂ ਬਲਕਿ ਰਾਜ ਭਾਗ ਸਭ ਕੁਝ ਦਾ ਮਾਲਕ ਬਣ ਜਾਵੇਗਾ। ਜਿਹੜੇ ਲੋਕ ਅੱਜ ਰਾਜੇ ਦਿੱਸ ਰਹੇ ਹਨ, ਉਹ ਕੱਲ੍ਹ ਤੇਰੇ ਦਰ 'ਤੇ ਭਿਖਾਰੀ ਬਣੇ ਖਲੋਤੇ ਹੋਣਗੇ, ਪਰ ਸਾਰਾ ਕੁਝ ਤਦ ਹੀ ਸੰਭਵ ਹੈ ਜੇਕਰ ਆਪਾਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਪਕੜ ਕੇ ਗੁਰਮਤਿ ਮਾਰਗ 'ਤੇ ਚਲ ਪਈਏ।

ਅਖ਼ੀਰ ਵਿੱਚ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ, ਅਕਾਲ ਪੁਰਖ ਅੰਤਰਜਾਮੀ ਪਿਤਾ ਜੀ ਦਾ ਅਥਾਹ ਸ਼ੁਕਰਗੁਜ਼ਾਰ ਹਾਂ ਜਿਹਨਾਂ ਦੀ ਕਿਰਪਾ ਦਾ ਕੋਈ ਅਥਾਹ ਹੀ ਨਹੀਂ। ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਅਤੇ ਸਮੂੰਹ ਸੰਗਤਾਂ ਤੇ ਪ੍ਰਬੰਧਕਾਂ ਦਾ ਧੰਨਵਾਦ। ਸ. ਕੰਵਲਜੀਤ ਸਿੰਘ ਜਲੰਧਰ ਵਾਲੇ, ਪ੍ਰਸਿੱਧ ਕਥਾਵਾਚਕ ਗਿ. ਕੁਲਵੰਤ ਸਿੰਘ ਚੰਡੀਗੜ੍ਹ ਵਾਲੇ, ਜਿਹਨਾਂ ਨੇ ਕਿਰਪਾ ਕਰਕੇ ਸੁਧਾਈ ਕੀਤੀ। ਚਤਰ ਸਿੰਘ ਜੀਵਨ ਸਿੰਘ ਜੀ, ਜਿਹਨਾਂ ਕਿਤਾਬ ਰੂਪ ਦਿੱਤਾ, ਹੋਰ ਸਾਰੇ ਸਹਿਯੋਗੀਆਂ ਦਾ ਧੰਨਵਾਦ ਕਰਦਾ ਹਾਂ। ਖ਼ਾਸ ਤੌਰ 'ਤੇ ਧੰਨਵਾਦ ਦੇ ਹੱਕਦਾਰ ਹਨ ਕੈਨੇਡਾ B.C. ਨਿਵਾਸੀ ਗੁਰਮੁੱਖ ਪਿਆਰੇ ਬਾਬਾ ਹਰੀ ਸਿੰਘ ਜੀ, ਜਿਹੜੇ ਗੁਰੂ ਕੀ ਲਾਡਲੀ ਫ਼ੌਜ ਦੀ ਮੂੰਹ ਬੋਲਦੀ ਤਸਵੀਰ ਹਨ।

ਬੇਅੰਤ ਭੁੱਲਾਂ ਦੀ ਖਿਮਾ ਮੰਗਦਾ ਹੋਇਆ, ਸੁਝਾਵਾਂ ਦੀ ਇੰਤਜ਼ਾਰ ਵਿੱਚ ਬੈਠਾ,

ਗੁਰੂ ਕਾ ਦਾਸ!

—ਅਮਰੀਕ ਸਿੰਘ

ਜੀਵਨ-ਝਲਕ

ਸੰਸਾਰ ਅੰਦਰ ਜੀਵਨ ਦੇ ਚਾਰ ਪ੍ਰਮੁੱਖ ਪੱਖ ਹਨ—ਪਹਿਲਾ ਸਮਾਜਿਕ; ਦੂਜਾ ਆਰਥਿਕ; ਤੀਜਾ ਰਾਜਨੀਤਕ; ਚੌਥਾ ਧਾਰਮਿਕ। ਇਹਨਾਂ ਚਾਰਾਂ ਪੱਖਾਂ ਵਿੱਚੋਂ ਜਿਹੜਾ ਕਿਸੇ ਇੱਕ ਪੱਖ ਕਰਕੇ ਵੀ ਆਪਣੇ ਆਪ ਨੂੰ ਆਮ ਪਰੰਪਰਾਵਾਂ ਤੋਂ ਉੱਚਾ ਚੁੱਕ ਲੈਂਦਾ ਹੈ, ਅਜਿਹੇ ਲੋਕਾਂ ਨੂੰ ਇਤਿਹਾਸ ਫਿਰ ਆਪਣੀ ਬੁੱਕਲ ਵਿੱਚ ਥਾਂ ਦਿੰਦਾ ਹੈ। ਭਗਤ ਰਵਿਦਾਸ ਜੀ ਦਾ ਜੀਵਨ ਧਾਰਮਿਕ ਪੱਖ ਤੋਂ ਇੰਨੀ ਉੱਚੀ ਬੁਲੰਦੀ ਨੂੰ ਛੂਹ ਗਿਆ ਕਿ ਰੱਬ ਨੂੰ ਵੀ ਪ੍ਰੇਮ ਬੰਧਨ ਵਿੱਚ ਬੰਨ੍ਹ ਲਿਆ। ਸਾਚੀ ਪ੍ਰੀਤ ਨੇ ਸਾਰੇ ਭੇਦ ਭਾਵ ਮਿਟਾ ਕੇ ਉਹਨਾਂ ਦੀ ਰਸਨਾ ਤੋਂ ਉਚਾਰੇ ਚਾਲ੍ਹੀ ਸ਼ਬਦ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਸ਼ਾਮਿਲ ਹੋ ਕੇ **ਬਾਣੀ ਗੁਰੂ ਗੁਰੂ ਹੈ ਬਾਣੀ** ਦਾ ਦਰਜਾ ਪ੍ਰਾਪਤ ਕਰ ਗਏ ਹਨ।

ਇਤਿਹਾਸਕ ਪੱਖੋਂ ਭਾਵੇਂ ਬਹੁਤੀ ਸਾਮੱਗਰੀ ਉਪਲੱਬਧ ਨਹੀਂ, ਪਰ ਫਿਰ ਵੀ ਕੁਝ ਕੁ ਇਤਿਹਾਸਕ ਅੱਖਰਾਂ ਵਿੱਚੋਂ ਅਤੇ ਉਹਨਾਂ ਦੇ ਆਪਣੇ ਉਚਾਰੇ ਅੰਮ੍ਰਿਤ ਬੋਲਾਂ ਵਿੱਚੋਂ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਅਨੁਸਾਰ ਆਪ ਜੀ ਦਾ ਪ੍ਰਕਾਸ਼ ਅਸਥਾਨ ਬਨਾਰਸ ਦਾ ਇਲਾਕਾ ਹੈ। ਕਾਰੋਬਾਰ ਚਮੜੇ ਦਾ ਹੋਣ ਕਰਕੇ ਜਾਤੀ ਚਮਾਰ ਸੀ। ਅਕਸਰ ਰੱਬੀ ਰੂਹਾਂ ਵਾਂਗ ਇਹਨਾਂ ਨੇ ਵੀ ਗ਼ਰੀਬੀ ਦੇ ਪੰਘੂੜੇ ਵਿੱਚ ਹੀ ਰੱਬੀ ਮੌਜ ਨੂੰ ਮਾਣਿਆ। ਸਮੇਂ ਦੇ ਅਖੌਤੀ ਧਰਮੀਆਂ ਨੇ ਧਰਮ ਨੂੰ ਆਪਣੀ ਹੀ ਵਿਰਾਸਤ ਸਮਝਣ ਕਰਕੇ ਬਹੁਤ ਹੀ ਵਿਰੋਧਤਾ ਕੀਤੀ। ਜਾਤੀ ਹੰਕਾਰੀ ਵੀ ਆਪ ਜੀ ਦੀ ਹੋਂਦ ਨੂੰ ਖ਼ਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਰਹੇ, ਪਰ ਜਿਹਨਾਂ ਦੀਆਂ ਪ੍ਰੀਤਾਂ ਹੀ **ਨੀਚਹੁ ਊਚ ਕਰੈ ਮੇਰਾ ਗੋਬਿੰਦ** ਨਾਲ ਪੈ ਗਈਆਂ ਹੋਣ, ਫਿਰ ਉਹਨਾਂ ਦੀ ਪ੍ਰਤਿਭਾ ਨੂੰ ਮਿਟਾਉਣ ਵਾਲੇ ਤਾਂ ਮਿੱਟ ਜਾਂਦੇ ਹਨ, ਪਰ ਉਹ ਸਦਾ ਲਈ ਅਮਿੱਟ ਹੋ ਜਾਂਦੇ ਹਨ।

ਮਾਤਾ ਪਿਤਾ ਨੇ ਆਪਣੇ ਫ਼ਰਜ਼ਾਂ ਦੀ ਪੂਰਤੀ ਕਰਦਿਆਂ ਆਪ ਜੀ ਦੀ ਸ਼ਾਦੀ ਕਰ ਦਿੱਤੀ। ਇਸ ਜ਼ਿਮੇਵਾਰੀ ਦਾ ਭਾਰ ਵੀ ਆਪ ਜੀ ਨੇ ਉਠਾ ਕੇ ਆਪਣੇ ਸੁਨਹਿਰੀ ਸਿਧਾਂਤਾਂ ਵਿੱਚ ਕੋਈ ਤਬਦੀਲੀ ਨਾ ਕੀਤੀ। ਮਾਇਆ ਦੀ ਦੁਨੀਆਂ ਨੇ ਕਈ ਕੌਤਕ ਦਰਸਾਏ, ਪਰ ਆਖ਼ਿਰ ਦਾਸੀ ਬਣਕੇ ਹੀ ਰਹਿਣਾ ਪਿਆ ਭਾਵ ਮਾਇਆ ਵੀ ਕੁਝ ਨਾ ਕਰ ਸਕੀ।

ਜਿਥੇ ਹੰਕਾਰੀ, ਕੱਟੜ ਲੋਕ ਆਪ ਜੀ ਦੀ ਵਿਰੋਧਤਾ ਵਿੱਚ ਹੀ ਲੱਗੇ ਰਹੇ ਅਤੇ ਨੇੜੇ ਰਹਿ ਕੇ ਵੀ ਖ਼ਾਲੀ ਰਹਿ ਗਏ, ਉਥੇ ਦੂਜੇ ਪਾਸੇ ਦੂਰੋਂ ਦੂਰੋਂ ਰਾਜੇ ਰਾਣੀਆਂ ਵੀ ਆਪ ਜੀ ਦੇ ਦਰ ਤੋਂ ਸੱਚੀ ਸਿੱਖਿਆ ਪ੍ਰਾਪਤ ਕਰਕੇ ਆਪ ਜੀ ਦੇ ਸੇਵਕ ਬਣ ਕੇ ਜੀਵਨ ਦੀਆਂ ਸਿਖਰਾਂ ਨੂੰ ਛੂਹ ਗਏ। ਇਹਨਾਂ ਵਿੱਚੋਂ ਰਾਣਾ ਸਾਂਗਾ ਦੀ ਪਤਨੀ, ਜੋ ਚਿਤੌੜ ਦੇ ਇਲਾਕੇ ਦਾ ਮੁਖੀਆ ਹੈ, ਕੁਝ ਪੰਡਿਤਾਂ ਨਾਲ ਤੀਰਥ ਯਾਤਰਾ ਕਰਦੀ ਹੋਈ ਜਦੋਂ ਨਿਰਾਸਤਾ ਵਿਚ ਹੀ ਭਟਕ ਰਹੀ ਸੀ ਤਾਂ ਉਸ ਦੀ ਤਸੱਲੀ ਰਵਿਦਾਸ ਜੀ ਮਹਾਰਾਜ ਕੋਲ ਆ ਕੇ ਹੋ ਗਈ। ਗੁਰੂ ਧਾਰਨ ਕਰਕੇ ਜਦੋਂ ਵਾਪਸ ਮੁੜੀ ਤਾਂ ਜਿਹੜੇ ਲੋਕ ਤੀਰਥਾਂ ਦੀ ਯਾਤਰਾ ਦੇ ਨਾਂ 'ਤੇ ਮਨੁੱਖਤਾ ਨੂੰ ਲੁੱਟ ਰਹੇ ਸਨ, ਉਹ ਕਿਵੇਂ ਬਰਦਾਸ਼ਤ ਕਰਦੇ। ਉਹਨਾਂ ਦੀ ਸ਼ਿਕਾਇਤ 'ਤੇ ਜਦੋਂ ਦੋਨਾਂ ਧਿਰਾਂ ਨੂੰ ਬੁਲਾ ਕੇ ਸੱਚ ਦਾ ਨਿਤਾਰਾ ਕੀਤਾ ਤਾਂ ਰਾਣੀ ਦੇ ਗੁਰੂ ਦਾ ਦਰਸਾਇਆ ਸੱਚ ਕੂੜ ਦੇ ਪਾਜ ਖੋਲ੍ਹਦਾ ਹੋਇਆ ਜਿੱਤ ਪ੍ਰਾਪਤ ਕਰ ਗਿਆ :

ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ
ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥ *(ਪੰਨਾ ੧੨੯੩)*

16 ਰਾਗਾਂ ਵਿੱਚ ਆਏ ਇਹਨਾਂ ਦੇ ਚਾਲ੍ਹੀ ਸ਼ਬਦਾਂ ਵਿੱਚੋਂ ਜਿਹੜੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਆਪ ਜੀ ਇੱਕ ਨਿਰਗੁਣ ਭਗਤੀ ਭਾਵ ਦੇ ਰਾਹ ਨੂੰ ਅਪਣਾ ਕੇ ਸੱਚੀ ਪ੍ਰੀਤ ਦਾ ਸਦਕਾ ਹਰੇਕ ਫ਼ਰਕ ਮਿਟਾ ਕੇ ਪਰਮੇਸ਼ਰ ਰੂਪ ਹਨ। ਅਨੇਕਾਂ ਭੁੱਲੇ-ਭਟਕਿਆਂ ਨੂੰ ਸਗੋਂ ਵਕਤੀ ਰਮਜ਼ਾਂ ਨਾਲ ਸਮਝਾਉਂਦੇ ਰਹੇ ਕਿ ਗੰਗਾ ਆਦਿਕ ਦੇ ਇਸ਼ਨਾਨ, ਠਾਕੁਰਾਂ ਦੀ ਪੂਜਾ ਦਾ ਪਾਖੰਡ, ਝੂਠੀਆਂ ਆਰਤੀਆਂ ਦੇ ਢਕੌਂਸਲੇ ਇਹ ਸਭ ਕੁਝ ਰੱਬ ਤੋਂ ਦੂਰ ਤਾਂ ਕਰ ਸਕਦਾ ਹੈ, ਪਰ ਨੇੜਤਾ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸੰਸਾਰਿਕ ਵਿੱਦਿਆ ਪ੍ਰਾਪਤੀ ਦਾ ਸੰਕੇਤ ਭਾਵੇਂ ਕਿਧਰੋਂ ਵੀ ਪ੍ਰਾਪਤ ਨਹੀਂ ਹੁੰਦਾ, ਪਰ ਫਿਰ ਵੀ ਆਪ ਜੀ ਵੱਲੋਂ ਉਚਾਰੇ ਅੰਮ੍ਰਿਤ ਬਚਨਾਂ ਵਿੱਚ ਪੁਰਾਤਨ ਹਵਾਲੇ ਭਰਪੂਰ ਹਨ। ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤ-ਮਈ ਬਚਨਾਂ ਵਿੱਚ ਪੰਡਿਤਾਈ ਵਾਲੀਆਂ ਗੁੰਝਲਾਂ ਦੀ ਥਾਂ ਸਾਦਗੀ ਭਰਪੂਰ ਹੈ, ਪਰ ਹਰ ਬਚਨ ਪਾਰਬ੍ਰਹਮ ਦੇ ਰਹੱਸ ਦਾ ਭੇਦ ਖੋਲ੍ਹ ਕੇ ਆਤਮਾ ਨੂੰ ਪ੍ਰਮਾਤਮਾ ਦੇ ਮਿਲਾਪ ਲਈ ਚਾਅ ਪੈਦਾ ਕਰਦਾ ਹੈ।

ਕਬੀਰ ਸਾਹਿਬ ਜੀ ਦੇ ਸਲੋਕ ਬਾਣੀ ਵਿੱਚ ਅੰਕਿਤ ਹਨ। ਕਬੀਰ ਸਾਹਿਬ ਜੀ ਦੀ ਬਾਣੀ ਵਿੱਚ ਇੱਕ ਅਦਭੁੱਤ ਗੱਲ ਹੈ ਕਿ ਕਬੀਰ ਸਾਹਿਬ ਨੇ 212 ਅਤੇ 213 ਨੰਬਰ ਸਲੋਕਾਂ ਵਿੱਚ ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਵਾਰਤਾ ਦਾ ਜ਼ਿਕਰ ਕੀਤਾ ਹੈ, ਜਦ ਕਿ ਭਗਤ ਨਾਮਦੇਵ ਜੀ ਅਤੇ

ਤ੍ਰਿਲੋਚਨ ਜੀ ਦੀ ਆਪਣੀ ਬਾਣੀ ਵੀ ਸ਼ਾਮਿਲ ਹੈ, ਪਰ "**ਨਾਮਾ ਮਾਇਆ ਮੋਹਿਆ**" ਵਾਲੇ ਤੇ "**ਹਾਥ ਪਾਉ ਕਰਿ ਕਾਮੁ ਸਭੁ**" (ਪੰਨਾ ੧੩੭੬) ਵਾਲੇ ਦੋ ਸਲੋਕ ਭਗਤ ਕਬੀਰ ਸਾਹਿਬ ਦੀ ਰਚਨਾ ਹਨ, ਪਰ ਇਸ ਵਿੱਚ ਵਾਰਤਾ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਹੈ। ਇਸੇ ਤਰ੍ਹਾਂ 242 ਨੰਬਰ ਸਲੋਕ ਭਾਵ ਸਮਾਪਤੀ ਦੇ ਇਕ ਸਲੋਕ ਤੋਂ ਪਹਿਲਾਂ ਜੋ ਸਲੋਕ ਦਰਜ ਹੈ, ਉਹ ਹੈ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥

(ਪੰਨਾ ੧੩੭੭)

ਇਹ ਸਲੋਕ ਰਵਿਦਾਸ ਜੀ ਮਹਾਰਾਜ ਦਾ ਨਹੀਂ ਬਲਕਿ ਯਾਦ ਰੱਖਣਯੋਗ ਗੱਲ ਹੈ ਕਿ ਇਹ ਸਲੋਕ ਭਗਤ ਕਬੀਰ ਸਾਹਿਬ ਜੀ ਦਾ ਹੈ ਪਰ ਵੀਚਾਰ ਰਵਿਦਾਸ ਮਹਾਰਾਜ ਜੀ ਦਾ ਪ੍ਰਗਟ ਕਰ ਰਹੇ ਹਨ।

ਵਿਦਵਾਨਾਂ ਦੀ ਬਹੁਮਤਿ ਅਨੁਸਾਰ ਜਨਮ 1376 ਈ: ਦਾ ਹੈ ਅਤੇ 1491 ਈ: ਵਿੱਚ ਜੋਤੀ ਜੋਤਿ ਸਮਾਉਣ ਕਰਕੇ ਸਰੀਰਕ ਜੀਵਨ ਯਾਤਰਾ ਦਾ ਕੁਲ ਸਮਾਂ ਲਗਪਗ 115 ਸਾਲ ਦੇ ਨੇੜੇ ਜਾ ਪਹੁੰਚਦਾ ਹੈ। ਇਹ ਸਰੀਰਕ ਜਾਮੇ ਦੀ ਗੱਲ ਹੈ, ਪਰ 1604 ਈ: ਨੂੰ ਆਪ ਜੀ ਦੇ ਇਹਨਾਂ 40 ਸ਼ਬਦਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਕਰਕੇ ਸਦੀਵ ਕਾਲ ਲਈ ਅਮਰ ਕਰ ਦਿੱਤਾ। ਹੁਣ ਇਹਨਾਂ ਬਚਨਾਂ ਦਾ ਪ੍ਰਕਾਸ਼ ਦਿਵਸ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤਾਂ ਮਨਾਇਆ ਜਾਂਦਾ ਹੈ, ਪਰ ਕਦੇ ਅੰਤਿਮ ਦਿਨ ਨਹੀਂ ਮਨਾਇਆ ਜਾਂਦਾ।

ਬਾਣੀ ਭਗਤ ਰਵਿਦਾਸ ਜੀ ਕੀ
ਸਿਰੀਰਾਗੁ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

(ਪੰਨਾ ੯੩)

ਤੋਹੀ ਮੋਹੀ—ਤੇਰੇ ਵਿੱਚ ਅਤੇ ਮੇਰੇ ਵਿੱਚ। ਅੰਤਰੁ—ਭੇਦ। ਕਟਿਕ—ਕੜਾ। ਤਰੰਗ—ਲਹਿਰ। ਪਤਿਤ ਪਾਵਨ—ਡਿੱਗਿਆਂ ਹੋਇਆਂ (ਪਾਪੀਆਂ) ਨੂੰ ਪਵਿੱਤਰ ਕਰਨ ਵਾਲਾ। ਨਾਇਕ—ਸਰਦਾਰ, ਆਗੂ। ਆਛਹੁ—ਹੋ। ਸਮ ਦਲੁ—ਦਲੁ (ਸਮੂੰਹ) ਵਿੱਚ ਇੱਕੋ ਜੇਹਾ, ਅਨੇਕਤਾ ਵਿੱਚ ਏਕਤਾ।

ਜਗਤ ਗੁਰ ਸੁਆਮੀ

(ਗੁਰਮਤਿ ਲੇਖ)



ਗਿਆਨੀ ਅਮਰੀਕ ਸਿੰਘ

ਚੰਡੀਗੜ੍ਹ ਵਾਲੇ

ਪਤਿਤ ਪਾਵਨ ਨਾਮੁ ਕੈਸੇ ਹੁੰਤਾ

ਇੱਕ ਲੰਮੀ ਜੂਨਾਂ ਦੀ ਭਟਕਣਾ, ਦੂਜਾ ਕੁਦਰਤਿ ਦਾ ਸੁਹੱਪਣ, ਤੀਜਾ ਮਾਇਆ ਦੀ ਮੋਹ ਮਮਤਾ, ਚੌਥਾ ਮਾਖਿਓ ਵਰਗਾ ਕੂੜ, ਇਹਨਾਂ ਸਾਰੀਆਂ ਚੀਜ਼ਾਂ ਨੇ ਰਲ ਕੇ ਨਾਮ ਦੇ ਵਣਜਾਰੇ ਨੂੰ ਐਸਾ ਆਪਣੇ ਮਗਰ ਲਾ ਕੇ ਤੋਰਿਆ ਕਿ ਪਤਾ ਵੀ ਨਹੀਂ ਲੱਗਾ ਕਿ ਇਹ ਰਸਤਾ ਤਾਂ ਮੇਰੇ ਪ੍ਰੀਤਮ ਦੇ ਦੇਸ਼ ਨੂੰ ਜਾਣ ਦੀ ਬਜਾਇ ਪਾਪਾਂ ਦੀ ਹੀ ਉਸ ਦੁਨੀਆਂ ਵੱਲ ਜਾਂਦਾ ਹੈ, ਜਿਥੋਂ ਮੈਂ ਅਨੇਕਾਂ ਜੂਨੀਆਂ ਵਿੱਚੋਂ ਭਟਕ ਕੇ ਰੱਬੀ ਕਿਰਪਾ ਦਾ ਸਦਕਾ ਨਿਕਲ ਕੇ ਆਇਆ ਸੀ।

ਜਦੋਂ ਕੋਈ ਕੰਮ ਥੋੜ੍ਹਾ ਸਮਾਂ ਕੀਤਾ ਜਾਵੇ, ਜਾਂ ਆਰੰਭਤਾ ਹੀ ਅਜਿਹੇ ਕੰਮ ਤੋਂ ਹੋ ਜਾਵੇ ਤਾਂ ਫਿਰ ਪਿੱਛੇ ਮੁੜਨਾ ਵੀ ਔਖਾ ਹੋ ਜਾਂਦਾ ਹੈ। ਕਰਮ ਅਨੁਸਾਰ ਹੀ ਸੁਭਾਅ ਬਣਾ ਜਾਂਦਾ ਹੈ। ਹੁਣ ਇਹ ਜਾਣਦਾ ਤਾਂ ਹੈ ਕਿ ਇਹ ਰਸਤਾ ਗ਼ਲਤ ਹੈ, ਪਰ ਸਮਝ ਕੇ ਵੀ ਮੁੜਦਾ ਨਹੀਂ। ਹੁਣ ਇਸ ਨੂੰ ਪਾਪ ਵੀ ਬੁਰਾ ਨਹੀਂ ਸਗੋਂ ਪਿਆਰਾ ਲੱਗਣ ਲੱਗ ਪੈਂਦਾ ਹੈ। ਜਿਸ ਕਰਕੇ :

ਪਾਪੁ ਬੁਰਾ ਪਾਪੀ ਕਉ ਪਿਆਰਾ ॥
ਪਾਪਿ ਲਦੇ ਪਾਪੇ ਪਾਸਾਰਾ ॥ *(ਪੰਨਾ ੯੩੫)*

ਹੁਣ ਅਜਿਹੀ ਅਵਸਥਾ ਬਣ ਗਈ ਕਿ ਦਿਨ ਰਾਤ ਪਾਪ ਹੀ ਪਾਪ ਕਮਾਉਣ ਵਿੱਚ ਲੱਗ ਗਿਆ। ਜ਼ਿੰਦਗੀ ਦੀਆਂ ਤਮਾਮ ਚੰਗਿਆਈਆਂ ਨੇ ਇਸ ਤੋਂ ਕਿਨਾਰਾ ਕਰ ਲਿਆ। ਅਜਿਹੇ ਮਨਮੁੱਖ ਬੰਦੇ ਨੂੰ ਇਹ ਵੀ ਸੂਝ-ਬੂਝ ਨਹੀਂ ਰਹਿੰਦੀ ਕਿ ਪ੍ਰਮੇਸ਼ਰ ਵਾਹਿਗੁਰੂ ਜੀ ਮੇਰੇ ਹਰ ਕਰਮ ਨੂੰ ਵੇਖਦਾ ਸੁਣਦਾ ਹੈ :

ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥
ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥ *(ਪੰਨਾ ੩੬)*

ਇਸ ਰਾਹ 'ਤੇ ਤੁਰਦਿਆਂ ਜਿਹੜੇ ਸਾਥੀ ਮਿਲੇ ਜਾਂ ਸਬੱਬ ਬਣੇ, ਉਹਨਾਂ ਨੇ ਸਗੋਂ ਹੋਰ ਪਾਪਾਂ ਦੀ ਦੁਨੀਆਂ ਵਿੱਚ ਧਕੇਲ ਦਿੱਤਾ। ਸਤਿਗੁਰੂ ਜੀ ਦਾ ਬਚਨ ਹੈ ਕਿ ਸਾਰੇ ਪਾਪ ਇਸ ਨੇ ਆਪਣੇ ਲਈ ਹੀ ਨਹੀਂ ਕੀਤੇ, ਬਹੁਤੇ ਤਾਂ

ਉਹ ਹਨ ਜਿਹੜੇ ਦੂਜਿਆਂ ਲਈ ਕੀਤੇ ਹਨ, ਪਰ ਭੁਗਤਣੇ ਇਕੱਲੇ ਨੂੰ ਹੀ ਪੈਣਗੇ। ਭੁਗਤਣ ਵੇਲੇ ਕੋਈ ਸਹਾਈ ਨਹੀਂ ਹੁੰਦਾ। ਜ਼ਿੰਦਗੀ ਵਿੱਚ ਬਹੁਤ ਨੇੜਤਾ ਰੱਖਣ ਵਾਲੇ ਦੋ ਰਿਸ਼ਤੇ ਹਨ—ਇੱਕ ਪਤਨੀ; ਦੂਜਾ ਮਿੱਤਰ ਸੱਜਣ। ਪਤਨੀ ਦੀ ਹਰ ਵਕਤ ਖ਼ਾਹਿਸ਼ ਸੋਨੇ ਚਾਂਦੀ ਦੇ ਗਹਿਣਿਆਂ ਦੀ ਹੈ। ਕੋਈ ਸੁਭਾਗਾ ਪਤੀ ਹੋਵੇਗਾ ਜਿਸ ਦੀ ਪਤਨੀ ਦੀ ਖ਼ਾਹਿਸ਼ ਸਿਰਫ਼ ਗੁਜ਼ਰਾਨ ਹੋਵੇ ਨਹੀਂ ਤਾਂ ਆਮ ਕਰਕੇ ਇਹਨਾਂ ਗਹਿਣਿਆਂ ਤੋਂ ਹੀ ਮਿਲਾਪ ਸ਼ੁਰੂ ਹੁੰਦਾ ਹੈ ਭਾਵ ਮੰਗਣੀ ਆਦਿ 'ਤੇ ਗਹਿਣਿਆਂ ਨਾਲ ਹੀ ਜ਼ਿੰਦਗੀ ਗੁਜ਼ਰ ਜਾਂਦੀ ਹੈ। ਦੂਜਾ ਮਿੱਤਰ ਦੋਸਤ ਜਦੋਂ ਵੀ ਇਕੱਠੇ ਹੋਵਣਗੇ, ਉਹ ਮੌਜ ਮਸਤੀ ਦੀ ਹੀ ਗੱਲ ਕਰਨਗੇ, ਇਹਨਾਂ ਕਰਕੇ ਜੀਵ ਹੋਰ ਪਾਪ ਕਰਦਾ ਹੈ। ਦੋਨਾਂ ਦੀ ਖ਼ੁਸ਼ੀ ਖ਼ਾਤਰ ਕੁਰਾਹੇ ਪਿਆ ਹੈ:

ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥

(ਪੰਨਾ ੧੫੫)

ਜਾਂ ਫਿਰ ਜਿਹੜੇ ਪਾਪ ਆਪਣੇ ਆਪ ਲਈ ਕੀਤੇ, ਉਹ ਪੰਜਾਂ ਵਿਕਾਰਾਂ ਦੀ ਅਧੀਨਗੀ ਨੇ ਕਰਵਾਏ:

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥ (ਪੰਨਾ ੧੩੪੮)

ਗ਼ਰੀਬ ਨਿਵਾਜ ਪੰਚਮ ਗੁਰਦੇਵ ਜੀ ਦਾ ਪਾਵਨ ਬਚਨ ਹੈ ਕਿ ਹੇ ਗਿਆਨ ਤੋਂ ਸੱਖਣੇ ਅੰਨ੍ਹੇ ਮਨੁੱਖ! ਜਿਸ ਮਾਇਆ ਦੀ ਖ਼ਾਤਰ ਇਤਨੇ ਪਾਪ ਕਮਾਉਂਦਾ ਹੈਂ, ਇਹ ਅਸਲ ਵਿੱਚ ਅਖ਼ੀਰ ਵਿੱਚ ਧੋਖਾ ਦੇਣ ਵਾਲੀ ਵਸਤੂ ਹੀ ਹੈ। ਜਿਸਨੇ ਆਖ਼ਿਰ ਸਾਥ ਦੇਣਾ ਹੈ ਉਹ ਵਸਤੂ ਸਾਰੀ ਜ਼ਿੰਦਗੀ ਕੋਲ ਹੀ ਰਹੀ, ਪਰ ਪ੍ਰਾਪਤ ਨਹੀਂ ਕਰ ਸਕਿਆ। ਜਿਸਨੇ ਆਖ਼ਿਰ ਛੱਡ ਜਾਣਾ ਹੈ, ਉਸਨੂੰ ਮਿੱਤਰ ਬਣਾਇਆ ਹੋਇਆ ਹੈ। ਜੋ ਅਸਲ ਵਿੱਚ ਮਿੱਤਰ ਸਦਾ ਸੰਗ ਸਾਥ ਨਿਭਣ ਵਾਲਾ ਹੈ, ਉਸਨੂੰ ਵੈਰੀ ਸਮਝਦਾ ਹੈ। ਪਾਵਨ ਬਚਨ ਹਨ:

ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥
ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥੩॥

(ਪੰਨਾ ੪੦੩)

ਧੰਨ ਧੰਨ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਮਨੁੱਖੀ ਜ਼ਿੰਦਗੀ ਦਾ ਨਕਸ਼ਾ ਜੈਤਸਰੀ ਰਾਗ ਦੇ ਇੱਕ ਅੰਮ੍ਰਿਤ ਬਚਨ ਦੁਆਰਾ ਹੀ

ਸੁੰਦਰ ਢੰਗ ਨਾਲ ਉਲੀਕ ਕੇ ਮਨੁੱਖ ਦੇ ਦਰ 'ਤੇ ਮਾਨੋਂ ਸੁਚੇਤ ਕਰਨ ਲਈ ਦਸਤਕ ਦਿੱਤੀ ਹੈ। ਸਾਹਿਬ ਜੀ ਆਖਦੇ ਹਨ ਕਿ ਇਹ ਮੁਸਾਫ਼ਰ ਹਕੀਕਤ ਨੂੰ ਨਾ ਸਮਝਣ ਕਰਕੇ ਕਿਵੇਂ ਆਪਣੀ ਜ਼ਿੰਦਗੀ ਨੂੰ ਹੰਕਾਰ, ਮਾਇਆ, ਵਿਕਾਰ ਅਤੇ ਸੰਸਾਰੀ ਰਿਸ਼ਤਿਆਂ ਵਿੱਚ ਹੀ ਉਲਝ ਕੇ ਪਾਪਾਂ ਦੀ ਭੱਠੀ ਵਿੱਚ ਸਾੜ ਕੇ ਸੁਆਹ ਕਰ ਬੈਠਦਾ ਹੈ। ਜਦੋਂ ਦਿਨ ਵੀ ਮੁੱਕ ਜਾਂਦੇ ਹਨ, ਫਿਰ ਬਹੁਤ ਪਛਤਾਉਂਦਾ ਹੈ, ਜਮਾਂ ਦੇ ਵੱਸ ਪਿਆ ਵਾਰ-ਵਾਰ ਚੇਤਾ ਕਰਦਾ ਹੈ ਕਿ ਮੈਂ ਨਾਮ ਧਨ ਕਿਉਂ ਨਹੀਂ ਖੱਟਿਆ। ਪਾਵਨ ਪਵਿੱਤਰ ਅੰਮ੍ਰਿਤ ਬਚਨ ਹੈ:

ਪਾਧਾਣੂ ਸੰਸਾਰੁ ਗਾਰਬਿ ਅਟਿਆ ॥
ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥
ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥
ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥
ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥
ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥੧॥

(ਪੰਨਾ ੭੦੫)

ਸੋਚ ਵਿਚਾਰ ਵਿੱਚ ਇੱਕ ਗੱਲ ਘਰ ਕਰ ਗਈ ਕਿ ਜਿਵੇਂ ਕਿਵੇਂ ਹੋਵੇ ਮੈਂ ਪਾਪਾਂ ਦੀ ਦੁਨੀਆਂ ਤੋਂ ਨਜਾਤ ਹਾਸਿਲ ਕਰਕੇ ਆਪਣੀ ਹਯਾਤ ਨੂੰ ਪਵਿੱਤਰ ਕਰਨਾ ਹੈ। ਜੋ ਸਾਹਮਣੇ ਸੀ ਉਸਦਾ ਆਸਰਾ ਤੱਕਿਆ, ਭਾਵ ਧਰਮੀ ਕਹਾਉਣ ਵਾਲੇ ਲੋਕਾਂ ਕੋਲ ਗਿਆ। ਭਾਈ ਵੀਰ ਸਿੰਘ ਜੀ ਦਾ ਇੱਕ ਬੜਾ ਪਿਆਰਾ ਬਚਨ ਹੈ ਕਿ ਉਸਨੇ ਸਗੋਂ ਹੋਰ ਡਰਾ ਦਿੱਤਾ, ਪਰ ਨਾਲ ਹੀ ਗੁਰਮੁੱਖਾਂ ਦੀ ਸੰਗਤ ਵਿੱਚੋਂ ਹੌਸਲਾ ਵੀ ਹੋ ਗਿਆ ਕਿ ਉਹ ਰੱਬ ਪਾਪੀਆਂ ਨੂੰ ਵੀ ਬਖ਼ਸ਼ ਲੈਂਦਾ ਹੈ:

ਤੂੰ ਪਾਪੀ ਤੂੰ ਪਾਪੀ ਕਹਿ ਕਹਿ ਪੰਡਿਤ ਜਿੰਦ ਸੁਕਾਈ।
ਬਖ਼ਸ਼ਣ ਵਾਲਾ ਮਿਤੋਂ ਬਾਹਰ ਅਸੀਂ ਮਿਤ ਵਿੱਚ ਭਾਈ।
ਮਿਤ ਵਾਲੇ ਦੇ ਕਰਮ ਅਮਿਤੇ ਕਦੇ ਨਹੀਂ ਹੋ ਸਕਦੇ,
ਬਖ਼ਸ਼ ਅਮਿਤੇ ਦੀ ਜਿੱਤ ਪਾਊ ਮਿਤ ਦੇ ਕਰਮ ਉਡਾਈ।

(ਲਹਿਰਾਂ ਦੇ ਹਾਰ)

ਪ੍ਰਭੂ ਮਿਲਾਪ ਦਾ ਮਾਰਗ ਨਿਰਾਸ਼ਾਵਾਦੀ ਨਹੀਂ, ਇਹ ਤਾਂ ਬਲਕਿ ਸਭੇ ਇੱਛਾ ਪੂਰੀਆਂ ਜਾਂ ਫਿਰ ਸਗਲ ਮਨੋਰਥ ਹੋ ਜਾਣ ਦਾ ਪਿਆਰਾ ਅਤੇ ਖ਼ੁਸ਼ੀਆਂ ਭਰਿਆ ਮਾਰਗ ਹੈ। ਜਦੋਂ ਵੀ ਕਿਸੇ ਨੇ ਨਿਰਾਸ਼ਾ ਦੇ ਆਲਮ ਵਿੱਚੋਂ ਉਠਕੇ ਸੱਚੇ ਦੀ ਆਸ ਕਰਕੇ ਉਸਨੂੰ ਦਿਲੋਂ ਪੁਕਾਰਿਆ ਹੈ ਤਾਂ ਉਸਨੂੰ ਹਮੇਸ਼ਾ ਹੀ ਗੁਰੂ ਉਪਦੇਸ਼ ਰੂਪ ਵਿੱਚ ਜਵਾਬ ਜ਼ਰੂਰ ਮਿਲਿਆ ਹੈ। ਇਹ ਵੱਖਰੀ ਗੱਲ ਹੈ ਕਿ

ਬਹੁਤੇ ਲੋਕ ਗੁਰੂ ਉਪਦੇਸ਼ ਰੂਪ ਜਵਾਬ ਸੁਣਕੇ ਵੀ ਤੂਰ ਨਹੀਂ ਪਾਉਂਦੇ ਪਰ ਜਵਾਬ ਮਿਲਦਾ ਜ਼ਰੂਰ ਹੈ। ਜਦੋਂ ਵੀ ਕਿਸੇ ਪਾਪੀ ਨੇ ਪਾਪ ਦੀ ਦੁਨੀਆਂ ਤੋਂ ਤੋਬਾ ਕਰਕੇ ਆਪਣੇ ਪਿਆਰੇ ਨੂੰ ਪੁਕਾਰਿਆ ਹੈ ਤਾਂ ਫਿਰ ਉਸ ਉੱਤੇ ਕਰਤਾ ਪੁਰਖ ਨੇ ਤਰਸ ਕਰਕੇ, ਮਿਹਰਾਮਤਿ ਕਰਕੇ ਸਤਿਗੁਰੂ ਸੱਜਣ ਦਾ ਮਿਲਾਪ ਬਖ਼ਸ਼ਿਆ ਹੈ:

ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ ॥
ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥ (ਪੰਨਾ ੫੨੧)

ਸਤਿਗੁਰੂ ਸੱਜਣ ਨੇ ਉਹ ਕੰਮ ਕੀਤਾ ਜਿਹੜਾ ਸਭ ਤੋਂ ਔਖਾ ਹੈ। ਇਥੇ ਦੋ ਸ਼ਬਦਾਂ ਨੂੰ ਵੀਚਾਰ ਵਿੱਚ ਰੱਖਣਾ, ਇੱਕ ਸ਼ਬਦ ਹੈ ਆਪ, ਦੂਜਾ ਸ਼ਬਦ ਹੈ ਪਾਪ। ਆਪ ਅਤੇ ਪਾਪ ਦਾ ਅਜਿਹਾ ਮਿਲਾਪ ਹੁੰਦਾ ਹੈ, ਜਿਸਨੂੰ ਵੱਖਰੇ ਕਰਨਾ ਬਹੁਤ ਹੀ ਔਖਾ ਕਰਮ ਹੈ। ਜਿਵੇਂ ਕਿਸੇ ਰੋਗੀ ਨੇ ਰੋਗ ਨਾਲ ਹੀ ਜਾਂ ਕਿਸੇ ਕੈਦੀ ਨੇ ਕੈਦ ਨਾਲ ਹੀ ਸਮਝੌਤਾ ਕਰ ਲਿਆ ਹੋਵੇ ਤਾਂ ਉਸਨੂੰ ਦੇਹ ਅਰੋਗਤਾ ਅਤੇ ਮੁਕਤੀ ਦਿਵਾਉਣੀ ਬਹੁਤ ਮੁਸ਼ਕਿਲ ਗੱਲ ਹੈ। ਕੈਦੀ ਨੂੰ ਕੈਦ ਵਿੱਚੋਂ ਮੁਕਤੀ ਦਾ ਰਾਹ ਵਿਖਾਉਣਾ ਪੈਂਦਾ ਹੈ। ਰੋਗੀ ਨੂੰ ਰੋਗ ਨਾਲ ਲੜਨ ਲਈ ਤਿਆਰ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਆਪ ਅਤੇ ਪਾਪ ਨੂੰ ਵੱਖਰਿਆਂ-ਵੱਖਰਿਆਂ ਕਰਕੇ ਪਾਪੀ ਨੂੰ ਪਾਪ ਨਾਲ ਸਮਝੌਤਾ ਬਲਕਿ ਬੁਰਿਆਈਆਂ ਨਾਲ ਲੜਨ ਲਈ ਤਿਆਰ ਕਰਨਾ ਪੈਂਦਾ ਹੈ। ਇਹ ਆਪੇ ਦਾ ਦੀਦਾਰ ਕੇਵਲ ਗੁਰੂ ਜੀ ਹੀ ਕਰਵਾ ਸਕਦੇ ਹਨ। ਇਸ ਤਰ੍ਹਾਂ ਆਪੇ ਦੇ ਦੀਦਾਰ ਕਰਨ ਵਾਲਾ ਬੰਦਗੀ ਦਾ ਸਹਾਰਾ ਲੈਕੇ ਪਾਪਾਂ ਨਾਲ ਲੜ ਕੇ ਜਿੱਤ ਹਾਸਿਲ ਹੀ ਨਹੀਂ ਕਰਦਾ ਬਲਕਿ ਆਪਣੇ ਪਿਆਰੇ ਉੱਤੇ ਮਾਣ ਕਰਕੇ ਕਹਿ ਉਠਦਾ ਹੈ:

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥
ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥੧॥ ਰਹਾਉ ॥
(ਪੰਨਾ ੨੧੭)

ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
(ਪੰਨਾ ੬੨੪)

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
(ਪੰਨਾ ੧੧੦੬)

ਅਜਿਹੀ ਪ੍ਰੇਮ ਭਿੱਜੀ ਰੂਹ, ਅਜਿਹੀ ਮਾਣ ਮੱਤੀ ਰੂਹ, ਫਿਰ ਸੱਚਾ ਮਾਣ ਕਰਕੇ ਹੀ ਤਾਂ ਕਹਿੰਦੀ ਹੈ ਕਿ ਹੇ ਮੇਰੇ ਸਾਈਂ ਜੀਉ:

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥ (ਪੰਨਾ ੯੩)

ਇਥੇ ਇੱਕ ਗੱਲ ਬਹੁਤ ਵੀਚਾਰ ਵਿੱਚ ਰੱਖਣ ਯੋਗ ਹੈ ਕਿ ਇਹ ਅਵਸਥਾ ਇਹਨਾਂ ਦਰਵੇਸ਼ਾਂ ਜਾਂ ਗੁਰੂ ਪੀਰ ਭਗਤਾਂ ਦੀ ਨਹੀਂ ਹੁੰਦੀ, ਇਹ ਅਵਸਥਾ ਤਾਂ ਸਗੋਂ ਸਾਡੇ ਵਰਗੇ ਪਾਪੀਆਂ ਦੀ ਹੁੰਦੀ ਹੈ, ਪਰ ਉਹ ਆਪਣੇ 'ਤੇ ਢੁਕਾ ਕੇ ਸਾਨੂੰ ਸਮਝਾ ਰਹੇ ਹੁੰਦੇ ਹਨ। ਜਿਵੇਂ ਕੋਈ ਗ਼ਰੀਬ ਅਪਰਾਧੀ ਹੋਵੇ, ਉਸ ਕੋਲ ਆਪਣਾ ਪੱਖ ਪੇਸ਼ ਕਰਨ ਵਾਸਤੇ ਕੋਈ ਨਾ ਹੋਵੇ ਤਾਂ ਯਾਦ ਰੱਖਣਾ, ਸਰਕਾਰ ਉਸਨੂੰ ਇੱਕ ਵਕੀਲ ਦਿੰਦੀ ਹੈ। ਵਕੀਲ ਹੁੰਦਾ ਤਾਂ ਭਾਵੇਂ ਸਰਕਾਰੀ ਹੈ ਪਰ ਉਹ ਤਰਫ਼ਦਾਰੀ ਉਸ ਅਪਰਾਧੀ ਦੇ ਬਚਾਅ ਲਈ ਕਰਦਾ ਹੈ। ਇੱਕ ਤਰ੍ਹਾਂ ਉਹ ਵਕੀਲ ਹਰ ਗੱਲ ਆਪਣੇ 'ਤੇ ਢੁਕਾ ਕੇ ਜੱਜ ਨੂੰ ਦਲੀਲਾਂ ਦਿੰਦਾ ਹੈ, ਪਰ ਵਕੀਲ ਅਪਰਾਧੀ ਨਹੀਂ, ਉਹ ਤਾਂ ਸਗੋਂ ਅਪਰਾਧੀ ਦੀ ਨੁਮਾਇੰਦਗੀ ਕਰਦਾ ਹੈ, ਜਿਸ ਨਾਲ ਇੱਕ ਦਿਨ ਉਹ ਅਪਰਾਧੀ ਨੂੰ ਸਜ਼ਾ ਤੋਂ ਬਚਾ ਲੈਂਦਾ ਹੈ। ਇਸੇ ਤਰ੍ਹਾਂ ਇਹਨਾਂ ਬਚਨਾਂ ਦੇ ਕਰਤੇ ਦੀ ਇਹ ਅਵਸਥਾ ਨਹੀਂ, ਉਹ ਤਾਂ ਸਗੋਂ ਪ੍ਰਮੇਸ਼ਰ ਰੂਪ ਸਰਕਾਰ ਨੇ ਤਰਸ ਕਰਕੇ ਸਰਕਾਰੀ ਵਕੀਲ ਰੂਪ ਵਿੱਚ ਸਾਨੂੰ ਗੁਰੂ ਬਖ਼ਸ਼ਿਆ ਹੈ, ਜਿਹਨਾਂ ਦੇ ਅੰਮ੍ਰਿਤ ਬੋਲਾਂ 'ਤੇ ਅਮਲ ਕਰਨ ਵਾਲਾ ਇੱਕ ਦਿਨ ਸਜ਼ਾ ਤੋਂ ਮੁਕਤ ਹੀ ਨਹੀਂ ਹੁੰਦਾ ਬਲਕਿ ਆਪਣੇ ਪਿਆਰੇ ਦਾ ਪਿਆਰ ਵੀ ਪਾ ਲੈਂਦਾ ਹੈ।

ਇਸ ਅੰਮ੍ਰਿਤ ਮੁਬਾਰਿਕ ਬਚਨ ਦੇ ਅਰਥ ਹਨ ਕਿ ਹੇ ਅਨੰਤ ਵਾਹਿਗੁਰੂ ਜੀ! ਜੇ ਅਸੀਂ ਜੀਵ ਪਾਪ ਨਾ ਕਰਦੇ ਤਾਂ ਆਪ ਜੀ ਨੂੰ ਪਾਪੀ ਨੂੰ ਤਾਰਨ ਦਾ ਮੌਕਾ ਨਾ ਮਿਲਦਾ। ਹੁਣ ਪਾਪੀਆਂ ਨੂੰ ਤਾਰਨ ਕਰਕੇ ਆਪ ਜੀ ਦਾ ਨਾਮ ਵੀ ਪਤਿਤ ਪਾਵਨ ਹੋ ਗਿਆ ਹੈ। ਧਰਮ ਦੀ ਦੁਨੀਆਂ ਬੜੀ ਅਜੀਬ ਕਿਸਮ ਦੀ ਹੈ। ਇਥੇ ਦੋਨਾਂ ਧਿਰਾਂ ਦਾ ਹੀ ਲਾਭ ਹੁੰਦਾ ਹੈ। ਜਿਥੇ ਪਾਪੀ ਨਾਮ ਜਪ ਕੇ ਪਾਰ ਹੋ ਜਾਂਦੇ ਹਨ, ਉਥੇ ਨਿਰੰਕਾਰ ਦੇ ਇਸ ਕੀਤੇ ਪਰਉਪਕਾਰ ਸਦਕਾ ਉਸ ਦੇ ਨਾਵਾਂ ਵਿੱਚ ਵੀ ਇੱਕ ਪਤਿਤ ਪਾਵਨ ਨਾਮ ਹੋਰ ਵੱਧ ਜਾਂਦਾ ਹੈ। ਦਸਮੇਸ਼ ਪਿਤਾ ਜੀ ਦਾ ਬਚਨ ਹੈ ਕਿ ਹੇ ਨਿਰੰਕਾਰ ਜੀ! ਤੈਨੂੰ ਜਪਣ ਵਾਲਿਆਂ ਨੇ ਤੇਰੇ ਕੀਤੇ ਪਰਉਪਕਾਰੀ ਕੰਮਾਂ ਤੋਂ ਤੇਰੇ ਨਾਮ ਰੱਖ ਲਏ ਹਨ:

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥

ਇਸੇ ਵਾਸਤੇ ਤਾਂ **ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕ ਤਿਲ ਨਹੀ ਭੰਨੈ ਘਾਲੇ** ਆਖਿਆ ਜਾਂਦਾ ਹੈ।

ਰੱਬੀ ਪਰਉਪਕਾਰਾਂ ਕਰਕੇ ਉਸ ਦੇ ਕਿਤਨੇ ਨਾਮਾਂ ਵਿੱਚ ਵਾਧਾ ਹੋਇਆ। ਭਾਈ ਗੁਰਦਾਸ ਜੀ ਦਾ ਬਚਨ ਹੈ:

ਜਉ ਹਮ ਅਧਮ ਕਰਮ ਕੈ ਪਤਿਤ ਭਏ,
ਪਤਿਤ ਪਾਵਨ ਪ੍ਰਭ ਨਾਮ ਪ੍ਰਗਟਾਇਓ ਹੈ ॥
ਜਉ ਭਏ ਦੁਖਿਤ ਅਰੁ ਦੀਨ ਪਰਚੀਨ ਲਗਿ,
ਦੀਨ ਦੁਖ ਭੰਜਨ ਬਿਰਦੁ ਬਿਰਦਾਇਓ ਹੈ ॥
ਜਉ ਗ੍ਰਸੇ ਅਰਕ ਸੁਤ ਨਰਕ ਨਿਵਾਸੀ ਭਏ,
ਨਰਕ ਨਿਵਾਰਨ ਜਗਤ ਜਸੁ ਗਾਇਓ ਹੈ ॥
ਗੁਨ ਕੀਏ ਗੁਨ ਸਬ ਕੋਊ ਕਰੈ ਕ੍ਰਿਪਾਨਿਧਾਨ,
ਅਵਗੁਨ ਕੀਏ ਗੁਨ ਤੋਹੀ ਬਨਿ ਆਇਓ ਹੈ ॥ (ਕਬਿੱਤ ਨੰ: ੫੦੪)

ਭਾਈ ਗੁਰਦਾਸ ਜੀ ਦਾ ਬਚਨ ਵੀ ਇਸੇ ਰਮਜ਼ ਵੱਲ ਇਸ਼ਾਰਾ ਕਰਦਾ ਹੈ ਕਿ:

ਭਗਤਵਛਲ ਸੁਨਿ ਹੋਤ ਹੋ ਨਿਰਾਸ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌ ॥
ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ,
ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰ ਹੌ ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ,
ਚੰਦਨ ਸੁਗੰਧ ਸਨਬੰਧ ਮੈਲਗਾਰ ਹੌ ॥
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ,
ਤੁਮਰੇ ਬਿਰਦੁ ਕਰਿ ਆਸਰੋ ਸਮਾਰ ਹੌ ॥ (ਕਬਿੱਤ ਨੰ: ੫੦੩)
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧॥ (ਪੰਨਾ ੯੩)

ਸੰਸਾਰੀ ਲੋਕਾਂ ਦੀ ਅੱਖ ਆਤਮਾ ਅਤੇ ਪਰਮਾਤਮਾ ਨੂੰ ਨਹੀਂ ਦੇਖ ਸਕਦੀ, ਜਿਸ ਕਰਕੇ ਸੰਸਾਰ ਦਾ ਹਰ ਵਿਤਕਰਾ, ਹਰ ਝਗੜਾ ਹੀ ਬਸ ਇਸ ਗੱਲ ਉੱਤੇ ਖਲੋਤਾ ਹੈ। ਆਤਮਾ ਅਸਲ ਵਿੱਚ ਪ੍ਰਮਾਤਮਾ ਦੀ ਹੀ ਅੰਸ਼ ਹੈ:

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ (ਪੰਨਾ ੮੭੧)

ਪਰ ਭੁੱਲੜਾ ਜਗਤ ਕੇਵਲ ਆਪਣੀ ਸਾਂਝ ਸਰੀਰਾਂ ਤੱਕ ਹੀ ਬਣਾਈ ਰੱਖਦਾ ਹੈ। ਇਹਨਾਂ ਅੰਮ੍ਰਿਤ ਬਚਨਾਂ ਵਿੱਚ ਬਹੁਤ ਗੁੱਝਾ ਭੇਦ ਉਜਾਗਰ ਕੀਤਾ ਹੈ ਕਿ ਕਦੇ ਕੋਈ ਗਹਿਣੇ ਜਾਣ ਕੇ ਪਿਆਰ ਜਾਂ ਨਫ਼ਰਤ ਨਹੀਂ ਕਰਦਾ ਬਲਕਿ ਗਹਿਣੇ ਕਿਸ ਚੀਜ਼ ਦੇ ਹਨ, ਇਹ ਜਾਣ ਕੇ ਪਿਆਰ ਤੇ ਸੰਭਾਲ ਕਰਦਾ ਹੈ। ਭਾਵ, ਭਾਵੇਂ ਮੁੰਦਰੀ ਹੋਵੇ, ਭਾਵੇਂ ਹਾਰ ਹੋਵੇ, ਭਾਵੇਂ ਕੋਈ ਹੋਰ ਗਹਿਣਾ ਹੋਵੇ, ਉਹ ਇਹ ਸੋਚ ਕੇ ਕਿ ਇਹ ਮੁੰਦਰੀ ਹੈ ਜਾਂ ਹਾਰ ਹੈ, ਜਾਂ ਕੋਈ ਹੋਰ ਗਹਿਣਾ ਹੈ, ਇਹ ਸੋਚ ਕੇ ਪਿਆਰ ਸਤਿਕਾਰ ਨਹੀਂ ਕਰਦਾ ਬਲਕਿ ਉਹ ਤਾਂ ਅਸਲ

ਅਹਿਮੀਅਤ ਇਸ ਗੱਲ ਨੂੰ ਦਿੰਦਾ ਹੈ ਕਿ ਇਹਨਾਂ ਅੰਦਰ ਵਰਤੀ ਹੋਈ ਧਾਤ ਕਿਹੜੀ ਹੈ। ਜੇਕਰ ਸੋਨਾ ਹੈ ਤਾਂ ਕਦਰ ਕੀਮਤ ਹੋਰ ਹੋਵੇਗੀ, ਪਰ ਜੇਕਰ ਸ਼ਕਲ ਭਾਵੇਂ ਇੱਕੋ ਜਿਹੀ ਹੋਵੇ, ਉਸ ਵਿੱਚ ਵਰਤੀ ਧਾਤ ਨਕਲੀ ਹੋਵੇ ਤਾਂ ਫਿਰ ਮੁੱਲ ਕੌਡੀ ਵੀ ਨਹੀਂ ਹੰਦਾ। ਇਸੇ ਤਰ੍ਹਾਂ ਜਿਸਨੇ ਆਤਮਾ ਦੀ ਪਹਿਚਾਨ ਕਰ, ਲਈ ਉਹ ਤਾਂ ਸਭ ਜੀਵ ਰੂਪ ਗਹਿਣਿਆਂ ਅੰਦਰ ਵੱਸਦੇ ਰੱਬ ਨੂੰ ਦੇਖ ਕੇ ਸਭ ਨੂੰ ਕੁਦਰਤਿ ਕੇ ਸਭ ਬੰਦੇ ਕਹਿ ਕੇ ਸਤਿਕਾਰ ਕਰਦਾ ਹੈ, ਪਰ ਜਿਸ ਕੋਲ ਅਜਿਹੀ ਦ੍ਰਿਸ਼ਟੀ ਵਾਲੀ ਅੱਖ ਨਹੀਂ, ਉਹ ਕੇਵਲ ਅਮੀਰ ਗ਼ਰੀਬ, ਜਾਤਾਂ ਪਾਤਾਂ ਦੇ ਨਾਂ 'ਤੇ ਹੀ ਨਫ਼ਰਤ ਭਰੀ ਅੱਖ ਨਾਲ ਦੇਖ ਕੇ ਹਰਿ ਕਾ ਰੂਪ ਸੰਸਾਰ, ਵਿਸ ਸੰਸਾਰ ਬਣਾ ਕੇ ਵੇਖਦਾ ਹੈ।

ਅਸਲ ਤੱਤ ਦੀ ਗੱਲ ਇਹ ਹੈ ਕਿ ਰੱਬ ਦੇ ਬਣਾਏ ਜੀਵਾਂ ਵਿੱਚ ਉਹ ਆਪ ਖ਼ੁਦ ਹੀ ਬੈਠਾ ਹੈ, ਫਿਰ ਜੀਵ-ਆਤਮਾ ਵਿੱਚ ਅਤੇ ਪ੍ਰਮਾਤਮਾ ਵਿੱਚ ਬਸ ਇਤਨਾ ਹੀ ਅੰਤਰ ਹੈ, ਜਿਤਨਾ ਸੋਨੇ ਅਤੇ ਸੋਨੇ ਦੇ ਗਹਿਣੇ ਜਾਂ ਫਿਰ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿੱਚ ਹੁੰਦਾ ਹੈ। ਦਾਨਾ ਪੁਰਖ ਗਹਿਣਿਆਂ ਜਾਂ ਲਹਿਰਾਂ ਨਾਲ ਆਪਣੀ ਨੇੜਤਾ ਨਹੀਂ ਬਣਾਉਂਦਾ, ਭਾਵ ਇਹਨਾਂ ਵੱਲ ਵੇਖਕੇ ਭਰਮਾਉਂਦਾ ਨਹੀਂ, ਉਸ ਨੂੰ ਤਾਂ ਪਤਾ ਲੱਗ ਗਿਆ ਕਿ ਸੋਨਾ ਸਦੀਵ ਹੈ, ਪਰ ਗਹਿਣਾ ਸਦੀਵ ਨਹੀਂ, ਪਾਣੀ ਸਦੀਵ ਹੈ ਪਰ ਲਹਿਰਾਂ ਸਦੀਵ ਨਹੀਂ। ਸੋਨਾ ਜਾਂ ਪਾਣੀ ਤਾਂ ਗਹਿਣੇ ਅਤੇ ਲਹਿਰਾਂ ਤੋਂ ਪਹਿਲਾਂ ਵੀ ਸੀ, ਗਹਿਣੇ ਅਤੇ ਲਹਿਰਾਂ ਬਣ ਕੇ ਵੀ ਹੈ ਅਤੇ ਮਗਰੋਂ ਵੀ ਰਹੇਗਾ, ਇਸ ਲਈ ਸੰਸਾਰ ਨਾਲ ਦੋਸਤੀ ਪਾਉਣ ਤੋਂ ਪਹਿਲਾਂ ਫ਼ੈਸਲਾ ਕਰ ਲਈਏ ਕਿ ਸਭ ਜਗ ਚਲਣਹਾਰ ਨਾਲ ਸਾਂਝ ਪਾਉਣੀ ਹੈ ਜਾਂ ਫਿਰ ਜਿਹੜਾ ਆਦਿ ਪੂਰਨ ਮਧ ਪੂਰਨ ਅੰਤ ਪੂਰਨ ਰਹਿੰਦਾ ਹੈ, ਉਸ ਨਾਲ ਜੁੜ ਕੇ ਆਪ ਵੀ ਪੂਰੇ ਹੋਣਾ ਹੈ। ਜਿਸਨੇ ਇਹ ਸਮਝ ਲਿਆ ਫਿਰ ਉਹ ਤਾਂ ਕਹਿ ਉਠਦਾ ਹੈ:

ਜਲ ਤੇ ਊਠਹਿ ਅਨਿਕ ਤਰੰਗਾ ॥
ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥
ਫਲ ਪਾਕੇ ਤੇ ਏਕੰਕਾਰਾ ॥੨॥ *(ਪੰਨਾ ੭੩੬)*

ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥ *(ਪੰਨਾ ੯੩)*

ਇਹਨਾਂ ਅੰਮ੍ਰਿਤ ਬਚਨਾਂ ਵਿੱਚ ਪਹਿਲੀ ਗੱਲ ਨਿਮਰਤਾ ਕਿਤਨੀ ਦਿਖਾਈ ਹੈ ਕਿ ਜਿਹੜਾ ਚੰਗਾ ਪੱਖ ਹੈ, ਉਹ ਪ੍ਰਮੇਸ਼ਰ ਨਾਲ ਜੋੜਿਆ ਹੈ ਭਾਵ ਹੇ ਵਾਹਿਗੁਰੂ ਜੀ! ਤੁਸੀਂ ਤਾਂ ਬਹੁਤ ਹੀ ਅੱਛੇ ਅਤੇ ਅੰਤਰਜਾਮੀ ਪਾਤਿਸ਼ਾਹ

ਸਾਡੇ ਮਾਲਕ ਹੋ, ਭਾਵੇਂ ਤੁਹਾਡੇ ਸਾਡੇ ਵਿੱਚ ਅੰਤਰ ਮਾਮੂਲੀ ਜਿਹਾ ਹੀ ਹੈ, ਪਰ ਦੇਖੋ ਫਿਰ ਵੀ ਅੱਛੇ ਭਾਵ, ਚੰਗੇ ਭਾਵ ਵਾਲਾ ਗੁਣ ਆਪਣੇ ਨਾਲ ਨਹੀਂ ਜੋੜਿਆ, ਜਦਕਿ ਪ੍ਰਭੂ ਕੋਲੋਂ ਉਸਦੇ ਸੇਵਕ ਦੀ ਪਹਿਚਾਣ ਬਣ ਜਾਂਦੀ ਹੈ, ਭਾਵ ਜਿੰਨਾ ਚੰਗਾ ਸਾਡਾ ਪਿਆਰਾ ਪ੍ਰਭੂ ਹੈ ਉਤਨੇ ਹੀ ਚੰਗੇ ਉਸਦੇ ਸੇਵਕ ਵੀ ਹਨ। ਇਸ ਦੇ ਨਾਲ ਹੀ ਜਿਤਨਾ ਚੰਗਾ ਕੋਈ ਸੇਵਕ ਹੋਵੇ, ਉਸ ਕੋਲੋਂ ਵੀ ਪਰਖ ਹੋ ਜਾਂਦੀ ਹੈ ਕਿ ਇਸ ਦਾ ਮਾਲਕ ਕਿੰਨਾ ਚੰਗਾ ਹੋਵੇਗਾ। ਅਸਲ ਵਿੱਚ ਸੇਵਕ ਇੱਕ ਦਿਨ ਆਪਣੇ ਪਿਆਰੇ ਦੀ ਸੇਵਾ ਸਿਮਰਨ ਰਾਹੀਂ ਇਤਨੀ ਨੇੜਤਾ ਹਾਸਿਲ ਕਰ ਲੈਂਦਾ ਹੈ ਕਿ ਰੱਬੀ ਗੁਣ ਸੇਵਕ ਦੇ ਹਿਰਦੇ ਵਿੱਚ ਵੱਸਣ ਕਰਕੇ ਦੋਵੇਂ :

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥

(ਪੰਨਾ ੧੪੨੭-੨੮)

ਵਰਗੀ ਪਵਿੱਤਰ ਅਵਸਥਾ ਨੂੰ ਹਾਸਿਲ ਕਰ ਲੈਂਦਾ ਹੈ, ਤਦ ਹੀ ਤਾਂ ਅੰਮ੍ਰਿਤ ਬਚਨ ਹਨ ਕਿ :

ਨਾਮੇ ਨਾਰਾਇਨ ਨਾਹੀ ਭੇਦੁ ॥੨੪॥੧॥੧੦॥ (ਪੰਨਾ ੧੧੬੬)

ਜਾਂ ਫਿਰ :

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥

(ਪੰਨਾ ੯੬੯)

ਜਦੋਂ ਸਾਡਾ ਮਾਲਕ ਇਤਨਾ ਚੰਗਾ ਹੈ ਫਿਰ ਮਾਲਕ ਤੋਂ ਹੀ ਸੇਵਕ ਦੀ ਪਹਿਚਾਣ ਬਣਦੀ ਹੈ, ਫਿਰ ਵੀ ਪਤਾ ਨਹੀਂ ਕਿਉਂ ਲੋਕ ਮਾਲਕ ਨੂੰ ਤਾਂ ਚੰਗਾ ਆਖਦੇ ਹਨ, ਪਰ ਮਾਲਕ ਦੇ ਬੰਦਿਆਂ ਨੂੰ ਨਫ਼ਰਤ ਕਿਉਂ ਕਰਦੇ ਹਨ। ਜਦਕਿ ਇਹਨਾਂ ਅੰਮ੍ਰਿਤ ਬੋਲਾਂ ਨੇ ਗੁਰ ਪ੍ਰਮੇਸ਼ਰ ਇੱਕੋ ਜਾਣ ਦਾ ਮੁਕਾਮ ਹਾਸਲ ਵੀ ਕਰ ਲਿਆ। ਇਸ ਲਈ ਰੱਬੀ ਪੁਰਖਾਂ ਨੂੰ ਮਾੜਾ ਕਹਿਣਾ ਅਸਲ ਵਿੱਚ ਰੱਬ ਨੂੰ ਹੀ ਮਾੜਾ ਕਹਿਣ ਬਰਾਬਰ ਹੁੰਦਾ ਹੈ, ਪਰ ਇਹ ਹੰਕਾਰੀ ਅਤੇ ਅਗਿਆਨਤਾ ਭਰਿਆ ਸੰਸਾਰ ਅਜਿਹੇ ਪਾਪ ਦੀ ਪਰਿਭਾਸ਼ਾ ਨਹੀਂ ਸਮਝ ਸਕਦਾ। ਇਹ ਤਾਂ ਕੋਈ ਰੱਬੀ ਸਰੂਰ ਮਾਨਣ ਵਾਲਾ ਹੀ ਜਾਣਦਾ ਹੈ ਕਿ :

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

(ਪੰਨਾ ੧੩੪੯)

ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ (ਪੰਨਾ ੯੩)

"ਸਰੀਰ ਆਰਾਧੈ" ਸ਼ਬਦ ਦਾ ਅਸਲ ਵਿੱਚ ਗਹਿਰਾ ਅਰਥ ਇਹੋ ਹੀ ਹੈ ਕਿ ਮੈਨੂੰ ਇਹ ਵੀਚਾਰ ਸਮਝ ਆ ਜਾਵੇ ਕਿ ਹਰ ਪਾਸੇ ਭਾਵ ਸਮਦਲ, ਹਰ ਜੀਵ ਵਿੱਚ ਤੇਰਾ ਹੀ ਵਾਸਾ ਹੈ। ਕਿਸੇ ਵੀ ਭਾਂਡੇ ਦੀ ਕੀਮਤ ਉਸ ਵਿੱਚ ਪਾਈ ਹੋਈ ਵਸਤੂ ਤੋਂ ਪੈਂਦੀ ਹੈ। ਭਾਂਡਾ ਭਾਵੇਂ ਸੋਨੇ ਦਾ ਹੋਵੇ, ਪਰ ਜੇਕਰ ਜ਼ਹਿਰ ਨਾਲ ਭਰ ਦਿੱਤਾ, ਤਾਂ ਭਾਂਡਾ ਤਾਂ ਬਹੁਤ ਸੋਹਣਾ ਕੀਮਤੀ ਹੈ, ਪਰ ਜ਼ਹਿਰ ਦਾ ਭਰਿਆ ਹੋਣ ਕਰਕੇ ਹਰ ਕੋਈ ਆਪਣੀ ਜ਼ਿੰਦਗੀ ਤੋਂ ਦੂਰ ਹੀ ਰੱਖੇਗਾ। ਜੇ ਕਿਧਰੇ ਭਾਂਡਾ ਭਾਵੇਂ ਮਿੱਟੀ ਦਾ ਹੀ ਹੋਵੇ, ਪਰ ਭਰਿਆ ਅੰਮ੍ਰਿਤ ਦਾ ਹੋਵੇ ਤਾਂ ਹਰ ਕੋਈ ਨੇੜਤਾ ਬਣਾਉਣੀ ਚਾਹੇਗਾ। ਇਸੇ ਤਰ੍ਹਾਂ ਸਿਆਣੇ ਲੋਕ ਤਾਂ ਇਹਨਾਂ ਭਾਂਡਿਆਂ ਵਿੱਚ ਪਾਈ ਰੱਬੀ ਜੋਤਿ ਰੂਪ ਅੰਮ੍ਰਿਤ ਨੂੰ ਦੇਖ ਕੇ ਪਿਆਰ ਕਰਦੇ ਹਨ, ਪਰ ਅਨਜਾਣ ਲੋਕ ਕੇਵਲ ਭਾਂਡਾ ਦੇਖ ਕੇ ਵਿੱਚੋਂ ਪਰਖ ਕਰਨੀ ਨਾ ਜਾਣਦੇ ਹੋਏ ਹੋਣ ਕਰਕੇ ਨਫ਼ਰਤ ਕਰਕੇ ਸਮਾਜ ਅਤੇ ਧਰਮ ਭਾਵ ਹਰ ਪਾਸੇ ਜ਼ਹਿਰ ਹੀ ਘੋਲਦੇ ਹਨ।

ਇਸ ਅੰਮ੍ਰਿਤ ਬਚਨ ਦਾ ਤੱਤਸਾਰ ਹੈ ਕਿ ਹੇ ਵਾਹਿਗੁਰੂ ਜੀ! ਤੇਰੇ ਵਿੱਚ ਅਤੇ ਤੇਰੇ ਬਣਾਏ ਇਹਨਾਂ ਜੀਵਾਂ ਵਿੱਚ ਬਸ ਇਤਨਾ ਕੁ ਹੀ ਅੰਤਰ ਹੈ, ਜਿਤਨਾ ਕੁ ਸੋਨੇ ਅਤੇ ਸੋਨੇ ਦੇ ਗਹਿਣਿਆਂ ਵਿੱਚ ਅਤੇ ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿੱਚ ਹੈ। ਅਸੀਂ ਜੀਵ ਅਸਲੀਅਤ ਤੋਂ ਅਨਜਾਣ ਪਾਪ ਕਮਾਉਣ ਲੱਗ ਪੈਂਦੇ ਹਾਂ, ਪਰ ਤੁਹਾਡਾ ਸੁਭਾਅ ਹੈ, ਤੁਸੀਂ ਸਾਨੂੰ ਪਾਪਾਂ ਕਾਰਨ ਪਤਿਤ ਹੋਇਆਂ ਨੂੰ ਵੀ ਬਖ਼ਸ਼ ਕੇ ਪਵਿੱਤਰ ਕਰ ਦਿੰਦੇ ਹੋ। ਰੱਬ ਦੇ ਦੀਦਾਰ ਕੋਈ ਬਾਹਰੀ ਅੱਖ ਨਾਲ ਨਹੀਂ ਕਰ ਸਕਦਾ ਬਲਕਿ ਉਹ ਕੁਦਰਤ ਦੇ ਨੇੜੇ ਹੋ ਕੇ ਵੇਖਦਾ ਹੈ ਤਾਂ ਕੁਦਰਤ ਵਿੱਚੋਂ ਕਾਦਰ ਨਾਲ ਅਭੇਦ ਹੋਇਆਂ ਨੂੰ ਵੇਖ ਕੇ ਫਿਰ ਕਾਦਰ ਦੇ ਦੀਦਾਰ ਕਰ ਲੈਂਦਾ ਹੈ। ਸੇਵਕ ਤੋਂ ਮਾਲਕ ਅਤੇ ਮਾਲਕ ਤੋਂ ਸੇਵਕ ਦੀ ਪਹਿਚਾਣ ਸੌਖੀ ਹੋ ਜਾਂਦੀ ਹੈ। ਇਬਾਦਤ ਦਾ ਸਿਖਰ ਹੀ ਇਹ ਹੈ ਕਿ ਜਿਸ ਦਿਨ ਮਨੁੱਖ ਨੂੰ ਸਾਰੀ ਕਾਇਨਾਤ ਵਿੱਚ ਕੇਵਲ ਇੱਕ ਕਾਦਰ ਨਜ਼ਰ ਆਉਣ ਲੱਗ ਪਵੇ, ਫਿਰ ਜਿਧਰ ਨਜ਼ਰ ਮਾਰੇਗਾ, ਉਧਰ ਹੀ ਰੱਬੀ ਦੀਦਾਰ ਹੋਵਣਗੇ। ਭਗਤ ਫ਼ਰੀਦ ਜੀ ਦੀ ਪਵਿੱਤਰ ਅੱਖ ਇਹੋ ਹੀ ਤਾਂ ਕਹਿ ਰਹੀ ਹੈ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥

(ਪੰਨਾ ੧੩੮੧)

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥
ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥
ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥
ਚਰਣ ਨ ਛਾਡਉ ਸਰੀਰ ਕਲ ਜਾਈ ॥੨॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥

(ਪੰਨਾ ੩੪੫)

(ਨਿਰੰਕਾਰ ਜਿਸ ਦਾ ਲਖਾਇਕ ਓਅੰਕਾਰ ਹੈ, ਇੱਕ ਹੈ। ਸਤਿ ਹੀ ਉਸ ਦਾ ਨਾਮ ਹੈ। ਉਹ ਜਗਤ ਦਾ ਸਿਰਜਣਹਾਰ ਤੇ ਉਸ ਵਿਚ ਵਿਆਪਕ ਹੈ। ਗੁਰੂ ਦੀ ਕਿਰਪਾ ਦੁਆਰਾ ਉਸ ਦੀ ਪ੍ਰਾਪਤੀ ਹੁੰਦੀ ਹੈ।)

ਪੋਚ—ਭੈੜੀ, ਨੀਚ। ਕੁਟਿਲਤਾ—ਖੋਟ। ਕੁਭਾਂਤੀ—ਭੈੜੀ ਭਾਂਤ ਦਾ, ਭਾਵ ਨੀਚ ਲੋਕਾਂ ਦੇ ਘਰ। ਸੁਭਾਈ—ਸੁੰਦਰ ਭਾਗਾਂ ਵਾਲਾ, ਖ਼ੁਸ਼ਨਸੀਬ। ਸਾਭਾ—ਸੰਭਾਲ, ਓਟ।

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ

ਸੰਸਾਰ ਦਾ ਦਸਤੂਰ ਹੈ ਕਿ ਕਿਸੇ ਵੀ ਚੀਜ਼ ਦੀ ਕੀਮਤ ਹੀ ਉਸਦੀ ਸਾਂਭ-ਸੰਭਾਲ ਪੈਦਾ ਕਰਦੀ ਹੈ। ਜਿਤਨੀ ਕੋਈ ਚੀਜ਼ ਕੀਮਤੀ ਹੋਵੇਗੀ ਤਾਂ ਉਸ ਦੀ ਮੰਗ ਵੀ ਵਧੇਰੇ ਹੋਵੇਗੀ, ਉਸ ਦੀ ਪ੍ਰਾਪਤੀ ਲਈ ਬਹੁਤ ਲੋਕ ਯਤਨਸ਼ੀਲ ਹੁੰਦੇ ਹਨ। ਇਹ ਪ੍ਰਾਪਤ ਕਰਨ ਵਾਲੇ ਬਹੁਤ ਵਾਰੀ ਗ਼ਲਤ ਢੰਗ ਵੀ ਅਖ਼ਤਿਆਰ ਕਰਦੇ ਹਨ। ਇਹਨਾਂ ਨੂੰ ਸਮਾਜ ਚੋਰ, ਡਾਕੂ ਜਾਂ ਲੁਟੇਰੇ ਆਖਦਾ ਹੈ। ਇਹਨਾਂ ਤੋਂ ਕੀਮਤੀ ਚੀਜ਼ ਬਚਾ ਕੇ ਰੱਖਣੀ ਪੈਂਦੀ ਹੈ। ਰਖਵਾਲੀ ਉਹੋ ਹੀ ਚੰਗੀ ਹੁੰਦੀ ਹੈ, ਜਿਹੜੀ ਤੱਤ ਵਸਤੂ ਨੂੰ ਲੁੱਟ ਤੋਂ ਬਚਾਅ ਲਵੇ।

ਇਹ ਤਾਂ ਕੁਝ ਸ਼ਬਦ ਬਾਹਰ ਦੀ ਦੁਨੀਆਂ ਦੇ ਸਨ, ਪਰ ਅੰਦਰ ਦੀ ਦੁਨੀਆਂ ਵੀ ਅਜਿਹੀ ਹੀ ਹੈ। ਜ਼ਿੰਦਗੀ ਦੇ ਅੰਦਰ ਵੀ ਅਨੇਕਾਂ ਤਰ੍ਹਾਂ ਦੇ ਹੀਰੇ ਮੋਤੀ, ਰਤਨ, ਜਵਾਹਰ ਹਨ। ਇਹਨਾਂ ਨੂੰ ਦੂਜੇ ਸ਼ਬਦਾਂ ਵਿੱਚ ਸ਼ੁਭ ਗੁਣ ਵੀ ਕਿਹਾ ਜਾਂਦਾ ਹੈ। ਜਿਵੇਂ ਬਾਹਰ ਦੀ ਦੁਨੀਆਂ ਦੇ ਹੀਰੇ ਮੋਤੀ ਹੋਰ ਹਨ ਤੇ ਇਹਨਾਂ ਦੇ ਲੁਟੇਰੇ ਵੀ ਹੋਰ ਹਨ ਅਤੇ ਇਹਨਾਂ ਦੇ ਲੁੱਟਣ ਦੇ ਢੰਗ ਵੀ ਹੋਰ ਹਨ। ਬਸ ਇਸੇ ਤਰ੍ਹਾਂ ਅੰਦਰ ਦੀ ਦੁਨੀਆਂ ਦੇ ਹੀਰੇ ਮੋਤੀ ਵੀ ਹੋਰ ਹਨ। ਇਹਨਾਂ ਦੇ ਲੁਟੇਰੇ ਵੀ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਹਨ। ਇਹਨਾਂ ਦਾ ਲੁੱਟਣ ਢੰਗ ਵੀ ਦੁਨੀਆਂ ਅੰਦਰ ਪ੍ਰਗਟਾਵਾ ਕਰਕੇ, ਆਪ ਹੀ ਲੁਟਾ ਲੈਣਾ ਹੈ। ਪਤਾ ਉਸ ਦਿਨ ਹੀ ਲੱਗਦਾ ਹੈ, ਜਿਸ ਦਿਨ ਗੁਣਾਂ ਦੀ ਗੱਠੜੀ ਗਵਾ ਕੇ ਜੀਵ ਔਗੁਣਾਂ ਦੀ ਪੰਡ ਬੰਨ੍ਹ ਕੇ ਲੈ ਤੁਰਦਾ ਹੈ, ਜਿਹਨਾਂ ਦਾ ਸਾਈਂ ਦੇ ਦਰਬਾਰ ਕਉਡੀ, ਭਾਵ ਪੈਸਾ ਮੁੱਲ ਨਹੀਂ ਪੈਂਦਾ ਤੇ ਇਹ ਜੀਵ ਵਾਰ ਵਾਰ ਪਛਤਾਉਂਦਾ ਹੈ।

ਜ਼ਿੰਦਗੀ ਅੰਦਰਲੇ ਸ਼ੁਭ ਗੁਣਾਂ ਦੀ ਰਾਖੀ ਲਈ ਸਭ ਤੋਂ ਚੰਗਾ ਰਖਵਾਲਾ ਗ਼ਰੀਬੀ ਭਾਵ ਵਾਲਾ ਸੁਭਾਵ ਹੈ। ਸਤਿਗੁਰੂ ਪਾਤਿਸ਼ਾਹ ਜੀ ਨੇ ਪਾਵਨ ਬਚਨ ਆਖੇ ਹਨ ਕਿ ਰਖ ਗਰੀਬੀ ਵੇਸ। ਰਖ ਦਾ ਅਰਥ ਰਖਵਾਲਾ ਹੈ। ਭਾਵ ਗ਼ਰੀਬੀ ਵੇਸ ਨੂੰ ਸ਼ੁਭ ਗੁਣਾਂ ਦਾ ਰਖਵਾਲਾ ਬਣਾ। ਇਥੇ ਥੋੜ੍ਹਾ ਸੋਚ ਵਿਚਾਰ ਨਾਲ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਜਿਹਨਾਂ ਨੂੰ ਵੀ ਧਾਰਮਿਕ ਦੁਨੀਆਂ ਦੇ ਚਮਕਦੇ ਸਿਤਾਰੇ ਕਿਹਾ ਜਾਂਦਾ ਹੈ, ਇੱਕ ਪਾਸੇ ਉਹਨਾਂ ਦੇ ਅੰਮ੍ਰਿਤ ਬਚਨ ਸੰਸਾਰ ਉੱਚੀਆਂ ਤੇ ਸੁੱਚੀਆਂ ਥਾਵਾਂ 'ਤੇ ਰੱਖ ਕੇ ਪੂਜਦਾ ਹੈ, ਪਰ ਦੂਜੇ

ਪਾਸੇ ਇਹਨਾਂ ਬਚਨਾਂ ਦੇ ਕਰਤਾ ਆਪ ਖ਼ੁਦ ਆਪਣੇ ਲਈ ਬਹੁਤ ਹੀ ਨੀਵੇਂ ਤੋਂ ਨੀਵੇਂ ਸ਼ਬਦ ਵਰਤਦੇ ਹਨ। ਕਦੇ ਆਪਣੇ ਆਪ ਨੂੰ ਦਾਸ, ਕਦੇ ਜਨ, ਕਦੇ ਗ਼ਰੀਬ, ਕਦੇ ਪਾਪੀ, ਕਦੇ ਜੁਲਾਹਾ, ਕਦੇ ਚਮਾਰ, ਕਦੇ ਨੀਚ ਇਤਿਆਦਿਕ, ਜਦਕਿ ਇਹਨਾਂ ਦੀ ਅੰਦਰਲੀ ਜ਼ਿੰਦਗੀ ਵਿੱਚ ਅਜਿਹੀ ਹਾਲਤ ਦੂਰ ਤੱਕ ਵੀ ਨਹੀਂ ਹੁੰਦੀ। ਅੰਦਰੋਂ ਇਹ ਭਗਵਾਨ ਹਨ, ਪਰ ਬਾਹਰੋਂ ਦਾਅਵਾ ਜਿਵੇਂ ਇਨਸਾਨ ਵੀ ਨਹੀਂ ਹਨ। ਐਸੇ ਅਨੇਕਾਂ ਬਚਨਾਂ ਵਿੱਚੋਂ ਕੁਝ ਕੁ ਵੇਖੋ:

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥ (ਪੰਨਾ ੧੩੮੧)

ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥
ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥੪॥੩॥
(ਪੰਨਾ ੮੫੬)

ਮੈ ਕੀਤਾ ਨ ਜਾਤਾ ਹਰਾਮਖੋਰੁ ॥
ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥
ਨਾਨਕੁ ਨੀਚੁ ਕਹੈ ਬੀਚਾਰੁ ॥
ਧਾਣਕ ਰੂਪਿ ਰਹਾ ਕਰਤਾਰ ॥੪॥੨੯॥ (ਪੰਨਾ ੨੪)

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥
(ਪੰਨਾ ੬੮੫)

ਧਨਰਪਾਨ ਧ੍ਰਿਤਮਾਨ ਧਰਾਪਰ ਅਨਬਿਕਾਰ ਅਸਿਧਾਰੀ ॥
ਹੌ ਮਤਿਮੰਦ ਚਰਨ ਸ਼ਰਨਾਗਤਿ, ਕਰ ਗਹਿ ਲੇਹੁ ਉਬਾਰੀ ॥
(ਪਾਤਿਸ਼ਾਹੀ ੧੦)

ਮੈਥਹੁ ਬੁਰਾ ਨ ਕੋਈ ਸਰਿਠੇ ॥ (ਭਾਈ ਗੁਰਦਾਸ ਜੀ, ਵਾਰ ੩੬/੨੧)

ਹੁਣ ਇਹਨਾਂ ਭਗਤਾਂ, ਗੁਰੂਆਂ ਅਤੇ ਗੁਰ-ਸੇਵਕਾਂ ਦੀਆਂ ਕਿਸੇ ਦੀਆਂ ਵੀ ਅੰਦਰੂਨੀ ਹਾਲਤਾਂ ਅਜਿਹੀਆਂ ਨਹੀਂ, ਅੰਦਰੋਂ ਤਾਂ ਸਾਰੇ ਹੀ:

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥
(ਪੰਨਾ ੯੬੯)

ਪਰ ਦਾਅਵਾ ਕੇਵਲ ਅਤਿ ਗ਼ਰੀਬੀ ਦਾ ਹੈ। ਆਮ ਸਾਡੇ ਵਿੱਚ ਅਤੇ ਇਹਨਾਂ ਰੱਬੀ ਰੂਹਾਂ ਵਿੱਚ ਇਕ ਬਹੁਤ ਵੱਡਾ ਅੰਤਰ ਇਹ ਹੈ ਕਿ ਇਹ ਅੰਦਰੋਂ ਤਾਂ ਅਤਿਅੰਤ ਨਿਰਮਲ ਹਨ, ਪਰ ਬਾਹਰੋਂ ਪ੍ਰਗਟਾਵਾ ਸਾਦਾ ਹੈ, ਪਰ ਅਸੀਂ ਅੰਦਰੋਂ ਮਾੜੇ ਤੇ ਬਾਹਰੋਂ ਬਹੁਤ ਚੰਗੇ ਦਿਖਾਉਣਾ ਚਾਹੁੰਦੇ ਹਾਂ। ਇਥੇ ਇੱਕ ਮਿਸਾਲ ਦੇਣੀ ਚੰਗੀ ਸਮਝਦਾ ਹਾਂ।

ਜ਼ਿੰਦਗੀ ਅੰਦਰ ਦੋ ਉਮਰਾਂ ਇੱਕੋ ਜਿਹੀਆਂ ਜਾਪਦੀਆਂ ਹਨ। ਇੱਕ ਬਚਪਨ ਦੀ ਉਮਰ ਤੇ ਦੂਜੀ ਬ੍ਰਿਧ ਅਵਸਥਾ ਦੀ ਉਮਰ। ਬਚਪਨ ਵੀ ਕਿਸੇ ਦੇ ਸਹਾਰੇ, ਬੁਢਾਪਾ ਵੀ ਕਿਸੇ ਦੇ ਸਹਾਰੇ। ਬਚਪਨ ਵੀ ਬਿਸਤਰ 'ਤੇ ਬਹੁਤਾ ਸਮਾਂ ਗੁਜ਼ਾਰਦਾ ਹੈ, ਬ੍ਰਿਧ ਵੀ ਬਹੁਤ ਸਮਾਂ ਬਿਸਤਰ 'ਤੇ ਗੁਜ਼ਾਰਦਾ ਹੈ। ਬਚਪਨ ਵੀ ਸਪੱਸ਼ਟ ਬੋਲ ਨਹੀਂ ਸਕਦਾ, ਬੁੱਢਾਪਾ ਵੀ ਰੁਧਾ ਕੰਠ ਹੋਣ ਕਰਕੇ ਸਪੱਸ਼ਟ ਬੋਲ ਨਹੀਂ ਸਕਦਾ। ਬਚਪਨ ਵੀ ਬਹੁਤੀ ਵਾਰੀ ਖ਼ੁਰਾਕ ਲੈਕੇ ਉਲਟੀ ਕਰ ਦਿੰਦਾ ਹੈ, ਬ੍ਰਿਧ ਵੀ ਖਾਂਸੀ ਕਰ ਦਿੰਦਾ ਹੈ। ਬਚਪਨ ਵੀ ਮਲ-ਮੂਤਰ ਕਰ ਦਿੰਦਾ ਹੈ ਤੇ ਬ੍ਰਿਧ ਵੀ ਬਿਸਤਰ 'ਤੇ ਮਲ-ਮੂਤਰ ਕਰ ਦਿੰਦਾ ਹੈ, ਪਰ ਸਾਡੇ ਕੰਮ ਲਗਪਗ ਬਰਾਬਰ ਹੋਣ ਦੇ ਬਾਵਜੂਦ ਵੀ ਜਿਤਨਾ ਬਚਪਨ ਨੂੰ ਪਿਆਰ ਲਾਡ ਮਿਲਦਾ ਹੈ, ਇਸਦੇ ਮੁਕਾਬਲੇ ਬ੍ਰਿਧ ਅਵਸਥਾ ਨੂੰ ਉਤਨੀ ਹੀ ਨਫ਼ਰਤ ਮਿਲਦੀ ਹੈ। ਇਸ ਦਾ ਕਾਰਨ ਇੱਕੋ ਹੀ ਹੈ—ਸਿਆਣੇ ਕਹਾਵਤ ਕਹਿੰਦੇ ਹਨ ਕਿ ਬਾਪੂ ਬਾਪੂ ਕਹਿੰਦੇ ਸੀ, ਬੜੇ ਸੁਖੀ ਰਹਿੰਦੇ ਸੀ। ਬਾਪੂ ਕਹਾਉਣਾ ਪਿਆ, ਬੜਾ ਦੁੱਖ ਪਾਉਣਾ ਪਿਆ। ਬਚਪਨ ਬਾਪੂ ਕਹਿੰਦਾ ਹੈ, ਬ੍ਰਿਧ ਬਾਪੂ ਕਹਾਉਂਦਾ ਹੈ। ਬੱਸ ਇਸੇ ਤਰ੍ਹਾਂ ਰੱਬੀ ਪਿਆਰ ਵਾਲੇ ਰੱਬ ਨੂੰ ਕਹਿੰਦੇ ਹਨ ਤੇ ਅਸੀਂ ਆਪਣੇ ਆਪ ਨੂੰ ਕੁਝ ਕਹਾਉਂਦੇ ਹਾਂ ਤਦ ਹੀ ਸਾਰੇ ਦੁੱਖ ਸਾਡੀ ਝੋਲੀ ਵਿੱਚ ਹਨ। ਪ੍ਰਹਿਲਾਦ ਕਹਿੰਦਾ ਹੈ, ਹਰਨਾਖਸ਼ ਕਹਾਉਂਦਾ ਹੈ। ਕਬੀਰ ਸਾਹਿਬ ਜੀ ਕਹਿੰਦੇ ਹਨ, ਸਿਕੰਦਰ ਕਹਾਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਪਰ ਔਰੰਗਜ਼ੇਬ ਕਹਾਉਂਦਾ ਹੈ। ਜਿਹੜੇ ਕਹਿਣ ਵਾਲੇ ਹਨ ਕਿ ਹੇ ਵਾਹਿਗੁਰੂ ਜੀ ! ਸਭ ਕੁਝ ਆਪ ਜੀ ਹੋ, ਮੈਂ ਤਾਂ ਕੁਝ ਵੀ ਨਹੀਂ, ਉਹ ਸਾਰੇ ਸੁੱਖ ਅਤੇ ਰੱਬੀ ਪਿਆਰ ਦੇ ਪਾਤਰ ਹਨ, ਪਰ ਦੂਜੇ ਪਾਸੇ ਜਿਹੜੇ ਆਪਣੀ ਹੋਂਦ ਰੱਖ ਕੇ ਕੁਝ ਕਹਾਉਂਦੇ ਹਨ, ਉਹ ਸਦਾ ਹੀ ਪਿਆਰ ਲੈਣ ਦੀ ਥਾਂ ਖ਼ੁਆਰ ਹੁੰਦੇ ਹਨ ਅਤੇ ਦੁੱਖਾਂ ਦੀਆਂ ਚੋਟਾਂ ਖਾਂਦੇ ਰਹਿੰਦੇ ਹਨ। ਅਸੀਂ ਕੁਝ ਨਾ ਹੋ ਕੇ ਵੀ ਸਦਾ ਮਾਲਕ ਦੀ ਝੋਲੀ ਵਿੱਚ ਉਲਾਂਭੇ ਜਾਂ ਸ਼ਿਕਾਇਤਾਂ ਹੀ ਪਾਉਂਦੇ ਹਾਂ, ਉਹ ਸਭ ਕੁਝ ਹੋ ਕੇ ਵੀ ਸਦਾ ਹਰ ਪਲ ਸ਼ੁਕਰ ਵਿੱਚ ਗੁਜ਼ਾਰਦੇ ਹਨ। ਜਿੰਨਾ ਕਿਸੇ ਦਾ ਰੱਬ ਨਾਲ ਪਿਆਰ ਹੁੰਦਾ ਹੈ, ਉਹ ਉਤਨਾ ਹੀ ਸ਼ਿਕਾਇਤਾਂ ਤੇ ਉਲ੍ਹਾਮੇ ਦੇਣ ਤੋਂ ਦੂਰ ਤੇ ਅਰਦਾਸਾਂ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਮੁਬਾਰਿਕ ਸ਼ਬਦ ਦੇ ਬੋਲ ਦੇਖੋ, ਪਰ ਦੂਜੇ ਪਾਸੇ ਇਹਨਾਂ ਬੋਲਾਂ ਦੇ ਕਰਤੇ ਦਾ ਜੀਵਨ ਦੇਖੋ। ਪਹਿਲੀਆਂ ਪੰਗਤੀਆਂ ਹਨ :

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥ (ਪੰਨਾ ੩੪੫)

ਹੇ ਨਿਰੰਕਾਰ ਜੀ ! ਮੇਰੀ ਸੰਗਤ ਪੋਚ ਭਾਵ ਮਾੜੀ ਹੈ। ਮਾੜੇ ਲੋਕਾਂ ਨਾਲ

ਮੇਰੇ ਜੀਵਨ ਦੀ ਸਾਂਝ ਹੈ, ਜਿਸ ਕਰਕੇ ਮੈਨੂੰ ਦਿਨ ਰਾਤ ਇਹ ਸੋਚ ਘੇਰੀ ਰੱਖਦੀ ਹੈ। ਮੇਰਾ ਕਰਮ ਵੀ ਚੰਗਾ ਨਹੀਂ ਅਤੇ ਜਨਮ ਵੀ ਭੈੜਾ ਹੀ ਹੈ। ਭਾਵ ਮੇਰੇ ਕੋਲ ਤੇਰੇ ਦਰਬਾਰ ਦਾ ਪਿਆਰ ਲੈਣ ਵਾਸਤੇ ਕੁਝ ਵੀ ਨਹੀਂ। ਜਨਮ ਵੀ ਮਾੜਾ, ਕੰਮ ਵੀ ਚੰਗੇ ਨਹੀਂ ਅਤੇ ਸੰਗਤ ਵਿੱਚੋਂ ਹੀ ਕੁਝ ਲਾਹਾ ਖੱਟ ਸਕਾਂ, ਮੇਰੀ ਤਾਂ ਸੰਗਤ ਵੀ ਮਾੜੀ ਹੈ, ਪਰ ਫਿਰ ਵੀ ਤੁਸੀਂ ਕਿਰਪਾ ਕਰਕੇ ਬਖ਼ਸ਼ ਲਵੋ ਜੀ।

ਹੁਣ ਦੂਜੇ ਪਾਸੇ ਇਹਨਾਂ ਅੰਮ੍ਰਿਤ ਬਚਨਾਂ ਦੇ ਉਚਾਰਨਹਾਰੇ ਰੱਬੀ ਰੰਗ ਵਿੱਚ ਰੰਗੇ ਅਲਾਹੀ ਨੂਰ ਦਾ ਜੀਵਨ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਭਗਤ ਕਬੀਰ ਸਾਹਿਬ, ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਸਾਹਿਬ ਜਾਂ ਹੋਰ ਗੁਰੂ ਪੀਰਾਂ ਦੀ ਅਭੇਦ ਦੋਸਤੀ ਵਿੱਚ ਰਹਿਣ ਵਾਲਿਆਂ ਦੀ ਸੰਗਤ ਨੂੰ ਕੋਈ ਭੁੱਲ ਕੇ ਵੀ ਮਾੜੀ ਨਹੀਂ ਕਹਿ ਸਕਦਾ, ਬਲਕਿ ਜਿਹਨਾਂ ਤੋਂ ਪ੍ਰੇਰਨਾ ਲੈ ਕੇ ਹੋਰ ਲੋਕ ਵੀ ਰੱਬ ਨਾਲ ਮਿਲ ਗਏ, ਉਹਨਾਂ ਦੀ ਸੰਗਤ ਤਾਂ ਹੱਦ ਦਰਜੇ ਦੀ ਪਵਿੱਤਰ ਹੁੰਦੀ ਹੈ। ਭਗਤ ਧੰਨਾ ਜੀ ਨੇ ਇਹਨਾਂ ਤੋਂ ਹੀ ਪ੍ਰੇਰਨਾ ਲਈ ਸੀ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥

(ਪੰਨਾ ੪੮੭-੮੮)

ਕੀ ਦਸਾਂ ਨਹੁੰਆਂ ਦੀ ਕਿਰਤ ਵੀ ਕਦੇ ਭੈੜੇ ਕਰਮ ਕਰਾ ਸਕਦੀ ਹੈ ? ਇਸਦੇ ਨਾਲ ਹੀ ਜਨਮ ਕੁਭਾਂਤੀ ਤਾਂ ਉਹਨਾਂ ਲੋਕਾਂ ਦਾ ਹੁੰਦਾ ਹੈ, ਜਿਹੜੇ ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਨਾ ਕਦੇ ਧਾਰਮਿਕ ਅਸਥਾਨ 'ਤੇ ਗਏ ਨਾ ਕਦੇ ਨਾਮ ਜਪਿਆ, ਨਾ ਕਦੇ ਕਿਸੇ ਨੂੰ ਰੱਬੀ ਰਾਹ 'ਤੇ ਤੋਰਿਆ। ਪਰ ਇਥੇ ਤਾਂ ਸਾਰੇ ਦਾ ਸਾਰਾ ਜਨਮ ਹੀ ਤੁਮਾਰੇ ਲੇਖੇ ਲਾਇਆ ਹੋਇਆ ਹੈ। ਕਿਸੇ ਧਾਰਮਿਕ ਅਸਥਾਨ 'ਤੇ ਜਾਣਾ ਤਾਂ ਇੱਕ ਪਾਸੇ, ਇਹਨਾਂ ਦੇ ਨਾਂ 'ਤੇ ਹੀ ਧਾਰਮਿਕ ਅਸਥਾਨ ਬਣ ਗਏ, ਭਾਵ ਇਹ ਤਾਂ ਸਗੋਂ ਧਾਰਮਿਕ ਅਸਥਾਨਾਂ ਦੇ ਜਨਮਦਾਤਾ ਹਨ।

ਆਉ ਆਪਾਂ ਹੀ ਵੀਚਾਰੀਏ ਤੇ ਮਾਇਆ, ਮੋਹ, ਈਰਖਾ ਦੇ ਪਰਦੇ ਲਾਹ

ਕੇ ਦੀਦਾਰ ਕਰੀਏ ਕਿ ਇਹਨਾਂ ਅੰਮ੍ਰਿਤ ਬਚਨਾਂ ਵਿੱਚੋਂ ਉਹਨਾਂ ਰੱਬੀ ਰੂਹਾਂ ਦੀ ਨਹੀਂ ਬਲਕਿ ਸਾਡੀ ਅੰਦਰੂਨੀ ਤਸਵੀਰ ਹੈ। ਉਹ ਤਾਂ ਅੰਦਰੋਂ ਭਗਵਾਨ ਅਤੇ ਬਾਹਰੋਂ ਇਨਸਾਨ ਨਜ਼ਰ ਆਉਂਦੇ ਹਨ, ਪਰ ਅਸੀਂ ਅੰਦਰੋਂ ਸ਼ੈਤਾਨ ਤੇ ਬਾਹਰੋਂ ਭਗਵਾਨ ਬਣੀ ਬੈਠੇ ਹਾਂ:

ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥ (ਪੰਨਾ ੩੪੫)

ਇਹ ਪੰਗਤੀਆਂ ਸ਼ਬਦ ਦਾ ਕੇਂਦਰੀ ਭਾਵ ਹਨ। ਇਹਨਾਂ ਵਿਚ ਬਹੁਤ ਹੀ ਗਹਿਰਾ ਭਾਵ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਹਰ ਬੰਦਾ ਆਪਣਾ ਬਣਾਉਣਾ ਚਾਹੁੰਦਾ ਹੈ, ਪਰ ਭਗਤ ਪਿਆਰੇ ਸਦਾ ਆਪ ਕਿਸੇ ਦਾ ਬਣਨਾ ਚਾਹੁੰਦੇ ਹਨ। ਜੇਕਰ ਕਿਸੇ ਨੂੰ ਆਪਣਾ ਬਣਾਉਣਾ ਹੈ ਤਾਂ ਉਸਨੂੰ ਸੁਆਰਨਾ ਪੈਂਦਾ ਹੈ, ਪਰ ਜੇਕਰ ਆਪ ਕਿਸੇ ਦਾ ਬਣਨਾ ਹੋਵੇ ਤਾਂ ਆਪ ਆਪਣੇ ਆਪ ਨੂੰ ਸੁਆਰਨਾ ਪੈਂਦਾ ਹੈ। ਹੁਣ ਹਰ ਕੋਈ ਜਨ ਬਣਾਉਣਾ ਚਾਹੁੰਦਾ ਹੈ, ਪਰ ਬਣਨਾ ਨਹੀਂ ਚਾਹੁੰਦਾ, ਜਦਕਿ ਧਾਰਮਿਕ ਦੁਨੀਆਂ ਦੀ ਅਰੰਭਤਾ ਹੀ ਇਥੋਂ ਹੈ ਕਿ ਮੈਂ ਤਾਂ ਜਨ ਬਣਨ ਆਇਆ ਹਾਂ। ਮੇਰੇ ਕੋਲ ਤਾਂ ਜਨ ਬਣਨ ਵਾਲਾ ਵੀ ਕੋਈ ਗੁਣ ਨਹੀਂ, ਇਸ ਲਈ ਮੈਂ ਤਾਂ ਸਗੋਂ ਜਨ ਬਣਨ ਵਾਸਤੇ ਵੀ ਬੇਨਤੀ ਹੀ ਕਰਦਾ ਹਾਂ ਕਿ ਤੁਸੀਂ ਕਿਰਪਾ ਕਰਕੇ ਮੈਨੂੰ ਆਪਣੀ ਮਿਹਰ ਦੀ ਨਦਰਿ ਵਿੱਚੋਂ ਭੁਲਾਇਓ ਜਾਂ ਬਿਸਾਰਿਓ ਨਾ, ਮੇਰੇ ਗ਼ਰੀਬ ਦਾ ਤੁਹਾਡੇ ਬਿਨਾਂ ਹੋਰ ਕੋਈ ਸਹਾਰਾ ਨਹੀਂ। ਭਗਤ ਨਾਮਦੇਵ ਜੀ ਮਹਾਰਾਜ ਵੀ ਅਜਿਹੇ ਹੀ ਅੰਮ੍ਰਿਤ ਬਚਨ ਕਰਦੇ ਹਨ:

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥
ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥ (ਪੰਨਾ ੧੨੯੨)
ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥ (ਪੰਨਾ ੧੦੯੪)

ਜਾਪੁ ਸਾਹਿਬ ਦੀ ਬਾਣੀ ਦੀ ਅਰੰਭਤਾ ਕਰਦਿਆਂ ਹੀ ਕਲਗੀਧਰ ਪਿਤਾ ਜੀ ਤ੍ਵਪ੍ਰਸਾਦਿ ਲਿਖਦੇ ਹਨ ਕਿ ਹੇ ਵਾਹਿਗੁਰੂ ਜੀ! ਆਪ ਜੀ ਦੀ ਹੀ ਕਿਰਪਾ ਹੈ, ਪਰ ਅਸੀਂ ਕੇਵਲ ਤੇ ਕੇਵਲ ਪੜ੍ਹਕੇ ਹੀ ਹੰਕਾਰ ਦੀ ਚੋਟੀ 'ਤੇ ਪਹੁੰਚ ਜਾਂਦੇ ਹਾਂ। ਇਸੇ ਲਈ ਅੰਮ੍ਰਿਤ ਬਚਨ ਹੈ:

ਗਰਬੁ ਬਡੋ ਮੂਲੁ ਇਤਨੋ ॥
ਰਹਨੁ ਨਹੀ ਗਹੁ ਕਿਤਨੋ ॥੧॥ ਰਹਾਉ ॥ (ਪੰਨਾ ੨੧੨)

ਭਾਵ ਮੂਲ ਰਤੀ ਮਾਤਰ ਵੀ ਨਹੀਂ, ਪਰ ਹੰਕਾਰ ਪਹਾੜ ਵਰਗਾ। ਗੁਰੂ ਦਾ ਮੂਲ ਪਹਾੜ ਵਰਗਾ, ਪਰ ਹੰਕਾਰ ਦੀ ਥਾਂ 'ਤੇ ਨਿਰਾ ਪਿਆਰ ਹੀ ਪਿਆਰ

ਹੁੰਦਾ ਹੈ। ਇਸੇ ਲਈ ਤਾਂ ਅੰਦਰੋਂ ਕਿਤਨੇ ਮਹਾਨ ਗੁਣਾਂ ਦੀ ਖਾਣ ਹੋਣ ਕਰਕੇ ਵੀ ਬਾਹਰੀ ਤੌਰ 'ਤੇ ਕਿਤਨੇ ਨਿਮਰਤਾ ਭਰੇ ਜਾਂ ਗ਼ਰੀਬੀ ਭਰੇ ਨਿਰਦਾਵੇ ਦੇ ਅੰਮ੍ਰਿਤ ਬਚਨਾਂ ਦੀ ਪੁਸ਼ਾਕ ਪਹਿਨੀ ਹੋਈ ਹੈ। ਸਾਡਾ ਸਮਾਜ ਬਸ ਬਾਹਰੋਂ, ਬਾਹਰੀ ਅੱਖ ਨਾਲ ਦੇਖਕੇ ਹੀ, ਬਾਹਰੀ ਦਰਜਿਆਂ ਨਾਲ ਤਸ਼ਬੀਹਾਂ ਦੇਈ ਜਾਂਦਾ ਹੈ, ਜਦਕਿ ਇਹਨਾਂ ਦੇ ਦੀਦਾਰਾਂ ਲਈ ਤਾਂ ਉਹ ਅੱਖਾਂ ਹੀ ਵੱਖਰੀਆਂ ਹਨ, ਜਿਹਨਾਂ ਨਾਲ ਦੀਦਾਰ ਕਰਕੇ ਕੋਈ ਕਹਿ ਸਕੇ ਕਿ:

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥ (ਪੰਨਾ ੯੩)

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥
ਚਰਣ ਨ ਛਾਡਉ ਸਰੀਰ ਕਲ ਜਾਈ ॥੨॥ (ਪੰਨਾ ੩੪੫)

ਇਹਨਾਂ ਪੰਗਤੀਆਂ ਦੀ ਵੀਚਾਰ ਜਾਨਣ ਲਈ ਬਹੁਤ ਜ਼ਰੂਰੀ ਹੈ ਕਿ ਬਿਪਤਿ ਸ਼ਬਦ ਪਹਿਲਾਂ ਸਮਝ ਲਈਏ, ਜਿਸ ਦੇ ਹਰਨ ਲਈ ਅਰਦਾਸ ਕੀਤੀ ਜਾ ਰਹੀ ਹੈ। ਪ੍ਰਮੇਸ਼ਰ ਦੇ ਪਿਆਰਿਆਂ ਲਈ ਅਸਲ ਵਿੱਚ ਬਿਪਤਾ ਦੇ ਅਰਥ ਸਾਡੀ ਦੁਨੀਆਂ ਵਾਲੀ ਕੋਈ ਨਿੱਕੀ ਮੋਟੀ ਜ਼ਿੰਦਗੀ ਦੀ ਰੁਕਾਵਟ ਦਾ ਨਾਮ ਨਹੀਂ, ਸਗੋਂ ਇਥੇ ਬਿਪਤਾ ਦਾ ਅਰਥ ਹੈ ਪ੍ਰਮੇਸ਼ਰ ਜੀ ਤੋਂ ਵਿਛੋੜਾ। ਗੁਰਬਾਣੀ ਦੀ ਗੋਦ ਵਿੱਚ ਬੈਠਣ ਵਾਲਾ ਜਗਿਆਸੂ ਇਹ ਗੱਲ ਭਲੀ ਭਾਂਤ ਜਾਣ ਲੈਂਦਾ ਹੈ ਕਿ ਸਭ ਤੋਂ ਵੱਧ ਅਰਦਾਸਾਂ ਜਨਮ ਮਰਨ ਦੇ ਗੇੜ ਤੋਂ ਬਚਾਉਣ ਲਈ ਕੀਤੀਆਂ ਹੋਈਆਂ ਹਨ, ਕਿਉਂਕਿ ਜਨਮ ਮਰਨ ਹੀ ਅਸਲ ਵਿੱਚ "ਜੰਮਣੁ ਮਰਣੁ ਵਡਾ ਵੇਛੋੜਾ" ਜਾਂ "ਇਕੁ ਦੂਖੁ ਰਾਮ ਰਾਇ ਕਾਟਹੁ ਮੇਰਾ, ਅਗਨਿ ਦਹੈ ਅਰ ਗਰਭ ਬਸੇਰਾ" (ਪੰਨਾ ੩੨੯) ਬਿਆਨ ਕੀਤਾ ਹੋਇਆ ਹੈ। ਤਦ ਹੀ ਤਾਂ ਕਬੀਰ ਸਾਹਿਬ ਵਰਗੀ ਪਵਿੱਤਰ ਰੂਹ ਕਹਿ ਉਠਦੀ ਹੈ ਕਿ:

ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥੩॥੭॥
(ਪੰਨਾ ੧੧੦੪)

'ਭਵਜਲ ਫੇਰਾ' ਸ਼ਬਦ ਵੀ ਗੁਰਬਾਨੀ ਦੇ ਪਵਿੱਤਰ ਖ਼ਜ਼ਾਨੇ ਵਿੱਚੋਂ ਕਈ ਵਾਰ ਮਿਲਦਾ ਹੈ, ਜਿਵੇਂ **ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥ ਬਹੁਤੇ ਫੇਰ ਪਏ ਕਿਰਪਨ ਕਉ, ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ ਫਿਰਤ ਫਿਰਤ ਪ੍ਰਭ ਆਇਆ** ਇਤਿਆਦਿਕ। ਇਸਨੂੰ ਸਮਝਣ ਲਈ ਇੱਕ ਛੋਟੀ ਜਿਹੀ ਉਦਾਹਰਣ ਦੇਣੀ ਚਾਹੁੰਦਾ ਹਾਂ।

ਜਦੋਂ ਬਚਪਨ ਵਿੱਚ ਸਕੂਲ ਵਿੱਚ ਪੜ੍ਹਦੇ ਸਾਂ ਤਾਂ ਕਿਸੇ ਵੀ ਨਿੱਕੀ ਮੋਟੀ ਗ਼ਲਤੀ ਦੀ ਸਜ਼ਾ ਟੀਚਰ ਸਾਹਿਬ ਪਿੱਠ ਪਿੱਛੇ ਆਪਣਾ ਹੀ ਬਸਤਾ (ਬੈਗ) ਚੁਕਵਾ ਕੇ ਸਾਰੇ ਗਰਾਊਂਡ ਦਾ ਭੱਜ ਕੇ ਚੱਕਰ ਲਾਉਣ ਲਈ ਕਹਿੰਦੇ ਸਨ।

ਚੱਕਰ ਇੱਕ ਅਜਿਹੀ ਸਜ਼ਾ ਹੁੰਦਾ ਸੀ, ਜਿਹੜਾ ਸਾਰੀ ਦਿਹਾੜੀ ਅੱਖ ਨਹੀਂ ਸੀ ਚੁੱਕਣ ਦਿੰਦਾ। ਅੱਜ ਵੀ ਮਿਲਟਰੀ ਦੀ ਦੁਨੀਆਂ ਵਿੱਚ ਇਹੋ ਸਜ਼ਾ ਨਿੱਕੀ ਮੋਟੀ ਗ਼ਲਤੀ ਕਰ ਲੈਣ ਵਾਲੇ ਸਿਪਾਹੀ ਨੂੰ ਸੁਣਾ ਕੇ ਉਸਨੂੰ ਫੇਰੇ ਲਗਵਾਏ ਜਾਂਦੇ ਹਨ। ਅਸਲ ਵਿੱਚ ਫੇਰੇ ਦਾ ਅਰਥ ਹੈ ਚੱਕਰ ਕੱਟ ਕੇ ਭਾਵ ਫਿਰ ਕੇ ਫਿਰ ਉਥੇ ਹੀ ਆਉਣਾ, ਪਰ ਇਹ ਸਜ਼ਾ ਬੜੀ ਔਖੀ ਹੈ, ਹਰ ਕੋਈ ਇਸ ਤੋਂ ਡਰਦਾ ਨਿਯਮਾਂ ਦੀ ਪਾਲਣਾ ਕਰਦਾ ਹੈ। ਭਾਵੇਂ ਕਿ ਉਹ ਵਿਦਿਆਰਥੀ ਜਾਂ ਸਿਪਾਹੀ ਵੀ ਸਾਰੀ ਦਿਹਾੜੀ ਉਸ ਹੀ ਗਰਾਊਂਡ ਵਿੱਚ ਘੁੰਮਦੇ ਫਿਰਦੇ ਹਨ, ਉਹਨਾਂ ਨੂੰ ਨਾ ਸ਼ਰਮਿੰਦਗੀ, ਨਾ ਸਜ਼ਾ ਮਹਿਸੂਸ ਹੁੰਦੀ ਹੈ। ਬਸ ਇਸੇ ਤਰ੍ਹਾਂ ਭਗਤੀ ਕਰਨ ਵਾਲੇ ਜਾਂ ਪ੍ਰਮੇਸ਼ਰ ਵਿੱਚ ਅਭੇਦ ਹੋਏ, ਗੁਰੂ ਪੀਰ ਪੈਗੰਬਰ ਸਾਨੂੰ ਇਸ ਸੰਸਾਰ ਦੇ ਗਰਾਊਂਡ ਵਿੱਚ ਘੁੰਮਦਿਆਂ ਸਾਡੇ ਵਰਗੇ ਹੀ ਲੱਗਣ ਲੱਗ ਪੈਂਦੇ ਹਨ, ਪਰ ਚੇਤੇ ਰੱਖਣ ਵਾਲੀ ਗੱਲ ਹੈ ਕਿ **ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥** (ਪੰਨਾ ੭੪੯) ਦੇ ਪਵਿੱਤਰ ਬਚਨ ਮੁਤਾਬਿਕ ਉਹ ਤਾਂ ਪਰਉਪਕਾਰ ਕਰਨ ਆਏ ਹੋਏ ਹਨ, ਪਰ ਆਪਾਂ ਇੱਕ ਦੋਸ਼ੀ ਵਿਦਿਆਰਥੀ ਜਾਂ ਫ਼ੌਜੀ ਵਾਂਗ ਫੇਰੇ ਲਾ ਰਹੇ ਹਾਂ। ਅਰਦਾਸ ਇਸ ਦੋਸ਼ੀ ਹੋ ਕੇ ਫੇਰੇ ਲਾਉਣ ਤੋਂ ਮੁਕਾ ਦੇਣ ਦੀ ਹੈ। ਇਹ ਸਜ਼ਾ ਸਾਡੀ ਹੈ, ਟੀਚਰ ਜਾਂ ਫ਼ੌਜੀ ਕਮਾਂਡਰ ਦੀ ਨਹੀਂ। ਅਜਿਹੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਹਨ। ਜਿਵੇਂ ਜੱਜ ਤੇ ਦੋਸ਼ੀ ਦੋਵੇਂ ਅਦਾਲਤ ਵਿੱਚ ਹਨ, ਪਰ ਅਰਦਾਸਾਂ ਦੋਸ਼ੀ ਕਰਦਾ ਹੈ, ਜੱਜ ਤਾਂ ਡਿਊਟੀ ਕਰਦਾ ਹੈ। ਡਾਕਟਰ ਅਤੇ ਰੋਗੀ ਇੱਕੋ ਹਸਪਤਾਲ ਵਿੱਚ ਹਨ, ਪਰ ਅਰਦਾਸਾਂ ਦੁੱਖਾਂ ਦੀ ਨਿਵਿਰਤੀ ਲਈ ਮਰੀਜ਼ ਕਰਦਾ ਹੈ। ਇਸੇ ਤਰ੍ਹਾਂ ਗੁਰੂ, ਪੀਰ, ਭਗਤ ਜਨ ਤਾਂ ਪਰਉਪਕਾਰ ਦੀ ਡਿਊਟੀ ਕਰਦੇ ਹਨ, ਇਹ ਭਵਜਲ ਫੇਰਾ ਦੀ ਬਿਪਤਾ ਤਾਂ ਸਾਡੀ ਹੈ। ਹੈਰਾਨੀ ਹੁੰਦੀ ਹੈ ਜਿਹੜੇ ਸਾਡਾ ਇਲਾਜ ਕਰਦੇ ਹਨ, ਜਿਹੜੇ ਸਾਨੂੰ ਸਿੱਧੇ ਰਾਹ 'ਤੇ ਤੋਰਦੇ ਹਨ, ਜਿਹੜੇ ਸਾਡੀ ਖ਼ਾਤਰ ਅਰਦਾਸਾਂ ਕਰਦੇ ਹਨ, ਅਸੀਂ ਇਹ ਸਾਰਾ ਸਿਲਸਿਲਾ ਉਹਨਾਂ ਦਾ ਹੀ ਸਮਝ ਲੈਂਦੇ ਹਾਂ। ਭਗਤੀ ਜਾਂ ਸਿਮਰਨ ਇਸ ਹੀ ਚੀਜ਼ ਦਾ ਨਾਂ ਹੈ ਕਿ ਗੁਰਬਾਣੀ ਦੇ ਇਹਨਾਂ ਬਚਨਾਂ ਨੂੰ ਪੜ੍ਹ ਕੇ ਇਹ ਅਵਸਥਾ ਅਸੀਂ ਆਪਣੀ ਜਾਣ ਕੇ ਅਰਦਾਸ ਵਿੱਚ ਆਪਣੀ ਭਾਵਨਾ ਨੂੰ ਸ਼ਾਮਿਲ ਕਰਨਾ ਹੈ। ਅਰਦਾਸ ਜਾਂ ਇਹ ਬਿਪਤਾ ਉਹਨਾਂ ਦੀ ਨਹੀਂ, ਇਹ ਤਾਂ ਬਲਕਿ ਸਾਡੀ ਹੈ, ਉਹ ਤਾਂ ਜਨ ਪਰਉਪਕਾਰੀ ਸਾਨੂੰ ਰੱਬੀ ਬੋਲੀ ਨਾ ਬੋਲਣ ਕਰਕੇ ਸਾਡੀ ਥਾਂ 'ਤੇ ਅਰਦਾਸ ਕਰਦੇ ਹਨ। ਹੁਣ ਅਰਥ, ਹੇ ਵਾਹਿਗੁਰੂ ਜੀ! ਮੇਰੀ ਜਨਮ ਮਰਣ ਜਾਂ ਭਵਜਲ ਫੇਰਾ ਦੀ ਬਿਪਤਾ ਨੂੰ ਕੱਟ ਦਿਓ, ਮੇਰੇ 'ਤੇ ਪਰਉਪਕਾਰ ਕਰ ਦਿਓ, ਇਹ ਗੱਲ ਮੈਂ ਇਤਨੀ ਨਿਸ਼ਚੇ ਨਾਲ ਕਹਿੰਦਾ ਹਾਂ ਕਿ ਮੇਰਾ ਸਰੀਰ ਤੇ ਭਾਵੇਂ ਸਰੀਰ ਦੀ ਸਤਿਆ ਵੀ ਖ਼ਤਮ ਹੋ ਜਾਵੇ, ਪਰ ਮੈਂ ਆਪ ਜੀ ਦੇ ਚਰਨ ਨਹੀਂ ਛੱਡਣੇ ਕਿਉਂਕਿ ਸਰੀਰ ਤਾਂ ਫਿਰ ਵੀ ਚੰਗਾ

ਮਾੜਾ ਮਿਲ ਹੀ ਸਕਦਾ ਹੈ, ਪਰ ਆਪ ਜੀ ਦੇ ਚਰਨ ਦੁਬਾਰਾ ਨਹੀਂ ਮਿਲਣੇ, ਇਸ ਲਈ ਕਿਰਪਾ ਕਰ ਦਿਓ ਜੀ :

ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥ *(ਪੰਨਾ ੩੪੫)*

ਰਵਿਦਾਸ ਮਹਾਰਾਜ ਜੀ ਅਰਦਾਸ ਕਰਦੇ ਹਨ ਕਿ ਤੇਰੀ ਸ਼ਰਨ (ਸਾਭਾ) ਵਿੱਚ ਡਿੱਗ ਪਏ ਹਾਂ। ਹੋਰ ਕੋਈ ਆਸ਼ਰਮ ਨਹੀਂ, ਇਸ ਲਈ ਹੁਣ ਦੇਰੀ ਨਾ ਕਰੋ ਅਤੇ ਮਿਲਾਪ ਬਖ਼ਸ਼ੋ। ਹੁਣ ਜਿਤਨੀ ਜਲਦੀ ਹੋ ਸਕੇ, ਉਤਨੀ ਜਲਦੀ ਮਿਲਾਪ ਬਖ਼ਸ਼ੋ।

ਦੁਨੀਆਂ ਦਾ ਹਰ ਦੋਸ਼ੀ ਜਾਂ ਦੁਖਿਆਰਾ ਦੋ ਗੱਲਾਂ ਹਮੇਸ਼ਾ ਭਾਲਦਾ ਹੈ ਕਿ ਜਿਤਨੀ ਜਲਦੀ ਹੋ ਸਕੇ ਮੈਂ ਸੁਖੀ ਹੋ ਜਾਵਾਂ। ਦੋਸ਼ੀ ਚਾਹੁੰਦਾ ਹੈ ਕਿ ਜਿਤਨੀ ਸਜ਼ਾ ਘੱਟ ਤੋਂ ਘੱਟ ਹੋਵੇ, ਉਤਨੀ ਹੀ ਮੇਰੇ ਵਾਸਤੇ ਬਹੁਤ ਹੀ ਲਾਹੇਵੰਦ ਹੈ। ਦੂਜੇ ਪਾਸੇ ਮਰੀਜ਼ ਤਾਂ ਹਰ ਵਕਤ ਤੜਪਦਾ ਹੀ ਸੁੱਖ ਦਾ ਮੂੰਹ ਵੇਖਣ ਲਈ ਹੁੰਦਾ ਹੈ। ਉਸਦਾ ਹਰ ਤਰਲਾ, ਹਰ ਅਰਜ਼ੋਈ, ਹਰ ਅੱਥਰੂ ਜਾਂ ਹਰ ਇਕ ਦਾ ਮਿੰਨਤ ਤਰਲਾ, ਹੈ ਹੀ ਦੁੱਖਾਂ ਤੋਂ ਜਲਦੀ ਤੋਂ ਜਲਦੀ ਛੁਟਕਾਰਾ ਪਾਣ ਲਈ।

ਇਸ ਲਈ ਇਸ ਸਮੁੱਚੇ ਸ਼ਬਦ ਵਿੱਚ ਅਸਲ ਸਾਡੀ ਵੇਦਨਾ ਹੈ ਕਿ ਮੇਰੀ ਸੰਗਤਿ, ਮੇਰਾ ਜਨਮ, ਮੇਰਾ ਕਰਮ ਸਭ ਕੁਝ ਅਜਿਹਾ ਹੈ, ਜਿਸ ਵਿੱਚੋਂ ਕਿਸੇ ਵੀ ਆਸਰੇ ਤੇਰੇ ਦਰ 'ਤੇ ਪਰਵਾਨ ਹੋਣ ਜੋਗੇ ਨਹੀਂ। ਫਿਰ ਲਾਚਾਰੀ ਹੀ ਸੱਚੀ ਅਰਦਾਸ ਬਣਦੀ ਹੈ ਕਿ ਮੈਨੂੰ ਤੁਸੀਂ ਆਪਣਾ ਸੁਭਾਅ ਜਾਣ ਕੇ ਆਪਣੇ ਤੋਂ ਦੂਰ ਨਾ ਕਰਕੇ ਬਲਕਿ ਆਪਣੇ ਵਿੱਚ ਮਿਲਾ ਲਵੋ ਜੀ। ਇਹ ਤਾਂ ਸੋਚ ਸਾਨੂੰ ਚਾਹੀਦੀ ਹੈ ਕਿ :

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥ *(ਪੰਨਾ ੩੪੫)*

ਬਾਣੀ ਭਗਤ ਰਵਿਦਾਸ ਜੀ ਕੀ

ਗਉੜੀ

ਬੇਗਮ ਪੂਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

(ਪੰਨਾ ੩੪੫)

ਬੇਗਮ ਪੂਰਾ—ਜਿਥੇ ਕੋਈ ਦੁੱਖ ਨਾ ਰਹੇ, ਗ਼ਮ ਤੋਂ ਬਿਨਾ। ਅੰਦੋਹ—ਚਿੰਤਾ। ਤਸਵੀਸ—ਸੋਚ। ਖਿਰਾਜ—ਕੱਰ। ਖਤਾ—ਭੁੱਲ। ਤਰਸ—ਡਰ। ਜਵਾਲ—ਹੇਠਾਂ ਡਿੱਗਣਾ। ਦਾਇਮੁ—ਸਦਾ। ਸੇਮ—ਤੀਜਾ। ਗਨੀ—ਧਨੀ। ਮਾਮੂਰ—ਰੱਜੇ ਹੋਏ। ਮਹਰਮ—ਭੇਤੀ। ਖਲਾਸ—ਜਿਸ ਦੇ ਬੰਧਨ ਕੱਟੇ ਗਏ ਹਨ, ਮੁਕਤ।

ਬੇਗਮ ਪੁਰਾ

ਜਨਮ ਅਤੇ ਰਿਹਾਇਸ਼ ਜ਼ਿੰਦਗੀ ਨਾਲ ਬਹੁਤ ਹੀ ਨੇੜੇ ਦਾ ਰਿਸ਼ਤਾ ਰੱਖਣ ਵਾਲੇ ਸ਼ਬਦ ਹਨ। ਜਨਮ ਉੱਤੇ ਮਨੁੱਖ ਦਾ ਕੋਈ ਜ਼ੋਰ ਨਾ ਚੱਲਣ ਕਰਕੇ ਇਹ ਜਨਮ ਦੀ ਕਿਰਿਆ ਨੂੰ ਉਸ ਤਰ੍ਹਾਂ ਹੀ ਸਵੀਕਾਰ ਕਰ ਲੈਂਦਾ ਹੈ, ਪਰ ਰਿਹਾਇਸ਼ ਲਈ ਹਮੇਸ਼ਾ ਉਹ ਥਾਂ ਚੁਣਦਾ ਹੈ, ਜਿਥੇ ਜ਼ਿੰਦਗੀ ਦੇ ਸਭ ਤੋਂ ਵੱਧ ਸੁਖ ਹੋਵਣ। ਆਮ ਕਰਕੇ ਦੇਖਦੇ ਹਾਂ, ਮਨੁੱਖ ਇੱਕ ਥਾਂ ਤੋਂ ਦੂਜੀ ਥਾਂ ਅਕਸਰ ਆਪਣੇ ਸੁੱਖਾਂ ਸਹੂਲਤਾਂ ਨੂੰ ਪ੍ਰਮੁੱਖ ਰੱਖਕੇ ਤਬਦੀਲ ਕਰਦਾ ਰਹਿੰਦਾ ਹੈ। ਹਰ ਥਾਂ ਦੀ ਆਪਣੀ ਇੱਕ ਵਿਸ਼ੇਸ਼ਤਾ ਹੁੰਦੀ ਹੈ, ਕਿਧਰੇ ਬਚਪਨ ਦੀਆਂ ਸਹੂਲਤਾਂ ਜ਼ਿਆਦਾ ਹਨ, ਕਿਧਰੇ ਜਵਾਨੀ ਦੀਆਂ ਮੌਜਾਂ ਹਨ, ਕਿਧਰੇ ਬੁਢਾਪੇ ਨਾਲ ਬਹੁਤ ਹਮਦਰਦੀ ਹੈ, ਕਿਧਰੇ ਇਸਤਰੀ ਦੇ ਹੱਕ ਜ਼ਿਆਦਾ ਹਨ, ਕਿਧਰੇ ਰੋਗੀਆਂ ਦੀ ਸੰਭਾਲ ਲਈ ਅਨੇਕਾਂ ਸੁੱਖ ਸਹੂਲਤਾਂ ਹਨ, ਕਿਧਰੇ ਕਾਲੀ ਚਮੜੀ ਦੀ ਜ਼ਿਆਦਾ ਪੁੱਛ ਪ੍ਰਤੀਤ ਹੈ, ਕਿਧਰੇ ਚਿੱਟੀ (ਸਫ਼ੈਦ) ਚਮੜੀ ਨਾਲ ਜੁੜੇ ਲੋਕ ਹਨ, ਕਿਧਰੇ ਧਨ ਦੀ ਕਮਾਈ ਹੈ, ਕਿਧਰੇ ਰਾਜਨੀਤਕ ਸੁੱਖਾਂ ਨੇ ਮਨੁੱਖ ਨੂੰ ਉਥੇ ਵੱਸਣ ਲਈ ਮਜਬੂਰ ਕੀਤਾ ਹੈ, ਪਰ ਹਰ ਇੱਕ ਥਾਂ 'ਤੇ ਹਰ ਇੱਕ ਸੁੱਖ ਸਹੂਲਤਾਂ ਨਹੀਂ ਮਿਲਦੀਆਂ, ਕਿਧਰੇ ਇੱਕ ਜ਼ਿਆਦਾ ਪਰ ਦੂਜਾ ਪੱਖ ਬਹੁਤ ਕਮਜ਼ੋਰ ਹੈ। ਜਿਵੇਂ ਇੱਕ ਛੋਟੀ ਜਿਹੀ ਉਦਾਹਰਣ ਵੀਚਾਰ ਲਈਏ। ਭਾਰਤੀ ਜਾਂ ਪੂਰਬੀ ਦੇਸ਼ਾਂ ਵਿੱਚ ਮਾਨਸਿਕ ਪੱਧਰ ਦਾ ਟਿਕਾਅ ਜ਼ਿਆਦਾ ਹੈ, ਪਰ ਸਰੀਰਕ ਸੁੱਖ ਸਹੂਲਤਾਂ ਦੀ ਥੋੜ ਨਜ਼ਰ ਆਉਂਦੀ ਹੈ। ਪੱਛਮੀ ਮੁਲਕਾਂ ਵਿੱਚ ਸਰੀਰਕ ਸੁੱਖ ਸਹੂਲਤਾਂ ਤਾਂ ਬਹੁਤ ਹਨ, ਪਰ ਉਹਨਾਂ ਵਿੱਚੋਂ ਮਿਲਣ ਵਾਲੇ ਸੁੱਖ ਨੂੰ ਉਥੋਂ ਦੇ ਲੋਕ ਮਾਨਸਿਕ ਪੱਧਰ ਦਾ ਟਿਕਾਅ ਨਾ ਹੋਣ ਕਰਕੇ ਮਾਣ ਨਹੀਂ ਸਕਦੇ। ਕਿਧਰੇ ਮਾਨਸਿਕ ਸੁੱਖ ਦੇ ਭੁੱਖੇ ਲੋਕ ਹਨ, ਕਿਧਰੇ ਸਰੀਰਕ ਸੁੱਖਾਂ ਨੂੰ ਤਰਸਦੇ ਲੋਕ ਹਨ। ਇਹ ਸੱਚ ਹੈ ਕਿ ਸਾਰੇ ਸੁਖੀ ਕਿਧਰੇ ਵੀ ਨਹੀਂ। ਭਗਤ ਫ਼ਰੀਦ ਜੀ ਦੇ ਇਹ ਬਚਨ ਕਿ "ਦੁਖ ਸਬਾਇਆ ਜਗ" ਦੁਨੀਆਂ ਦੇ ਝੂਠੇ ਪੋਲ ਖੋਲ੍ਹ ਦਿੰਦੇ ਹਨ।

ਕੁਝ ਕੁ ਜ਼ਰੂਰੀ ਨੁਕਤੇ ਇਥੇ ਸਾਂਝੇ ਕਰਨੇ ਚਾਹੁੰਦਾ ਹਾਂ, ਜਿਸ ਨਾਲ ਇਉਂ ਪ੍ਰਤੀਤ ਹੋਵੇਗਾ, ਜਿਵੇਂ ਕਿਸੇ ਪੈਗ਼ੰਬਰੀ ਸੋਚ ਅੱਗੇ ਸਮੁੱਚੀ ਮਨੁੱਖਤਾ ਨਮਸਕਾਰ

ਕਰਦੀ ਹੋਵੇ। ਪਹਿਲਾ ਇਹ ਜਗਤ ਪ੍ਰਸਿੱਧ ਨੁਕਤਾ ਹੈ ਕਿ ਹਰ ਵਾਰ ਅਮੀਰ ਉੱਚੇ ਘਰਾਂ ਵਿੱਚ ਰਹਿਣ ਵਾਲਿਆਂ ਨੇ ਹਮੇਸ਼ਾ ਗ਼ਰੀਬਾਂ ਦੀਆਂ ਕੁੱਲੀਆਂ ਸਾੜੀਆਂ ਹਨ। ਅੱਜ ਵੀ ਇਹ ਦਰਦ ਹਰ ਰੋਜ਼ ਕਿਤੇ ਨਾ ਕਿਤੇ ਜ਼ਰੂਰ ਵਰਤਦਾ ਨਜ਼ਰ ਆਉਂਦਾ ਰਹਿੰਦਾ ਹੈ। ਅਮੀਰਾਂ ਨੇ ਗ਼ਰੀਬਾਂ ਦੀਆਂ ਕੁੱਲੀਆਂ ਸਾੜ ਕੇ ਵੱਡੀਆਂ ਵੱਡੀਆਂ ਕਲੋਨੀਆਂ, ਮਹਿਲ ਜਾਂ ਹੋਟਲ ਉਸਾਰੇ ਹਨ, ਪਰ ਕਿਸੇ ਗ਼ਰੀਬ ਨੇ ਕਿਸੇ ਅਮੀਰ ਦੇ ਘਰ ਨੂੰ ਅਜਿਹਾ ਨਰਕ ਨਹੀਂ ਬਣਾਇਆ ਹੋਵੇਗਾ। ਹਾਂ, ਕੋਈ ਪਾਪੀ ਬਿਰਤੀ ਦਾ ਪਾਪ ਕਰਨ ਵਾਲਾ ਹੋਵੇ ਤਾਂ ਇਹ ਗੱਲ ਵੱਖਰੀ ਹੈ। ਆਮ ਕਰਕੇ ਦੇਖੀਏ ਤਾਂ ਜਿਹੜੇ ਪਲਾਟ ਜਾਂ ਘਰ ਗ਼ਰੀਬ ਕਲੋਨੀਆਂ ਜਾਂ ਅਪਾਰਟਮਿੰਟਾਂ ਦੇ ਨੇੜੇ ਹੋਵਣ, ਉਹਨਾਂ ਦੀ ਸਗੋਂ ਨੇੜੇ ਹੋਣ ਨਾਲ ਹੀ ਕੀਮਤ ਘੱਟ ਜਾਂਦੀ ਹੈ। ਪਰ ਇਥੇ ਧਿਆਨ ਨਾਲ ਵੇਖੋ, ਕੋਈ ਕੱਖਾਂ ਦੀ ਕੁੱਲੀ ਵਿੱਚੋਂ ਪੈਦਾ ਹੋਈ ਰੱਬੀ ਰੂਹ, ਗ਼ਰੀਬਾਂ ਲਈ ਹੀ ਨਹੀਂ ਬਲਕਿ ਸਰਬਤ ਦੇ ਭਲੇ ਦੀ ਭਾਵਨਾ ਨਾਲ ਮਹਿਲਾਂ ਵਿੱਚ ਰਹਿਣ ਵਾਲੇ ਗ਼ਮਾਂ ਦੀਆਂ ਕੈਦਾਂ ਭੁਗਤ ਰਹੇ ਸਾਰੇ ਲੋਕਾਂ ਨੂੰ ਕਿਵੇਂ ਗ਼ਮਾਂ ਤੋਂ ਰਹਿਤ ਜ਼ਿੰਦਗੀ ਦੇ ਅਜ਼ਾਦ ਸਵਰਗ ਦਾ ਰਾਹ ਵਿਖਾ ਰਹੀ ਹੈ।

ਦੂਜਾ ਨੁਕਤਾ ਦੁਨੀਆਂ ਦੀ ਹਰ ਦਾਨੀ ਕਲਮ ਨੇ ਸਾਂਝਾ ਕੀਤਾ ਹੈ ਕਿ ਬੰਦਾ ਆਪਣੇ ਦੁੱਖਾਂ ਕਰਕੇ ਓਨਾ ਦੁੱਖੀ ਨਹੀਂ, ਜਿੰਨਾ ਦੂਜੇ ਦੇ ਸੁੱਖਾਂ ਕਰਕੇ ਹੈ। ਇਸ ਲਈ ਹਰ ਮਨੁੱਖ ਦੀ ਇਹ ਭਾਵਨਾ ਰਹੀ ਹੈ ਕਿ ਹਰ ਸੁੱਖ ਮੇਰੇ ਵਿੱਚ ਹੋਵੇ ਤੇ ਹਰ ਦੁੱਖ ਦੂਜੇ ਦੇ ਘਰ ਵਿੱਚ ਹੋਵੇ। ਪਰ ਇਥੇ ਗੱਲ ਘਰ ਦੀ ਨਹੀਂ, ਗੱਲ ਹੀ ਸ਼ਹਿਰ ਦੀ ਕੀਤੀ ਹੈ, ਕਿਉਂਕਿ ਘਰ ਤਾਂ ਇਕ ਪਰਿਵਾਰ ਨਾਲ ਵੀ ਬਣ ਜਾਂਦਾ ਹੈ, ਪਰ ਕਦੇ ਸ਼ਹਿਰ ਇੱਕ ਪਰਿਵਾਰ ਨਾਲ ਨਹੀਂ ਬਣਦਾ। ਸ਼ਹਿਰ ਦੀ ਬਣਤਰ ਦਾ ਅਰਥ ਹੀ ਇਹ ਹੁੰਦਾ ਹੈ, ਜਿਥੇ ਹਰ ਤਰ੍ਹਾਂ ਦੀ ਮੌਜ ਹਰ ਇੱਕ ਲਈ ਹੋਵੇ, ਕੋਈ ਵੀ ਆਪਣੀ ਹਸਤੀ ਮੁਤਾਬਿਕ ਖ਼ਰੀਦ ਸਕਦਾ ਹੈ। ਭਾਵ ਜਿਥੇ ਹਰ ਘਰ ਵਿੱਚ ਹਰ ਸੁੱਖ ਆਪਣੇ ਲਈ ਹੁੰਦਾ ਹੈ, ਉਥੇ ਹਰ ਸ਼ਹਿਰ ਵਿੱਚ ਹਰ ਸੁੱਖ ਦੂਜਿਆਂ ਲਈ ਹੁੰਦਾ ਹੈ। ਇਤਨੀ ਪੂਜਣ ਯੋਗ ਸੋਚ ਹੈ ਕਿ ਬੇਗਮ ਪੁਰਾ ਮੇਰਾ ਘਰ ਨਹੀਂ ਬਲਕਿ ਇੱਕ ਸ਼ਹਿਰ ਹੋਵੇ, ਜਿਥੇ ਹਰ ਕੋਈ ਗ਼ਮਾਂ ਤੋਂ ਰਹਿਤ ਹੋਵੇ।

ਅੱਜ ਦੁਨੀਆਂ ਦੇ ਸਿਆਸੀ ਪਿਤਾਮਾ ਜਾਂ ਸਾਰੇ ਮੁਲਕਾਂ ਦੀ ਸੋਚ ਇਸ ਗੱਲ 'ਤੇ ਅਜਿਹੇ ਸੱਚੇ ਕਰਾਂਤੀਕਾਰੀ ਬੋਲ ਪੜ੍ਹ, ਸੁਣ ਵੀਚਾਰ ਕੇ ਕਹਿ ਉਠਦੇ ਹਨ ਕਿ ਜੇਕਰ ਸੰਸਾਰ ਵਿੱਚ ਸਭ ਤੋਂ ਸੁਖੀ ਕਦੇ ਰਾਜ ਹੋਵੇਗਾ ਤਾਂ ਉਸਦਾ ਨਕਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਇਸ ਅੰਮ੍ਰਿਤ-ਮਈ ਬਾਣੀ ਵਿੱਚੋਂ ਲਿਆ ਜਾਵੇਗਾ।

ਇਥੇ ਅਜੋਕੀ ਦੁਨੀਆਂ ਦੀ ਭੱਜ-ਦੌੜ ਨੂੰ ਕਿੰਨੀ ਰਾਹਤ ਮਿਲ ਸਕਦੀ ਹੈ ਜੇਕਰ ਇਹ ਨੁਕਤਾ ਵੀ ਵੀਚਾਰ ਦਾ ਸ਼ਿੰਗਾਰ ਬਣ ਜਾਵੇ। ਇਹ ਨੁਕਤਾ ਹੈ ਕਿ ਮਨੁੱਖ ਅਨੇਕਾਂ ਤਰ੍ਹਾਂ ਦੇ ਸੱਚ ਝੂਠ ਦੇ ਹੀਲੇ ਵਸੀਲੇ ਬਣਾ ਕੇ ਕਈ ਸੁਖੀ ਦਿਸਦੇ ਮੁਲਕਾਂ ਦੀ ਸਦੀਵੀ ਰਿਹਾਇਸ਼ ਦੇ ਲਈ ਕਈ ਕੁਝ ਕਰਦਾ ਹੈ, ਇਹ ਆਪਾਂ ਸਾਰੇ ਹੀ ਜਾਣਦੇ ਹਾਂ, ਪਰ ਫਿਰ ਵੀ ਇਹ ਹੱਕ ਮਿਲ ਜਾਂਦਾ ਹੈ ਤਾਂ ਵੀ ਤਾਂ ਇੱਕ ਗ਼ਮ ਬਣਿਆ ਰਹਿੰਦਾ ਹੈ ਕਿ ਹੁਣ ਇਹ ਨਹੀਂ ਪਤਾ ਕਿ ਕਦੋਂ ਰੱਬੀ ਸੱਦੇ ਨੇ ਮੇਰੇ ਸਾਰੇ ਹੀਲੇ ਵਸੀਲੇ ਫਿਰ ਝੂਠੇ ਕਰਕੇ ਮੈਨੂੰ ਮੌਤ ਨੇ ਅੱਗੇ ਲਾ ਲੈ ਜਾਣਾ ਹੈ। ਮੈਂ ਕਹਿਣ ਨੂੰ ਹੀ ਇਥੇ ਪੱਕਾ ਹੁੰਦਾ ਹਾਂ ਪਰ ਅਸਲ ਵਿੱਚ ਕੱਚੇ ਦੀ ਬੁਨਿਆਦ ਕਿਵੇਂ ਪੱਕੀ ਹੋ ਸਕਦੀ ਹੈ, ਸਗੋਂ ਮੇਰੇ ਅੰਦਰ ਇਹ ਸੋਚ ਪੈਦਾ ਹੋ ਜਾਵੇ ਕਿ ਇੱਕ ਦਿਨ ਮੈਂ ਉਥੇ ਪੱਕਾ ਹੋ ਜਾਵਾਂ, ਜਿਥੋਂ ਫਿਰ ਕੋਈ ਮੈਨੂੰ ਬੇਘਰਾ ਜਾਂ ਬੇਦਰਾ ਨਾ ਕਹਿ ਸਕੇ।

ਦੇਖੋ, ਇੱਕ ਬਜ਼ੁਰਗ ਬਾਪੂ ਜੀ ਗੁਰੂ ਜੀ ਦੀ ਗੋਦ ਵਿੱਚ ਗਏ, ਸੇਵਾ ਮਿਲ ਗਈ, ਸੇਵਾ ਹੀ ਨਹੀਂ ਬਲਕਿ ਅਜਿਹੀ ਸੱਚੀ ਥਾਂ ਪ੍ਰਾਪਤ ਹੋ ਗਈ, ਜਿਸਨੂੰ ਲੋਕ ਅਮਰੂ ਨਿਥਾਵਾਂ ਆਦਿਕ ਨਾਵਾਂ ਨਾਲ ਟਾਂਚ ਕਰਦੇ ਸਨ। ਉਹਨਾਂ ਨੂੰ ਅੱਜ ਤਰਸ-ਤਰਸ ਕੇ ਅਰਦਾਸਾਂ ਕਰਦੇ ਹਾਂ ਕਿ ਹੇ ਨਿਥਾਵਿਆਂ ਦੇ ਥਾਂਵ ਗੁਰੂ ਅਮਰਦਾਸ ਜੀਉ! ਮੈਨੂੰ ਵੀ ਆਪਣੇ ਸੋਹਣੇ ਚਰਨਾਂ ਵਿੱਚ ਥਾਂ ਬਖ਼ਸ਼ੋ ਜੀ।

ਸੋ ਅਸਲੀਅਤ ਤੋਂ ਨਾ ਜਾਣੂੰ ਹੋਣ ਕਰਕੇ ਜਿਥੇ ਪੱਕਾ ਹੋਣਾ ਚਾਹੀਦਾ ਸੀ, ਉਥੇ ਸਾਰੀ ਜ਼ਿੰਦਗੀ ਗੁਜ਼ਾਰ ਕੇ ਵੀ ਕੱਚਾ ਹੀ ਰਹਿੰਦਾ ਹੈ, ਪਰ ਦੂਜੇ ਪਾਸੇ ਜਿਥੋਂ ਕੱਚਾ ਰਹਿ ਕੇ ਵੀ ਚਲਾ ਜਾਣਾ ਸੀ, ਉਥੇ ਕਮਲਾ ਪੱਕੇ ਹੋਣ ਦੀਆਂ ਖ਼ੁਸ਼ੀਆਂ ਮਨਾਉਂਦਾ ਰਹਿੰਦਾ ਹੈ। ਭਾਵ ਜਿਥੇ ਪੱਕਾ ਹੋਣਾ ਸੀ ਉਥੇ ਕੱਚਾ ਹੀ ਰਿਹਾ, ਜਿਥੇ ਕੱਚਾ ਰਹਿ ਕੇ ਵਕਤ ਸਰ ਜਾਣਾ ਸੀ, ਉਥੇ ਪੱਕਾ ਹੁੰਦਾ ਰਿਹਾ।

ਸੋ ਸਾਫ਼ ਸਪੱਸ਼ਟ ਹੈ ਕਿ ਸੰਸਾਰ ਦੇ ਕਿਸੇ ਵੀ ਸੰਵਿਧਾਨ ਵਿੱਚ ਅਜਿਹੇ ਮਨੁੱਖੀ ਸੁੱਖਾਂ ਅਤੇ ਅਜ਼ਾਦੀ ਦੀ ਗੱਲ ਨਹੀਂ, ਜਿਹੋ ਜਿਹੀ ਸਤਿਗੁਰੂ ਜੀ ਦੀ ਬਾਣੀ ਵਿੱਚ ਅੰਕਿਤ ਕੀਤੀ ਹੋਈ ਹੈ:

ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥ (ਪੰਨਾ ੩੪੫)

ਹੇ ਦੁਨੀਆਂ ਦੇ ਲੋਕੋ! ਮੈਂ ਹੁਣ ਬਹੁਤ ਚੰਗੇ ਮੁਲਕ ਦੀ ਰਿਹਾਇਸ਼ੀ ਇਜਾਜ਼ਤ ਪ੍ਰਾਪਤ ਕਰ ਲਈ ਹੈ। ਉਥੇ ਸਦੀਵਤਾ ਦੀਆਂ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ। ਹਰ ਦੁੱਖ ਅਤੇ ਸੁੱਖ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਇਥੋਂ ਦੀਆਂ ਖ਼ੁਸ਼ੀਆਂ ਵੀ ਆਮ ਖ਼ੁਸ਼ੀਆਂ ਨਾਲੋਂ ਵੱਖਰੀਆਂ ਹਨ। ਅੱਗੇ ਉਹਨਾਂ ਖ਼ੁਸ਼ੀਆਂ ਦਾ ਜ਼ਿਕਰ ਕੀਤਾ ਹੋਇਆ ਹੈ:

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (ਪੰਨਾ ੩੪੫)

ਪਹਿਲੀ ਗੱਲ ਤਾਂ ਮੇਰੇ ਸ਼ਹਿਰ ਦਾ ਨਾਮ ਹੀ ਬੇਗਮ ਪੁਰਾ ਹੈ। ਗ਼ਮ ਸ਼ਬਦ ਦਾ ਅਰਥ ਹੁੰਦਾ ਹੈ ਜਦੋਂ ਕਦੇ ਦੁੱਖਾਂ ਨੂੰ ਵੀ ਹੰਢਾ ਕੇ ਉਹਨਾਂ ਦੇ ਪਿੱਛੇ ਬਚੀ ਦੁੱਖਾਂ ਦੀ ਯਾਦ ਗ਼ਮ ਬਣ ਜਾਂਦੀ ਹੈ। ਸਾਰੀ ਲੁਕਾਈ ਗ਼ਮਾਂ ਵਿੱਚ ਜ਼ਿੰਦਗੀ ਗੁਜ਼ਾਰਦੀ ਹੈ, ਕਿਸੇ ਨੂੰ ਪੁੱਤ ਦਾ ਗ਼ਮ, ਕਿਸੇ ਨੂੰ ਧੀ ਦਾ ਗ਼ਮ, ਕਿਸੇ ਨੂੰ ਧਨ ਦੌਲਤ, ਕਿਸੇ ਨੂੰ ਦੁਨਿਆਵੀ ਸੁੱਖ ਸਹੂਲਤਾਂ ਦੇ ਗ਼ਮ, ਪਰ ਮੇਰਾ ਸ਼ਹਿਰ ਹੀ ਉਹ ਹੈ, ਜਿਹੜਾ ਗ਼ਮਾਂ ਨੂੰ ਵੀ ਖ਼ੁਸ਼ੀਆਂ ਵਿੱਚ ਤਬਦੀਲ ਕਰ ਦਿੰਦਾ ਹੈ। ਉਥੋਂ ਦੇ ਰਾਜੇ ਦੇ ਬਰਾਬਰ ਦਾ ਕੋਈ ਰਾਜਾ ਹੀ ਨਹੀਂ:

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥
(ਪੰਨਾ ੮੫੬)

ਰਾਜਾਨ ਰਾਜ ॥ ਭਾਨਾਨ ਭਾਨ ॥
ਦੇਵਾਨ ਦੇਵ ॥ ਉਪਮਾ ਮਹਾਨ ॥

ਜਿਥੋਂ ਦਾ ਰਾਜਾ ਹੀ ਸਭ ਤੋਂ ਵੱਡਾ ਹੋਵੇ, ਉਸਨੂੰ ਕਿਸੇ ਕਿਸਮ ਦਾ ਕੋਈ ਡਰ ਨਾ ਹੋਵੇ, ਉਸਦਾ ਹੀ ਮੁਲਕ ਬੇਗਮ ਪੁਰਾ ਹੋ ਸਕਦਾ ਹੈ। ਪਹਿਲੀ ਖ਼ੂਬੀ ਹੈ ਕਿ ਗ਼ਮ ਕੋਈ ਵੀ ਨਹੀਂ। ਜਿਵੇਂ ਗ਼ਮ ਦਾ ਅਰਥ ਦੁੱਖਾਂ ਦੀ ਯਾਦ ਹੈ, ਪਰ ਜਿਥੇ ਦੁੱਖ ਹੀ ਨਾ ਹੋਵੇ, ਉਥੇ ਗ਼ਮ ਨਹੀਂ ਹੁੰਦਾ। ਦੁੱਖ ਕਿਸੇ ਚਿੰਤਾ, ਫ਼ਿਕਰ, ਝੋਰੇ ਵਿੱਚੋਂ ਜਨਮ ਲੈਂਦੇ ਹਨ, ਇਥੇ ਤਾਂ ਅੰਦੋਹ ਭਾਵ ਫ਼ਿਕਰ ਹੀ ਕੋਈ ਨਹੀਂ। ਫ਼ਿਕਰ ਜਾਂ ਅੰਦੋਹ ਕਿਸੇ ਕਮਜ਼ੋਰੀ ਜਾਂ ਘਾਟ ਵਿੱਚੋਂ ਜਨਮ ਲੈਂਦੀ ਹੈ, ਪਰ ਜਿਥੋਂ ਦਾ ਮਾਲਕ ਹੀ ਆਪ ਵੀ ਪੂਰਾ ਹੈ ਤੇ ਅਧੂਰੇ ਲੋਕਾਂ ਨੂੰ ਵੀ ਪੂਰਾ ਕਰ ਲੈਂਦਾ ਹੈ, ਫਿਰ ਉਥੇ ਫ਼ਿਕਰ ਚਿੰਤਾ ਦਾ ਜਨਮ ਹੀ ਨਹੀਂ ਹੁੰਦਾ, ਇਸ ਲਈ ਉਥੇ ਕਿਸੇ ਨੂੰ:

ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ (ਪੰਨਾ ੩੪੫)

ਉਥੇ ਕੋਈ ਪਰੇਸ਼ਾਨੀ ਨਹੀਂ। ਇਥੇ ਵੀ ਇੱਕ ਗੱਲ ਮੂਲ ਰੂਪ ਵਿੱਚ ਛੁਪੀ ਹੋਈ ਸਮਝਣੀ ਪੈਣੀ ਹੈ। ਇਹ ਸਾਰੀਆਂ ਅਲਾਮਤਾਂ ਉਥੇ ਪੈਦਾ ਹੁੰਦੀਆਂ ਹਨ, ਜਿਥੇ ਮੇਰੀ ਦੀ ਵੀਚਾਰ ਹੋਵੇ। ਜਦੋਂ ਮੇਰਾ ਹੀ ਕੁਝ ਨਹੀਂ ਤਾਂ ਫਿਰ ਉਸਦੀ ਪਰੇਸ਼ਾਨੀ ਵੀ ਕੋਈ ਨਹੀਂ। ਟੈਕਸ ਵੀ ਮੇਰੇ 'ਤੇ ਲੱਗਦਾ ਹੈ, ਮੇਰਾ ਮਾਲ ਹੀ ਕੋਈ ਨਹੀਂ ਤਾਂ ਗੁਆਚਣ ਦਾ ਵੀ ਕੋਈ ਡਰ ਨਹੀਂ। ਕੋਈ ਗ਼ਲਤ ਕਾਰਜ

ਨਹੀਂ ਕਰਨਾ, ਜਿਸ ਕਰਕੇ ਭੁੱਲ ਦੀ ਸਜ਼ਾ ਦਾ ਡਰ ਜਾਂ ਆਪੇ ਦਾ ਪ੍ਰਗਟਾਵਾ, ਜ਼ਵਾਲ ਭਾਵ ਘਾਟੇ ਦਾ ਵੀ ਕੋਈ ਡਰ ਨਹੀਂ ਰਹਿ ਜਾਂਦਾ। ਉਥੇ ਤਾਂ ਜਿੱਡਾ ਵੱਡਾ ਉਹ ਆਪ ਹੈ ਉਤਨੀ ਹੀ ਵੱਡੀ ਉਸਦੀ ਦਾਤ ਹੈ। ਨਾ ਉਹ ਮਰਦਾ ਹੈ, ਨਾ ਹੀ ਉਸਦੀਆਂ ਦਾਤਾਂ ਮੁੱਕਦੀਆਂ ਹਨ, ਨਾ ਹੀ ਉਹ ਕਿਸੇ ਦੀਆਂ ਗ਼ਲਤੀਆਂ ਚਿਤਾਰ ਕੇ ਦਾਤਾਂ ਦੇਣੀਆਂ ਬੰਦ ਕਰਦਾ ਹੈ। ਹਾਂ, ਉਸ ਦੀ ਵਡਿਆਈ ਦੀ ਮਾਲਾ ਵਿੱਚ ਉਸਤਿਤ ਦੇ ਹੀ ਮਣਕੇ ਹਨ, ਕੋਈ ਵੀ ਕਮਜ਼ੋਰੀ ਜਾਂ ਬਦਨਾਮੀ ਦਾ ਮਣਕਾ ਨਹੀਂ :

ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥ *(ਪੰਨਾ ੩੪੫)*

ਹਰ ਰਾਜ ਭਾਗ ਵਿੱਚ ਕਦੇ ਨਾ ਕਦੇ ਪਲਟਾ ਜ਼ਰੂਰ ਆਉਂਦਾ ਹੈ ਪਰ ਇਥੇ ਅਜਿਹੀ ਪਾਤਿਸ਼ਾਹੀ ਹੈ ਜਿਹੜੀ ਸਦਾ ਲਈ ਕਾਇਮ ਹੈ, ਕਿਉਂਕਿ ਇਥੋਂ ਦਾ ਰਾਜਾ ਹੀ ਇਤਨਾ ਚੰਗਾ ਹੈ, ਉਹ ਕਦੇ ਅਸੂਲ ਨਹੀਂ ਤੋੜਦਾ। ਉਸਦੇ ਘਰ ਤਾਂ ਸਦਾ ਸਦਾ ਦਾ ਨਿਆਂ ਹੈ। ਉਥੇ ਕੋਈ ਦੂਜ ਤੀਜ ਦਾ ਮਸਲਾ ਹੀ ਨਹੀਂ, ਕੋਈ ਇਕੱਠਾ ਹੀ ਨਹੀਂ ਕਰਦਾ। ਇਕੱਠਾ ਕਰਨਾ ਹੀ ਵੱਡਾ ਛੋਟਾ ਬਣਾਉਂਦਾ ਹੈ। ਇਕੱਠਾ ਕਰਨ ਦੀ ਭਾਵਨਾ ਤਾਂ ਪੈਦਾ ਹੁੰਦੀ ਹੈ ਜੇ ਕਿਧਰੇ ਸ਼ੰਕਾ ਪੈਦਾ ਹੋ ਜਾਵੇ ਕਿ ਹੋ ਸਕਦਾ ਹੈ ਮੈਨੂੰ ਕੁਝ ਨਾ ਮਿਲੇ, ਅਜਿਹਾ ਉਥੇ ਹੁੰਦਾ ਹੀ ਨਹੀਂ, ਇਸ ਲਈ ਉਥੇ ਦੁੱਖਾਂ ਦੀ ਬਜਾਏ ਹਰ ਸੁੱਖ ਹੀ ਸੁੱਖ ਹੈ। ਸਭ ਇੱਕ ਬਰਾਬਰ ਹੀ ਹਨ।

ਇੱਕ ਵਾਰੀ ਫਿਰ ਚੇਤਾ ਕਰ ਲਈਏ ਕਿ ਇਹ ਅੰਮ੍ਰਿਤ ਬਚਨ ਉਹਨਾਂ ਦੀ ਪਵਿੱਤਰ ਕੁਲੀ ਵਿੱਚੋਂ ਪੈਦਾ ਹੋਏ ਹਨ ਜਿਹਨਾਂ ਨੂੰ ਧਰਮ ਵਾਲਿਆਂ ਨੇ ਧਰਮ ਤੋਂ ਦੂਰ, ਕਰਮ ਵਾਲਿਆਂ ਨੇ ਚੰਗੇ ਕੰਮ ਤੋਂ ਦੂਰ, ਸਮਾਜ ਵਾਲਿਆਂ ਨੇ ਚੰਗੇ ਸਮਾਜ ਤੋਂ ਦੂਰ, ਅਮੀਰਾਂ ਨੇ, ਸ਼ਾਹੂਕਾਰਾਂ ਨੇ, ਹਵੇਲੀਆਂ ਮਹਿਲਾਂ ਨੇ ਭਾਵ ਹਰ ਕਿਸੇ ਨੇ ਆਪਣੇ ਤੋਂ ਦੂਰ ਰੱਖ ਕੇ ਦੁਰਕਾਰਿਆ ਹੀ ਸੀ। ਹਾਂ, ਇਹਨਾਂ ਦੀ ਝੋਲੀ ਭਰੀ ਸੀ ਤਾਂ ਕੇਵਲ ਤੇ ਕੇਵਲ ਦੁੱਖਾਂ, ਹਉਕਿਆਂ ਜਾਂ ਨਫ਼ਰਤ ਨਾਲ, ਪਰ ਇਹਨਾਂ ਜਦੋਂ ਵੰਡਿਆ ਤਾਂ ਕੋਈ ਵੀ ਵਿਤਕਰਾ, ਗਿਲਾ ਸ਼ਿਕਵਾ ਅੱਗੇ ਨਾ ਰੱਖ ਕੇ ਸਭ ਕੋ ਮੀਤ ਬਣਾ ਕੇ ਵੰਡਿਆ :

ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥ *(ਪੰਨਾ ੩੪੫)*

ਦੁਨੀਆਂ ਦੇ ਬਹੁਤੇ ਸ਼ਹਿਰ ਹਨ, ਜਿਹੜੇ ਕਦੇ ਸੰਘਣੀ ਆਬਾਦੀ ਕਰਕੇ ਜਾਣੇ ਜਾਂਦੇ ਸਨ, ਪਰ ਸਮੇਂ ਦੇ ਝੱਖੜਾਂ ਨੇ ਉਹਨਾਂ ਨੂੰ ਖੰਡਰਾਤਾਂ ਵਿੱਚ ਤਬਦੀਲ ਕਰ ਦਿੱਤਾ, ਪਰ ਇਹ ਕੁਝ ਮੇਰੇ ਬੇਗਮ ਪੁਰੇ ਸ਼ਹਿਰ 'ਤੇ ਲਾਗੂ ਨਹੀਂ ਹੁੰਦਾ।

ਉਥੇ ਜਿਹੜੇ ਵਸਦੇ ਹਨ ਉਹ ਕਦੇ ਉਜੜਦੇ ਨਹੀਂ, ਉਹ ਸਦਾ ਹੀ ਆਬਾਦ ਰਹਿਣ ਵਾਲਾ ਸ਼ਹਿਰ ਹੈ। ਦੁਨੀਆਂ ਦੇ ਸ਼ਹਿਰ ਕਈ ਵਾਰੀ ਕਿਸੇ ਚੀਜ਼ ਦੇ ਕਾਰਨ ਮਸ਼ਹੂਰ ਹੋ ਜਾਂਦੇ ਹਨ। ਕਿਧਰੇ ਦਾ ਕੱਪੜਾ ਮਸ਼ਹੂਰ ਹੈ, ਕਿਧਰੇ ਕੋਈ ਫਲ ਮਸ਼ਹੂਰ ਹੈ, ਕਿਧਰੇ ਈਮਾਨਦਾਰੀ, ਕਿਧਰੇ ਬੇਈਮਾਨੀ, ਕਿਸੇ ਨਾ ਕਿਸੇ ਕਾਰਨ ਕਰਕੇ ਕਈ ਸ਼ਹਿਰ ਮਸ਼ਹੂਰ ਹੋ ਜਾਂਦੇ ਹਨ। ਇਹ ਸ਼ਹਿਰ ਤਾਂ ਸਦਾ ਤੋਂ ਹੀ ਮਸ਼ਹੂਰ ਹੈ। ਇਥੇ ਅਸਲ ਵਿੱਚ ਹਰ ਵੱਸਣ ਵਾਲਾ ਹੀ ਮਸ਼ਹੂਰ ਹੈ। ਉਥੇ ਨਾਮ ਧਨ ਦੇ ਵਣਜਾਰੇ ਸਾਂਈਂ ਦੇ ਅਮੋਲ ਨਾਮ ਨਾਲ ਮਸ਼ਹੂਰ ਤੇ ਧਨੀ ਲੋਕ ਹੀ ਵੱਸਦੇ ਹਨ। ਇਥੇ ਹਰ ਕੋਈ ਧਨਵੰਤ ਨਾਮ ਕੇ ਵਣਜਾਰੇ ਹਨ:

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥ (ਪੰਨਾ ੩੪੫)

ਅਮੀਰ ਲੋਕਾਂ ਨੂੰ ਕਦੇ ਵੀ ਅਜ਼ਾਦੀ ਨਹੀਂ ਹੁੰਦੀ। ਜਿਹੜਾ ਕੋਈ ਜਿਤਨਾ ਅਮੀਰ ਜਾਂ ਮਸ਼ਹੂਰ ਹੁੰਦਾ ਹੈ, ਉਸਦਾ ਉਤਨਾ ਹੀ ਦੁਨੀਆਂ ਵਿੱਚ ਘੁੰਮਣਾ ਫਿਰਨਾ ਔਖਾ ਹੁੰਦਾ ਹੈ, ਪਰ ਇਹ ਅਜ਼ਾਦੀ ਮੇਰੇ ਬੇਗਮ ਪੁਰੇ ਸ਼ਹਿਰ ਵਿੱਚ ਹੈ, ਜਿਥੇ ਜਿਸਦਾ ਦਿਲ ਕਰੇ ਘੁੰਮ ਸਕਦਾ ਹੈ ਕਿਉਂਕਿ ਉਹਨਾਂ ਕੋਲ ਨਾਮ ਦੀ ਪੂੰਜੀ ਹੀ ਅਜਿਹੀ ਹੈ। ਇਸ ਹਰ ਧਨ ਦੀ ਪੂੰਜੀ ਨੂੰ ਕੋਈ ਲੁੱਟ ਨਹੀਂ ਸਕਦਾ, ਚੋਰ ਉਚੱਕਾ ਚੁਰਾ ਨਹੀਂ ਸਕਦਾ, ਜਿਸ ਕਰਕੇ ਕੋਈ ਲੁੱਟ ਦਾ ਜਾਂ ਹੋਰ ਕੋਈ ਡਰ ਨਹੀਂ:

ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ ॥੪॥ (ਪੰਨਾ ੧੩੪)

ਹੋਰ ਵੀਚਾਰ ਧਿਆਨ ਮੰਗਦੀ ਹੈ ਕਿ ਹਮੇਸ਼ਾ ਅਟਕਾਇਆ ਓਪਰੇ ਜਾਂ ਬਿਗਾਨੇ ਨੂੰ ਜਾਂਦਾ ਹੈ, ਜਿਹੜਾ ਸਗੋਂ ਹਰ ਗੱਲੋਂ ਭੇਤੀ ਹੋਵੇ, ਉਸਨੂੰ ਤਾਂ ਕੋਈ ਵੀ ਅਟਕਾਅ ਨਹੀਂ ਪਾ ਸਕਦਾ। ਕਿਉਂਕਿ ਉਥੇ ਕੋਈ ਵੀ ਓਪਰਾ, ਵੈਰੀ, ਬੇਗਾਨਾ ਨਹੀਂ ਬਲਕਿ ਏਕ ਪਿਤਾ ਏਕਸ ਕੇ ਹਮ ਬਾਰਿਕ ਦੀ ਤਰ੍ਹਾਂ ਇਕ ਪਰਿਵਾਰ ਵਾਂਗ ਹੀ ਰਹਿੰਦੇ ਹਨ:

ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (ਪੰਨਾ ੩੪੫)

ਖਲਾਸ ਸ਼ਬਦ ਦਾ ਅਰਥ ਹੈ ਮੁਕਤ ਹੋ ਜਾਣਾ। ਰਵਿਦਾਸ ਜੀ ਮਹਾਰਾਜ ਆਖਦੇ ਹਨ ਕਿ ਮੈਂ ਤਾਂ ਚੰਮ ਦੀ ਕਿਰਤ ਵਿੱਚੋਂ ਵੀ, ਚੰਮ ਦੀ ਦੁਨੀਆਂ ਵਿੱਚੋਂ ਵੀ ਅਤੇ ਸਰੀਰ ਰੂਪੀ ਚੰਮ ਵਿੱਚੋਂ ਵੀ ਮੁਕਤ ਹੋ ਗਿਆ ਹਾਂ ਅਤੇ ਇਸ ਬੇਗਮ ਪੁਰੇ ਦਾ ਵਾਸੀ ਹੋ ਗਿਆ ਹਾਂ, ਪਰ ਤੁਸੀਂ ਲੋਕ ਹਾਲੇ ਤੱਕ ਵੀ ਚੰਮ ਦੇ ਨਾਂ

'ਤੇ ਹੀ ਵੰਡੀਆਂ ਪਾ-ਪਾ ਕੇ ਗ਼ਮਾਂ ਦੇ ਸ਼ਹਿਰਾਂ ਵਿੱਚ ਵੱਸ ਕੇ ਆਪਣਾ ਜੀਵਨ ਨਰਕ ਬਣਾ ਰਹੇ ਹੋ। ਮੈਂ ਹੁਣ ਬ੍ਰਹਮ ਦੇਸ਼ ਦਾ ਵਾਸੀ ਜਾਂ ਬੇਗਮ ਪੁਰੇ ਦਾ ਵਾਸੀ ਹੋਣ ਦੇ ਨਾਤੇ ਤੁਹਾਡੇ ਵਰਗੇ ਚੰਮ ਦੇ ਪੁਜਾਰੀਆਂ ਨਾਲੋਂ ਆਪਣੀ ਦੋਸਤੀ ਤੋੜ ਕੇ **ਜੋ ਹਮ ਸਹਰੀ ਸੋ ਮੀਤ ਹਮਾਰਾ** ਨਾਲ ਦੋਸਤੀ ਪਾ ਲਈ ਹੈ। ਕਿਉਂਕਿ ਕਦੇ ਵੀ ਮਨੁੱਖ ਨੂੰ ਚੰਮ ਨਹੀਂ ਬਲਕਿ ਕੰਮ ਉੱਚਾ ਚੁੱਕਦਾ ਹੈ। ਹੁਣ ਮੇਰਾ ਕੰਮ ਉੱਚਾ ਭਾਵ ਬ੍ਰਹਮ ਵਾਲਾ ਹੋ ਗਿਆ ਹੈ। ਤੁਸੀਂ ਬ੍ਰਹਮ ਦਾ ਕੰਮ ਕਰਨ ਵਾਲੇ ਚੰਮ 'ਤੇ ਹੀ ਨਜ਼ਰ ਟਕਾਈ ਰੱਖਣ ਕਰਕੇ ਚੰਮ ਦੇ ਪੁਜਾਰੀ ਬਣ ਕੇ ਚਮਾਰ ਬਣ ਕੇ ਰਹਿ ਗਏ ਹੋ।

ਤੱਤਸਾਰ

ਸੰਸਾਰ ਦੀਆਂ ਅੱਖਾਂ ਸਾਹਮਣੇ, ਜੀਵ ਦੀ ਜ਼ਿੰਦਗੀ ਦਾ ਜੀਵਿਆ ਹੋਇਆ ਸਮਾਂ, ਕੀਮਤ ਰੱਖਦਾ ਹੈ। ਕਿਸੇ ਨੇ ਕਿਸ ਤਰ੍ਹਾਂ ਦੀ ਜ਼ਿੰਦਗੀ ਗੁਜ਼ਾਰੀ, ਕਦਰ ਕੀਮਤ ਇਸ ਗੱਲ ਦੀ ਪੈਣੀ ਹੈ। ਇਥੇ ਵੀ **"ਸਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ"** ਅਤੇ ਰੱਬ ਦੇ ਘਰ ਵੀ **"ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥"** ਇਸ ਲਈ ਗੁਰਬਾਣੀ ਸਭ ਤੋਂ ਵੱਧ ਸ਼ੁਭ ਅਮਲਾਂ 'ਤੇ ਜ਼ੋਰ ਦਿੰਦੀ ਹੈ। ਜਿਥੇ ਇਹ ਸੰਸਾਰ ਵਿੱਚ ਜੀਉਣ ਦੀ ਜਾਚ ਦੱਸ ਕੇ ਸੰਸਾਰੀ ਸੁੱਖਾਂ ਨਾਲ ਮਾਲਾ-ਮਾਲ ਕਰਦੀ ਹੈ, ਉਥੇ ਰੱਬੀ ਦਰਬਾਰ ਵਿੱਚ ਵੀ ਪ੍ਰਵਾਨ ਕਰਵਾ ਦਿੰਦੀ ਹੈ। ਜਿਵੇਂ ਸਰੀਰ ਦੇ ਕੁਝ ਸੁੱਖ-ਆਰਾਮ ਹਨ, ਇਸੇ ਤਰ੍ਹਾਂ ਆਤਮਿਕ ਸੁੱਖ ਆਰਾਮ ਵੀ ਹਨ।

ਮਿਸਾਲ ਦੇ ਤੌਰ 'ਤੇ ਮੰਨ ਲਵੋ ਜੀਵ ਲੰਮਾ ਪੈਂਡਾ ਤਹਿ ਕਰਕੇ ਮਨੁੱਖੀ ਜਾਮੇ ਤੱਕ ਪਹੁੰਚਿਆ ਹੈ। ਹੁਣ ਤੱਕ ਦੀ ਪ੍ਰਾਪਤੀ ਹੈ "ਭਈ ਪਰਾਪਤਿ ਮਾਨੁਖ ਦੇਹੁਰੀਆ ॥" ਹੁਣ ਇਸ ਤੋਂ ਅਗਲੀ ਜ਼ਿੰਮੇਵਾਰੀ ਦਾ ਨਾਂ ਹੈ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥" ਪਰ ਇਸ ਸੰਸਾਰ ਵਿੱਚ ਮਨੁੱਖੀ ਜਾਮਾ ਲੈ ਕੇ ਆਉਂਦਿਆਂ ਹੀ, ਇਹ ਚੀਕ, ਦਰਦ ਪੁਕਾਰ ਫਿਰ ਨਿਕਲ ਗਈ ਕਿ "ਬਾਬਾ ਅਬ ਨਾ ਬਸਉ ਇਹ ਗਾਉ ॥ ਘਰੀ ਘਰੀ ਕਾ ਲੇਖਾ ਮਾਗੈ, ਕਾਇਥੁ ਚੇਤੂ ਨਾਉ ॥" (ਪੰਨਾ ੧੧੦੪) ਇਥੇ ਹਰ ਕੋਈ ਇਸੇ ਹੀਰੇ ਜਨਮ ਦਾ ਲੁਟੇਰਾ ਹੈ। ਕੁਝ ਕਾਮ ਕਰੋਧ ਦੇ ਸਹਾਰੇ ਲੁੱਟਦੇ ਹਨ, ਕੁਝ ਮੋਹ ਮਮਤਾ ਦਾ ਸਹਾਰਾ ਭਾਵ ਬਹੁਤ ਨਜ਼ਦੀਕੀ ਰਿਸ਼ਤਾ ਬਣਾ ਕੇ ਧੀਆਂ ਪੁੱਤਰ ਬਣ ਕੇ, ਹੰਕਾਰ ਮੈਂ ਮੇਰੀ ਦਾ ਜਾਮਾ ਪਾ ਕੇ ਲੁੱਟਦੇ ਹਨ। ਬਸ ਮੁੱਕਦੀ ਗੱਲ, ਗੁਰੂ ਨਾਮ ਅਤੇ ਪਰਮੇਸ਼ਰ ਭਗਤੀ ਤੋਂ ਬਿਨਾਂ ਸਾਰੇ ਲੁਟੇਰੇ ਹੀ ਹਨ। ਜਦੋਂ ਇਹ ਬੋਧ ਹੋ ਗਿਆ ਤਾਂ ਸੱਚੇ ਦੇ ਦਰ 'ਤੇ ਫਿਰ ਅਰਦਾਸਾਂ ਹੁੰਦੀਆਂ ਹਨ।

ਇਹਨਾਂ ਸਭ ਕੁਝ ਦਾ ਸਤਾਇਆ ਜੀਵ ਗੁਰੂ ਰੂਪ ਵਕੀਲ ਨਾਲ ਗੱਲ ਕਰਦਾ ਹੈ। ਗੁਰੂ ਵਕੀਲ ਇਹ ਭਰੋਸਾ ਦਿੰਦਾ ਹੈ ਕਿ ਮੈਂ ਤੈਨੂੰ ਬੇਗਮ ਪੁਰੇ ਦੀ ਸਿਟੀਜ਼ਨਸ਼ਿਪ ਦਿਵਾ ਦਿੰਦਾ ਹਾਂ। ਖ਼ੈਰ, ਰੱਬ ਦੇ ਘਰ ਗੁਰੂ ਨੇ ਇਹ ਕਾਨੂੰਨੀ ਨੁਕਤਾ ਅੱਗੇ ਰੱਖਿਆ ਕਿ ਇਹ ਜੀਵ ਤਾਂ ਅਪਰਾਧੀ ਹੈ ਇਸ ਲਈ ਕੇਸ ਇਸ ਕਰਕੇ ਨਹੀਂ ਕੀਤਾ, ਸਗੋਂ ਕੇਸ ਇਸ ਕਰਕੇ ਕੀਤਾ ਹੈ ਕਿ ਹੇ ਰੱਬਾ! ਤੇਰੇ ਦਰ ਦਾ ਅਸੂਲ ਹੈ ਕਿ ਜਿਹੜਾ ਤੇਰੀ ਸ਼ਰਨ ਵਿੱਚ ਆ ਜਾਂਦਾ ਹੈ, ਉਸਨੂੰ ਤੂੰ ਗਲ਼ ਨਾਲ ਲਾ ਲੈਂਦਾ ਹੈਂ, "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥" (ਪੰਨਾ ੫੪੪) ਬਸ ਜਿਸਨੇ ਬੇਗਮ ਪੁਰੇ ਦਾ ਰਿਹਾਇਸ਼ੀ ਹੱਕ ਪ੍ਰਾਪਤ ਕਰ ਲਿਆ, ਉਸਨੂੰ ਹਰ ਸਹੂਲਤ ਪ੍ਰਾਪਤ ਹੋ ਜਾਂਦੀ ਹੈ।

ੴ ਸਤਿਗੁਰ ਪ੍ਰਸਾਦਿ ॥

ਗਉੜੀ ਬੈਰਾਗਣਿ ਰਵਿਦਾਸ ਜੀਉ ॥

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥
ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥
ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

(ਪੰਨਾ ੩੪੫)

ਘਟ—ਘਾਟੀ। ਅਵਘਟ—ਔਖੀ। ਡੂਗਰ—ਪਹਾੜੀ। ਨਿਰਗੁਣ—ਚੰਗੇ ਗੁਣਾਂ ਤੋਂ ਹੀਣਾ, ਮਾੜਾ ਜੇਹਾ। ਸਹਜ—ਗਿਆਨ। ਦਾਨੀਆ—ਜਾਣਨ ਵਾਲੇ, ਚਿਤ੍ਰ ਗੁਪਤ। ਆਲ ਪਤਾਲੁ—ਊਲ ਜਲੂਲ।

ਕੋ ਬਨਜਾਰੋ ਰਾਮ ਕੋ

ਸਤਿਗੁਰੂ ਜੀ ਦੀ ਮਹਾਨ ਅਤੇ ਵਿਸ਼ਾਲ ਕਿਰਪਾ ਹੈ ਕਿ ਜੀਵ ਜਿਵੇਂ ਵੀ ਸਮਝ ਸਕਦਾ ਹੈ, ਉਸ ਤਰੀਕੇ ਨੂੰ ਹੀ ਵਰਤ ਕੇ ਜੀਵ ਨੂੰ ਜਨਮ ਬਿਰਥਾ ਜਾ ਰਹੇ ਨੂੰ ਜਨਮ ਤੁਮਾਰੇ ਲੇਖੇ ਲਾਉਣ ਦੀ ਜੁਗਤਿ ਸਮਝਾਈ ਹੈ।

ਦੁਨੀਆਂ ਦੇ ਇਸ ਤਿਹਟੜੇ ਬਜ਼ਾਰ ਵਿੱਚ ਜੀਵ ਵਪਾਰੀ ਬਣ ਕੇ ਆਉਂਦਾ ਹੈ। ਬਜ਼ਾਰ ਵਿੱਚ ਹਰ ਤਰ੍ਹਾਂ ਦੀਆਂ ਚੀਜ਼ਾਂ ਵਿਕਦੀਆਂ ਹਨ। ਹਰ ਵਪਾਰੀ ਆਪੋ-ਆਪਣੀ ਲੋੜ ਮੁਤਾਬਿਕ ਖ਼ਰੀਦਦਾਰੀ ਕਰਦਾ ਹੈ, ਪਰ ਹਰ ਖ਼ਰੀਦਣ ਵਾਲੇ ਦੇ ਅੰਦਰ ਇੱਕ ਸੋਚ ਜ਼ਰੂਰ ਹੁੰਦੀ ਹੈ ਕਿ ਇਸ ਵਸਤੂ ਦੀ ਮੈਨੂੰ ਕੀ ਜ਼ਰੂਰਤ ਹੈ ? ਅਸਲ ਵਿੱਚ ਖ਼ਰੀਦਦਾਰੀ ਦਾ ਹੀ ਦੂਜਾ ਨਾਂ ਜ਼ਰੂਰਤਾਂ ਦੀ ਪੂਰਤੀ ਹੁੰਦਾ ਹੈ। ਜਦੋਂ ਕਦੇ ਆਮ ਵਸਤੂਆਂ ਦੀ ਖ਼ਰੀਦਦਾਰੀ ਕਰਨੀ ਹੋਵੇ ਤਾਂ ਬਹੁਤੀ ਵਾਰੀ ਅਸੀਂ ਬੱਚੇ ਨੂੰ ਵੀ ਭੇਜ ਦਿੰਦੇ ਹਾਂ। ਜੇਕਰ ਜ਼ਰੂਰਤ ਕਿਸੇ ਮਹਿੰਗੀ ਚੀਜ਼ ਦੀ ਹੋਵੇ ਤਾਂ ਉਹ ਬੱਚੇ ਦੀ ਬਜਾਏ ਆਪ ਖ਼ਰੀਦਦੇ ਹਾਂ, ਪਰ ਜੇ ਕਿਧਰੇ ਚੀਜ਼ ਬਹੁਤੀ ਮਹਿੰਗੀ ਹੋਵੇ ਤਾਂ ਆਪਣੇ ਆਪ 'ਤੇ ਵੀ ਵਿਸ਼ਵਾਸ ਨਹੀਂ ਕਰਦੇ ਬਲਕਿ ਉਸ ਪੱਖ ਦੇ ਮਾਹਿਰ ਬੰਦੇ ਨੂੰ ਨਾਲ ਲੈ ਕੇ ਹੀ ਖ਼ਰੀਦਦਾਰੀ ਕਰਦੇ ਹਾਂ। ਜੀਵ ਨੇ ਦੇਖਿਆ ਕਿ ਸੰਸਾਰ ਜਿਸ ਚੀਜ਼ ਦਾ ਵਪਾਰੀ ਬਣ ਕੇ ਆਇਆ ਸੀ, ਉਸਨੂੰ ਛੱਡ ਕੇ ਬਿਖੁ ਲਾਦੀ ਸੰਸਾਰ ਵਾਂਗ ਨਾਮ ਅੰਮ੍ਰਿਤ ਦਾ ਵਪਾਰੀ, ਸੰਸਾਰੀ ਬਿਖੁ ਲੱਦੀ ਫਿਰਦਾ ਹੈ। ਹੁਣ ਬਿਖ ਖ਼ਰੀਦਣੀ ਵੀ ਔਖੀ ਨਹੀਂ, ਸੰਭਾਲਣੀ ਵੀ ਔਖੀ ਨਹੀਂ, ਇਸ ਲਈ ਇਸ ਰਾਹ 'ਤੇ ਅਨੇਕਾਂ ਵਪਾਰੀ ਤੁਰੇ ਜਾਂਦੇ ਨਜ਼ਰ ਆ ਜਾਂਦੇ ਹਨ, ਪਰ ਜਿਸਨੇ ਰਾਮ ਨਾਮ ਦਾ ਵਪਾਰ ਕਰਕੇ ਵਾਪਿਸ ਜਾਣਾ ਹੈ, ਉਸ ਲਈ ਜ਼ਰੂਰੀ ਹੈ ਕਿ ਉਹ ਇਸ ਰਾਮ ਨਾਮ ਦੇ ਮਾਹਰ ਨੂੰ ਨਾਲ ਲੈ ਲਵੇ। ਮਾਹਰ ਹੈ ਮੇਰਾ ਸਤਿਗੁਰੂ। ਸਤਿਗੁਰੂ ਜੀ ਤਾਂ ਪਹਿਲੇ ਕਦਮ 'ਤੇ ਹੀ ਸਿਆਣਾ ਕਰ ਦਿੰਦੇ ਹਨ ਕਿ :

ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ *(ਪੰਨਾ ੨੨)*

ਜਾਂ :

ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥ *(ਪੰਨਾ ੨੯੩)*

ਹੁਣ ਨਾਲ ਕੀ ਕੁਝ ਜਾਣਾ ਹੈ, ਫਿਰ ਸਤਿਗੁਰੂ ਜੀ ਦਾ ਪਾਵਨ ਬਚਨ ਹੈ :

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥

(ਪੰਨਾ ੨੯੮)

ਸੁਭਾਗੇ ਜੀਵ ਨੇ ਸਤਿਗੁਰੂ ਜੀ ਦੇ ਆਖੇ ਲੱਗ ਕੇ ਸਾਰੀ ਜ਼ਿੰਦਗੀ ਦੀ ਪੂੰਜੀ ਲਗਾ ਕੇ ਰਾਮ ਨਾਮ ਜਾਂ ਅੰਮ੍ਰਿਤ ਨਾਮ ਦਾ ਖ਼ਜ਼ਾਨਾ ਤਾਂ ਇਕੱਠਾ ਕਰ ਲਿਆ, ਪਰ ਹੁਣ ਇਹ ਰਾਹ ਦੇ ਲੁਟੇਰਿਆਂ ਤੋਂ ਬਚਾ ਕੇ ਸੱਚੇ ਦੇ ਦਰਬਾਰ ਪਹੁੰਚਾਉਣਾ ਹੈ। ਨਾਮ ਜਪਣਾ ਗੁਰੂ ਪ੍ਰਮੇਸ਼ਰ ਦੀ ਕਿਰਪਾ ਹੈ। ਜੀਵ ਜਪ ਸਕਦਾ ਹੈ, ਪਰ ਇਸ ਪੂੰਜੀ ਨੂੰ ਬਚਾਉਣਾ ਬਹੁਤ ਹੀ ਔਖਾ ਕਰਮ ਹੈ, ਕਿਉਂਕਿ ਲੁਟੇਰਿਆਂ ਦੀ ਗਿਣਤੀ ਇਕੱਲੀ ਜਿੰਦ ਬਦਲੇ ਬਹੁਤ ਹੈ, ਦੂਜਾ ਹਰ ਵਿਕਾਰ ਰੂਪ ਲੁਟੇਰਾ ਤਾਕਤਵਰ ਬਹੁਤ ਹੈ। ਇਹ ਤਾਂ ਕਾਰਜ ਤਦ ਹੀ ਹੋ ਸਕਦਾ ਹੈ ਜੇਕਰ ਸੱਚੇ ਦਾ ਸੱਚਾ ਢੋਆ ਮਿਲ ਜਾਵੇ, ਇਸ ਲਈ ਮੈਂ ਪ੍ਰਮੇਸ਼ਰ ਜੀ ਅੱਗੇ ਹੀ ਅਰਜ਼ੋਈ ਕੀਤੀ ਕਿ ਇਹਨਾਂ ਰਾਹਾਂ ਦੀਆਂ ਰੁਕਾਵਟਾਂ ਦੇ ਬਦਲੇ ਮੇਰਾ ਬੈਲ ਬਹੁਤ ਕਮਜ਼ੋਰ ਹੈ, ਤੁਸੀਂ ਕਿਰਪਾ ਕਰਕੇ ਮੇਰਾ ਰਾਮ ਨਾਮ ਧਨ ਲਾਦਿਆ ਨੂੰ ਸਾਂਈਂ ਦੇ ਦਰਬਾਰ ਪਹੁੰਚਾ ਦਿਉ, ਭਾਵ ਆਪ ਹੀ ਸਹਾਈ ਹੋਵੋ। ਸੰਸਾਰ ਵਿੱਚ ਰਾਮ ਨਾਮ ਦੇ ਵਪਾਰੀ ਘੱਟ ਤੇ ਬਿਖ ਲਾਦੀ ਸੰਸਾਰ ਬਹੁਤ ਹੈ।

ਇਥੇ ਥੋੜ੍ਹੀ ਜਿਹੀ ਵੀਚਾਰ ਟੀਕਾਕਾਰਾਂ ਤੇ ਵਿਦਵਾਨਾਂ ਦੀ ਦੁਨੀਆਂ ਤੋਂ ਵੱਖਰੀ ਹੈ। ਦੋ ਪੰਕਤੀਆਂ ਬਹੁਤ ਧਿਆਨ ਮੰਗਦੀਆਂ ਹਨ, ਪਹਿਲੀ ਪੰਕਤੀ "ਕੋ ਬਨਜਾਰੋ ਰਾਮ ਕੋ" ਦੂਜੀ 'ਹਉ ਬਨਜਾਰੋ ਰਾਮ ਕੋ"। ਕੋ ਬਨਜਾਰੋ ਸੁਆਲ ਹੈ, ਇਸ ਨੂੰ ਥੋੜ੍ਹਾ ਸਮਝ ਲਈਏ। ਜਿਵੇਂ ਅੱਜ ਵੀ ਕੋਈ ਇਕੱਠ ਕਿਧਰੇ ਯਾਤਰਾ 'ਤੇ ਜਾਂਦਾ ਹੈ ਤਾਂ ਉਹ ਰਾਹ ਵਿੱਚ ਜਿਥੇ ਕਿਤੇ ਵੀ ਕੁਝ ਖਾਣ ਜਾਂ ਅਰਾਮ ਲਈ ਰੁੱਕਦੇ ਹਨ ਤਾਂ ਹਰ ਵਾਰੀ ਆਖਦੇ ਹਨ ਕਿ ਭਾਈ ਕੋਈ ਹੋਰ ਤਾਂ ਨਹੀਂ, ਜਿਹੜਾ ਰਹਿ ਨਾ ਜਾਵੇ। ਜੇਕਰ ਕੋਈ ਰਹਿੰਦਾ ਹੋਵੇ ਤਾਂ ਅਕਸਰ ਇੰਤਜ਼ਾਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਟਾਂਡਾ ਸ਼ਬਦ ਦਾ ਅਰਥ ਹੈ ਝੁੰਡ, ਕਾਫ਼ਲਾ। ਭਾਈ ਕੋਈ ਰਹਿ ਨ ਜਾਵੇ ਆਉ ਆਪਾਂ ਤੁਰਨ ਲੱਗੇ ਹਾਂ। ਇਥੇ ਵੀ ਕਾਫ਼ਲੇ ਦਾ ਮੁਖੀਆ ਮਾਲਕ ਅਵਾਜ਼ ਮਾਰਦਾ ਹੈ ਕਿ ਕੋ ਬਨਜਾਰੋ ਰਾਮ ਕੋ, ਇਹ ਅਵਾਜ਼ ਰਾਮ ਨਾਮ ਦੇ ਵਣਜਾਰਿਆਂ ਲਈ ਹੈ। ਇਹ ਅਵਾਜ਼ ਵੀ ਮੇਰੀ ਉਸ ਅਰਦਾਸ ਦੇ ਜਵਾਬ ਵਿੱਚ ਮਿਲੀ ਹੈ, ਜਿਥੇ ਮੈਂ ਅਰਦਾਸ ਕੀਤੀ ਸੀ ਕਿ :

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥

(ਪੰਨਾ ੩੪੫)

ਤਾਂ ਜਵਾਬ ਆਇਆ ਕਿ "ਕੋ ਬਨਜਾਰੋ ਰਾਮ ਕੋ" ਫਿਰ ਮੈਂ ਜਵਾਬ ਦਿੱਤਾ ਕਿ :

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥

(ਪੰਨਾ ੩੪੬)

ਹੁਣ ਕਿਥੇ ਤਾਂ ਪਹਿਲੀਆਂ ਪੰਕਤੀਆਂ ਵਿੱਚ ਨਿਰਗੁਣ ਬੈਲੁ ਭਾਵ ਕਮਜ਼ੋਰ ਹੋਣ ਕਰਕੇ ਅਰਦਾਸ ਸੀ, ਕਿਥੇ ਹੁਣ ਪ੍ਰਮੇਸ਼ਰ ਜੀ ਨੇ ਆਪਣੇ ਕਾਫ਼ਲੇ ਨਾਲ ਜਦੋਂ ਦਾ ਮੈਨੂੰ ਮਿਲਾ ਲਿਆ, ਉਦੋਂ ਤੋਂ ਮੈਂ ਡਰਨ ਦੀ ਬਜਾਏ ਸਗੋਂ ਉਰਵਾਰ ਪਾਰ ਦੇ ਦਾਨੀ ਨੂੰ ਵੀ ਵੰਗਾਰ ਰਿਹਾ ਹਾਂ ਕਿ ਭਾਈ ਇਧਰ ਦੀਆਂ ਗੱਲਾਂ ਭਾਵ ਜੀਵ ਦੀਆਂ ਕਮਜ਼ੋਰੀਆਂ ਨੂੰ ਰੱਬੀ ਦਰਬਾਰ ਵਿਚ ਫਰੋਲਣ ਵਾਲਿਆ! ਮੈਂ ਹੁਣ ਤੈਥੋਂ ਵੀ ਨਹੀਂ ਡਰਦਾ, ਜੋ ਤੇਰਾ ਜੀਅ ਕਰਦਾ ਹੈ ਮੇਰੇ ਬਾਰੇ ਵਿੱਚ ਉਹ ਕੁਝ ਲਿਖ ਸਕਦਾ ਹੈਂ। ਮੈਂ ਸਾਰੇ ਹੀ ਆਲ ਜੰਜਾਲ ਜਿਹੜੇ ਜੀਵ ਦੀਆਂ ਕਮਜ਼ੋਰੀਆਂ ਬਣਦੇ ਹਨ, ਸਾਰੇ ਹੀ ਛੱਡ ਦਿੱਤੇ ਹਨ।

ਹੁਣ ਇਥੇ ਇੱਕ ਵੀਚਾਰ ਸਮਝਣ ਲਈ ਫਿਰ ਖਾਸ ਧਿਆਨ ਦੀ ਦਾਸ ਮੰਗ ਕਰਦਾ ਹੈ। ਗੁਰਮਤਿ ਦੇ ਸਨੇਹੀ ਪਾਠਕ ਜੀਓ! ਸੰਸਾਰ ਵਿੱਚ ਦੋ ਚੀਜ਼ਾਂ ਦੀ ਬੜੀ ਚਰਚਾ ਹੈ। ਜੀਵ ਆਪਣੀ ਜ਼ਿੰਦਗੀ ਦਾ ਬਹੁਤ ਸਮਾਂ ਵੀ ਇਹਨਾਂ ਦੋਨਾਂ ਚੀਜ਼ਾਂ ਦੀ ਕਮਾਈ ਲਈ ਹੀ ਖ਼ਰਚਦਾ ਹੈ। ਇਹ ਦੋ ਚੀਜ਼ਾਂ ਹਨ ਪਹਿਲੀ ਹੈ ਰੂਪ, ਦੂਜਾ ਹੈ ਗੁਣ। ਰੂਪ ਬਹੁਤ ਹੀ ਖਿੱਚ ਦਾ ਕਾਰਨ ਹੁੰਦਾ ਹੈ, ਪਰ ਇਸ ਦੀ ਉਮਰ ਛੋਟੀ ਤੇ ਅੰਤ ਨਿਭਣ ਵਾਲਾ ਨਹੀਂ ਹੁੰਦਾ। ਦੂਜੇ ਪਾਸੇ ਗੁਣ ਹਮੇਸ਼ਾ ਧੀਰਜ ਦਾ ਮਾਲਕ ਅਤੇ ਥੋੜੀ ਖਿੱਚ ਦਾ ਮਾਲਕ ਹੁੰਦਾ ਹੈ, ਪਰ ਹਰ ਕਿਸੇ ਨੂੰ ਸੁੱਖ ਦੇਣ ਵਾਲਾ ਅਤੇ ਅੰਤ ਨਿਭਣ ਵਾਲਾ ਹੁੰਦਾ ਹੈ। ਜੀਵ ਬਚਪਨ ਤੋਂ ਬੁਢੇਪੇ ਤੱਕ ਗੁਣ ਸੰਭਾਲ ਵੀ ਸਕਦਾ ਹੈ, ਵੰਡ ਵੀ ਸਕਦਾ ਹੈ, ਅੰਤ ਸਮੇਂ ਨਾਲ ਵੀ ਮੱਦਦ ਕਰਦਾ ਹੈ ਅਤੇ ਇਤਿਹਾਸ ਜਾਂ ਸਮੇਂ ਦੀ ਬੁੱਕਲ ਵਿੱਚ ਆਪਣੀ ਅਮਿੱਟ ਛਾਪ ਛੱਡ ਜਾਂਦਾ ਹੈ, ਪਰ ਰੂਪ ਬਚਪਨ ਤੋਂ ਬੁਢੇਪੇ ਤੱਕ ਇੱਕੋ ਜਿਹਾ ਨਹੀਂ ਰਹਿੰਦਾ, ਇਹ ਸੰਭਾਲਿਆ ਵੀ ਨਹੀਂ ਜਾਂਦਾ, ਬਹੁਤੀ ਵਾਰੀ ਵਿਕਾਰਾਂ ਦੀ ਭਟਕਣਾ ਵਧਾਉਂਦਾ ਹੈ ਅਤੇ ਅੰਤ ਸਮੇਂ ਕਰੂਪਤਾ ਵਿੱਚ ਬਦਲ ਜਾਂਦਾ ਹੈ। ਹੁਣ ਜਿਹਨਾਂ ਨੇ ਤਾਂ ਗੁਣਾਂ ਦੇ ਗਾਹਕ ਹੋ ਕੇ ਜ਼ਿੰਦਗੀ ਗੁਜ਼ਾਰੀ, ਉਹ ਤਾਂ ਕੀਮਤੀ ਦਾਤਿ ਲੈ ਗਏ ਪਰ ਜਿਹੜੇ ਰੂਪ ਦੇ ਸ਼ੌਕੀਨ ਵਿਕਾਰਾਂ ਦੀ ਦੁਨੀਆਂ ਵਿੱਚ ਉਲਝ ਕੇ ਬਿਖ ਲਾਦੀ ਸੰਸਾਰ ਹੋ ਗਏ, ਉਹ ਜਿੱਤੀ ਬਾਜ਼ੀ ਵੀ ਮਾਨੋਂ ਹਾਰ ਗਏ। ਜੀਵ ਦੇ ਸਾਹਮਣੇ ਦੋ ਚੀਜ਼ਾਂ ਹਨ, ਇੱਕ ਚੁਣਨੀ ਹੈ। ਪਹਿਲੀ ਹੈ ਸੰਸਾਰ ਵਿੱਚ ਸੰਸਾਰ ਦਾ ਰੂਪ ਰੰਗ, ਕੁਸੰਭ ਦੇ ਫੁੱਲ ਵਰਗਾ ਹੈ, ਜਿਹੜਾ

ਖਿੱਚ ਤਾਂ ਬਹੁਤ ਪਾਉਂਦਾ ਹੈ, ਭਟਕਾਉਂਦਾ ਹੈ, ਪਰ ਸਾਥ ਨਹੀਂ ਨਿਭਦਾ। ਦੂਜਾ ਨਿਰੰਕਾਰ ਦਾ ਨਾਮ ਭਾਵ ਗੁਣ ਹੈ। ਇਹ ਜਲਦੀ ਕੀਤਿਆਂ ਵਾਹ-ਵਾਹ ਦੇ ਰਸਤੇ ਨਹੀਂ ਤੋਰਦਾ, ਇਹ ਤਾਂ ਆਪ ਵੀ ਸਹਿਜ ਨਾਲ ਆਉਂਦਾ ਹੈ ਅਤੇ ਸੰਸਾਰਕ ਤੌਰ ਤੇ ਮਜੀਠ ਦੇ ਰੰਗ ਵਾਂਗ ਹੈ, ਜਿਹੜਾ ਬਹੁਤ ਭੜਕੀਲਾ ਨਹੀਂ ਹੁੰਦਾ, ਪਰ ਸਾਥ ਨਿਭਣ ਵਾਲਾ ਹੁੰਦਾ ਹੈ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰਬਾਣੀ ਵਿੱਚ ਰਮਈਏ ਦਾ ਰੰਗ ਲੱਗ ਜਾਣ ਵਾਲਾ ਹੀ "ਸੋ ਕਹੀਅਤ ਹੈ ਸੂਰਾ" ਕਹਾਉਂਦਾ ਹੈ। ਜਾਂ ਜਿਸਕੇ ਵਡਭਾਗਾ ਕਹਾਉਂਦਾ ਹੈ। ਇਸੇ ਲਈ ਇੱਕ ਜ਼ਿੰਦਗੀ ਦਾ ਕਮਾਇਆ, ਹੰਢਾਇਆ ਤੇ ਸੱਚ ਪਰਖਿਆ ਤਜਰਬਾ ਹੈ ਕਿ ਭਾਈ ਸੰਸਾਰ ਦੇ ਰੂਪ ਭਾਵ ਕਸੁੰਭ ਦੇ ਫੁੱਲ ਦੇ ਰੰਗ ਨੂੰ ਦੇਖ ਕੇ ਨਾ ਭੁੱਲ, ਇਹ ਤਾਂ ਥੋੜੇ ਸਮੇਂ ਦੀ ਖੇਡ ਹੈ, ਪਰ ਇਸ ਦੇ ਮੁਕਾਬਲੇ ਪ੍ਰਮੇਸ਼ਰ ਜੀ ਦੀ ਬੰਦਗੀ ਮਜੀਠ ਦੇ ਰੰਗ ਰੂਪ ਵਰਗਾ ਇੱਕ ਸੱਚਾ ਗੁਣ ਹੈ, ਜਿਹੜਾ ਕਿ ਰੂਪ ਵਾਂਗੂ ਅੱਜ ਹੈ, ਪਰ ਕੱਲ੍ਹ ਨਹੀਂ ਹੋਵੇਗਾ ਵਾਂਗ ਨਹੀਂ ਬਲਕਿ ਇਹ ਤਾਂ ਬਚਪਨ ਵਿੱਚ ਵੀ, ਜੁਆਨੀ ਵਿੱਚ ਵੀ, ਬੁਢਾਪੇ ਵੇਲੇ ਵੀ ਤੇ ਦੁਨੀਆਂ ਤੋਂ ਚਲੇ ਜਾਣ ਮਗਰੋਂ ਵੀ ਜੀਵ ਦੇ ਨਾਮ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਗੁਰੂ ਪਾਤਿਸ਼ਾਹ ਜੀ ਦੇ ਅੰਮ੍ਰਿਤ ਬਚਨ ਹਨ:

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥

(ਪੰਨਾ ੩੪੬)

ਤੱਤਸਾਰ

ਜ਼ਿੰਦਗੀ ਵਿੱਚ ਹੰਢਾਏ ਹੋਏ ਦੁੱਖਾਂ ਸੁੱਖਾਂ ਦਾ ਜੀਵ ਨੂੰ ਸਭ ਤੋਂ ਵੱਧ ਅਹਿਸਾਸ ਹੁੰਦਾ ਹੈ। ਸਤਿਗੁਰੂ ਜੀ ਨੇ ਇਸੇ ਲਈ ਪ੍ਰਮਾਰਥ ਨੂੰ ਸਮਝਾਉਣ ਲਈ ਜੀਵ ਦੀ ਜ਼ਿੰਦਗੀ ਦੇ ਰੋਜ਼ਮੱਰਾ ਦੇ ਕੰਮਾਂ ਨਾਲ ਜੋੜ ਕੇ ਸਪੱਸ਼ਟ ਕਰ ਦਿੱਤਾ ਹੈ। ਇਥੇ ਵੀ ਉਦਾਹਰਣ ਵਪਾਰੀ ਦੀ ਵਰਤੀ, ਪਰ ਸਿੱਖਿਆ ਰੱਬੀ ਤਿਆਗੀ ਦੀ ਬਖ਼ਸ਼ੀ ਹੈ, ਜਿਹਨਾਂ ਨੇ ਜ਼ਿੰਦਗੀ ਬਦਲੇ ਬਿਖੁ ਲੱਦ ਭਾਵ ਇਕੱਠੀ ਕਰ ਲਈ, ਉਹ ਰੋਂਦੇ ਭਾਵ ਭਟਕਦੇ ਹਨ, ਪਰ ਜਿਹਨਾਂ ਨੇ ਨਾਮ ਰੂਪ ਹੀਰੇ ਕਮਾ ਲਏ, ਉਹ ਸਫਲ ਵਪਾਰੀ ਬਣ ਗਏ। ਰੱਬੀ ਬਾਣੀ ਦਾ ਇੱਕੋ ਬਚਨ ਨਿਬੇੜਾ ਕਰ ਦਿੰਦਾ ਹੈ ਕਿ:

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

(ਪੰਨਾ ੨੩)

ਗਉੜੀ ਪੂਰਬੀ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ ॥

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥
ਸਗਲ ਭਵਨ ਕੇ ਨਾਇਕਾ ਇਕੁ
ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥
ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥

(ਪੰਨਾ ੩੪੬)

ਕੂਪ—ਖੂਹ। ਦਾਦਰਾ—ਡੱਡੂ।

ਇਕੁ ਛਿਨੁ ਦਰਸੁ

ਧਾਰਮਿਕ ਦੁਨੀਆਂ ਦੇ ਕੰਮਾਂ ਦੀ ਖੋਜ-ਪੜਤਾਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਧਾਰਮਿਕ ਦੁਨੀਆਂ ਦੇ ਤਿੰਨ ਕੰਮ ਪ੍ਰਮੁੱਖ ਹਨ—ਪਹਿਲਾ, ਆਪਣੇ ਔਗੁਣਾਂ ਦੀ ਪਹਿਚਾਣ; ਦੂਜਾ, ਰੱਬੀ ਉਪਕਾਰਾਂ ਦੀ ਪਹਿਚਾਣ; ਤੀਜਾ, ਇਹਨਾਂ ਤੋਂ ਮੁਕਤੀ ਅਤੇ ਮੁਆਫ਼ੀ ਲਈ ਅਰਦਾਸ। ਜਦੋਂ ਵੀ ਜੀਵ ਕਿਸੇ ਵੀ ਧਾਰਮਿਕ ਅਸਥਾਨ 'ਤੇ ਜਾਂਦਾ ਹੈ ਤਾਂ ਦੋ ਗੱਲਾਂ ਦੀ ਚਰਚਾ ਅਕਸਰ ਉਸ ਥਾਂ ਦਾ ਪੁਜਾਰੀ, ਪ੍ਰਚਾਰਕ ਜਾਂ ਉਪਦੇਸ਼ਕ ਕਰਦਾ ਹੈ ਕਿ ਸਾਡੀਆਂ ਕਿਹੜੀਆਂ ਕਿਹੜੀਆਂ ਕਮਜ਼ੋਰੀਆਂ ਨੇ ਸਾਨੂੰ ਪਰਮ ਪਿਤਾ ਤੋਂ ਵਿਛੋੜ ਕੇ ਦੂਰੀਆਂ ਬਣਾਈਆਂ ਹੋਈਆਂ ਹਨ। ਦੂਜੀ ਗੱਲ ਦੀ ਚਰਚਾ ਹੁੰਦੀ ਹੈ ਕਿ ਇਹਨਾਂ ਕਮਜ਼ੋਰੀਆਂ ਦੇ ਬਾਵਜੂਦ ਵੀ ਰੱਬ ਨੇ ਸਾਡੇ 'ਤੇ ਕੀ ਕੀ ਪਰਉਪਕਾਰ ਕੀਤੇ ਹੋਏ ਹਨ ਅਤੇ ਉਹ ਆਪਣੇ ਸੁਭਾਅ ਮੁਤਾਬਿਕ ਕਰੀ ਜਾ ਰਿਹਾ ਹੈ। ਬੱਸ ਇਥੋਂ ਹੀ ਜ਼ਿੰਦਗੀ ਦਾ ਦੋਰਾਹਾ ਪੈਦਾ ਹੁੰਦਾ ਹੈ। ਜਿਹੜਾ ਤਾਂ ਨਾਸ਼ੁਕਰਾ ਹੋ ਕੇ ਗ਼ਾਫ਼ਲ ਹੋ ਗਿਆ, ਉਹ ਅਕ੍ਰਿਤਘਣਾਂ ਦੀ ਦੁਨੀਆਂ ਵਸਾ ਲੈਂਦਾ ਹੈ, ਪਰ ਜਿਹੜਾ ਇਹਨਾਂ ਪਰਉਪਕਾਰਾਂ ਨੂੰ ਚੇਤੇ ਕਰਕੇ ਸ਼ੁਕਰ ਕਰਦਾ ਹੈ, ਉਹ ਧਾਰਮਿਕ ਦੁਨੀਆਂ ਵਿੱਚ ਸ਼ਾਮਿਲ ਹੋ ਜਾਂਦਾ ਹੈ, ਫਿਰ ਅੰਦਰ ਇੱਕ ਲਗਨ ਜਨਮ ਲੈਂਦੀ ਹੈ ਕਿ ਮੈਂ ਕਿਵੇਂ ਅਰਦਾਸ ਕਰਾਂ, ਮੈਂ ਕਿਵੇਂ ਸ਼ੁਕਰ ਕਰਾਂ, ਬਸ ਇਹ ਸ਼ੁਕਰ ਕਰਨ ਦੀ ਕਿਰਿਆ ਹੀ ਅਸਲ ਇਬਾਦਤ ਅਤੇ ਸ਼ੁਕਰ ਦਾ ਨਸ਼ਾ ਅਜਿਹਾ ਸਰੂਰ ਜਾਂ ਮਸਤੀ ਪੈਦਾ ਕਰਦਾ ਹੈ, ਜਿਹੜਾ ਅੱਗੇ ਜਾ ਕੇ ਆਤਮਿਕ ਰਸ ਬਣ ਜਾਂਦਾ ਹੈ। ਇਹ ਆਤਮਿਕ ਰਸ ਅੰਦਰ ਮਿਲਾਪ ਦੀ ਭੁੱਖ ਪੈਦਾ ਕਰਦਾ ਹੈ, ਭੁੱਖਾ ਹਮੇਸ਼ਾ ਹੀ ਕੁਰਲਾਉਂਦਾ ਹੈ। ਇਸੇ ਲਈ ਰੱਬੀ ਮਿਲਾਪ ਦੀ ਭੁੱਖ ਰੱਖਣ ਵਾਲੇ ਹਮੇਸ਼ਾ ਰੱਬ ਅੱਗੇ ਤਰਲੇ ਲੈਂਦੇ ਨਜ਼ਰ ਆਉਂਦੇ ਹਨ। ਅਸਲ ਵਿੱਚ ਦਰਸ਼ਨ ਇੱਕ ਅਜਿਹੀ ਮੁਕੰਮਲ ਬਖ਼ਸ਼ਿਸ਼ ਹੈ, ਜਿਸ ਨਾਲ ਜ਼ਿੰਦਗੀ ਦੀ ਹਰ ਮੁਸ਼ਕਲ ਹੱਲ ਹੋ ਜਾਂਦੀ ਹੈ। ਥੋੜ੍ਹੀ ਜਿਹੀ ਵੀਚਾਰ ਦਰਸ਼ਨਾਂ ਦੇ ਲਾਭ 'ਤੇ ਸਾਂਝੀ ਕਰਨੀ ਚਾਹੁੰਦਾ ਹਾਂ, ਜਿਸ ਨਾਲ ਸਮਝ ਲੱਗ ਜਾਵੇ ਕਿ ਦਰਸ਼ਨਾਂ ਦੀ ਕਿੰਨੀ ਮਹਾਨਤਾ ਹੈ।

ਕਿਸੇ ਵਿਰਲੇ ਵਿਰਲੇ ਦੀ ਝੋਲੀ ਵਿੱਚ ਇਹ ਦੋ ਦਾਤਾਂ ਦਾਤਾਰ ਪਾਉਂਦਾ ਹੈ। ਪਹਿਲੀ ਦਾਤ ਹੈ ਭਰੋਸਾ, ਦੂਸਰੀ ਦਾਤ ਹੈ ਪ੍ਰਭ ਮਿਲਣੈ ਕਾ ਚਾਉ॥

ਅਡੋਲਤਾ ਭਰੋਸੇ ਤੋਂ ਬਣਦੀ ਹੈ। ਅੰਦਰੂਨੀ ਰਸ, ਮਿਲਾਪ ਦਾ ਚਾਉ ਇਹ ਦੋਵੇਂ ਪ੍ਰਮੇਸ਼ਰ ਦੇ ਨੇੜੇ ਕਰਦੇ ਹਨ, ਪਰ ਇਹਨਾਂ ਦੀ ਪੈਦਾਇਸ਼ ਵੀ ਅੱਖੀਂ ਦੇਖਣ ਨਾਲ ਬਣਦੀ ਹੈ। ਜਦੋਂ ਕੋਈ ਚੀਜ਼ ਅੱਖੀਂ ਵੇਖ ਲਈ ਜਾਵੇ ਤਾਂ ਭਰੋਸਾ ਅਤੇ ਮਿਲਾਪ ਲਈ ਚਾਉ ਪੈਦਾ ਹੁੰਦਾ ਹੈ। ਪ੍ਰਭੂ ਦੇ ਦੀਦਾਰ ਕਰਨ ਵਾਲੇ ਤਦ ਹੀ ਤਾਂ ਕੁਦਰਤ ਨੂੰ ਉਸ ਦਾ ਸਰਗੁਨ ਰੂਪ ਆਖਦੇ ਹਨ ਤੇ ਪਿਆਰ ਕਰਦੇ ਹਨ, ਪਰ ਜਦੋਂ ਪੂਜਾ ਕਰਨ ਦੀ ਗੱਲ ਆਉਂਦੀ ਹੈ ਤਾਂ ਕੇਵਲ ਇਕੋ ਇੱਕ ਨਿਰਗੁਨ ਵਾਹਿਗੁਰੂ ਜੀ ਦੀ ਇਬਾਦਤ ਕਰਦੇ ਹਨ:

ਬਿਨੁ ਦੇਖੇ ਉਪਜੈ ਨਹੀ ਆਸਾ ॥ (ਪੰਨਾ ੧੧੬੭)

ਮੈਂ ਆਪਣੀ ਦਰਦ ਭਰੀ ਕਹਾਣੀ ਦੀ ਸ਼ੁਰੂਆਤ ਇਸ ਅਰਦਾਸ ਤੋਂ ਹੀ ਕਰਨਾ ਚਾਹੁੰਦਾ ਹਾਂ ਕਿ ਹੇ ਵਾਹਿਗੁਰੂ ਜੀ! ਮੈਨੂੰ ਇੱਕ ਅੱਖ ਦੇ ਝਮਕਣ ਜਿੰਨੇ ਸਮੇਂ ਜਿਤਨਾ ਆਪਣਾ ਦਰਸ ਦਿਖਾ ਦਿਉ, ਇਸ ਨਾਲ ਮੇਰੇ ਜੀਵਨ ਵਿੱਚ ਪ੍ਰਭੂ ਦੀ ਸਰਬ ਕਲਾ ਅਤੇ ਹੋਂਦ ਦਾ ਭਰੋਸਾ ਹੋ ਜਾਵੇਗਾ। ਇਸ ਦੇ ਨਾਲ ਹੀ ਮਿਲਾਪ ਦਾ ਚਾਉ ਪੈਦਾ ਹੋ ਜਾਵੇਗਾ। ਆਸਤਿਕ ਦੁਨੀਆਂ ਵਿੱਚ ਰਹਿੰਦਿਆਂ ਹੋਇਆਂ ਵੀ ਬਹੁਤ ਦੁਨੀਆਂ ਨਾਸਤਿਕ ਹੀ ਰਹਿ ਜਾਂਦੀ ਹੈ। ਭਗਤੀ ਕਰਦੇ ਹਨ, ਪਰ ਭਰੋਸਾ ਨਹੀਂ। ਇਬਾਦਤ ਹੈ ਪਰ ਮਿਲਾਪ ਦਾ ਚਾਉ ਨਹੀਂ। ਇਹਨਾਂ ਦੋਨਾਂ ਦਾਤਾਂ ਦੀ ਉਪਜ ਆਪ ਜੀ ਦੀ ਦਰਸ਼ਨਾਂ ਰੂਪ ਰਹਿਮਤ ਨੇ ਕਰਨੀ ਹੈ, ਇਸ ਲਈ ਮੇਰੀ ਇੱਕੋ ਹੀ ਅਰਦਾਸ ਹੈ ਕਿ:

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥
(ਪੰਨਾ ੩੪੬)

ਕਦੇ ਜਾਪੁ ਸਾਹਿਬ ਦੀ ਪਵਿੱਤਰ ਬਾਣੀ ਧਿਆਨ ਨਾਲ ਪੜ੍ਹਨਾ, ਹਰ ਵਾਰੀ ਰੱਬੀ ਹੋਂਦ ਦਾ ਅਟੱਲ ਪ੍ਰਗਟਾਵਾ ਨਜ਼ਰ ਆਵੇਗਾ। ਸਿਰਫ਼ ਉਦਾਹਰਣ ਲਈ ਬਚਨਾਂ ਦੇ ਦਰਸ਼ਨ ਕਰੀਏ:

ਅਰੂਪ ਹੈਂ ਅਨੂਪ ਹੈਂ ॥
ਅਜੂ ਹੈਂ ਪ੍ਰਭੂ ਹੈਂ ॥

ਅਸਲੀ ਭਗਤੀ ਰੱਬ ਹੋਵੇਗਾ ਨਹੀਂ ਕਹਿਣ ਦਿੰਦੀ, ਸਗੋਂ ਅਸਲੀ ਭਗਤੀ ਤਾਂ ਕਹਿੰਦੀ ਹੈ ਕਿ ਰੱਬ ਹੋਵੇਗਾ ਨਹੀਂ ਬਲਕਿ ਹੈ:

ਹੈ ਭੀ ਹੋਸੀ ਭੂ ਹੋਵਨਹਾਰ ॥
ਅਗਮ ਅਗਾਧਿ ਊਚ ਆਪਾਰ ॥ (ਪੰਨਾ ੭੨੪)

ਇਸੇ ਲਈ ਹੇ ਸਾਰੇ ਭਵਨਾਂ ਦੇ ਮਾਲਕ ਜੀਉ! ਮੈਨੂੰ ਭਾਵੇਂ ਇੱਕ ਖਿਨ ਦਰਸ ਦਿਖਾ ਦਿਉ ਜੀ, ਪਰ ਕਿਰਪਾ ਕਰੋ ਜੀ।

ਹੁਣ ਮੇਰੀ ਕਹਾਣੀ ਦਾ ਅਗਲਾ ਪੱਖ ਹੈ ਕਿ ਮੈਂ ਰਹਿੰਦਾ ਕਿਥੇ ਹਾਂ ਤੇ ਚਾਹੁੰਦਾ ਕੀ ਹਾਂ ? ਆਪਣੀ ਸ਼ਖ਼ਸੀਅਤ ਤੋਂ ਛੋਟੀ ਹਰ ਚੀਜ਼ ਹਾਸਿਲ ਕਰਨੀ ਬਹੁਤ ਸੌਖੀ ਹੁੰਦੀ ਹੈ, ਪਰ ਆਪਣੀ ਸ਼ਖ਼ਸੀਅਤ ਤੋਂ ਵੱਡੀ ਹਰ ਚੀਜ਼ ਹਾਸਿਲ ਕਰਨੀ ਔਖੀ ਹੁੰਦੀ ਹੈ। ਮੇਰੀ ਤਾਂ ਸ਼ਖ਼ਸੀਅਤ ਹੋਣੀ ਇੱਕ ਪਾਸੇ ਸਗੋਂ ਮੈਂ ਤਾਂ ਤੇਰੀ ਕੁਦਰਤਿ ਵਿੱਚ ਤੇਰਾ ਹੀ ਬਣਾਇਆ ਇੱਕ ਅਤਿਅੰਤ ਛੋਟਾ ਜਿਹਾ ਕਿਰਮ ਹਾਂ, ਫਿਰ ਮੈਂ ਤੇਰੀ ਪ੍ਰਾਪਤੀ ਤੇਰੀ ਬਖ਼ਸ਼ਿਸ਼ ਤੋਂ ਬਿਨਾਂ ਕਿਵੇਂ ਪ੍ਰਾਪਤ ਕਰ ਸਕਦਾ ਹਾਂ ?

ਮੈਂ ਚਾਹੁੰਦਾ ਹਾਂ ਕਿ ਜਨਮ ਤੁਮਾਰੇ ਲੇਖੇ ਲਾ ਦੇਵਾਂ, ਪਰ ਮੇਰੀ ਇਹ ਚਾਹਤ ਪੂਰੀ ਕਿਵੇਂ ਹੋ ਸਕਦੀ ਹੈ ਕਿਉਂਕਿ ਮੇਰੀ ਮਤਿ, ਬਿਖਿਆ ਭਾਵ ਮਾਇਆ ਅਤੇ ਵਿਕਾਰੀ ਜ਼ਹਿਰ ਨੇ ਇਹੋ ਜਿਹੀ ਮਲੀਨ ਕਰ ਦਿੱਤੀ ਹੈ ਕਿ ਮੇਰੇ ਮਨ ਵਿੱਚ ਤਾਂ ਸਗੋਂ ਇਸ ਨਾਲ ਮੋਹ ਪੈਦਾ ਹੋ ਗਿਆ ਹੈ, ਛੱਡਣ ਲਈ ਤਿਆਰ ਨਹੀਂ। ਜਦੋਂ ਇਸਨੂੰ ਸਮਝਾਵੋ ਤਾਂ ਇਹ ਖੂਹ ਵਿੱਚ ਰਹਿਣ ਵਾਲੇ ਡੱਡੂ ਵਾਂਗੂੰ ਖੂਹ ਨੂੰ ਹੀ ਸਭ ਕੁਝ ਸਮਝਦਾ ਹੈ। ਜੇ ਕੋਈ ਇਸ ਤੋਂ ਉੱਪਰ ਦੀ ਗੱਲ ਕਹਿੰਦਾ ਹੈ ਤਾਂ ਇਹ ਉਸਨੂੰ ਝੂਠਾ ਮੰਨਦਾ ਹੈ। ਕਿਉਂਕਿ ਇਸ ਨੇ ਸਿਰਫ਼ ਖੂਹ ਹੀ ਵੇਖਿਆ ਹੈ, ਪਰ ਜਦੋਂ ਤੁਸੀਂ ਕਿਰਪਾ ਕਰਕੇ ਸਗਲ ਭਵਨ ਕੇ ਨਾਇਕ ਜੀਉ! ਇਕ ਛਿਨ ਦੀਦਾਰਾਂ ਦੀ ਦਾਤ ਬਖ਼ਸ਼ੋਗੇ ਤਾਂ ਇਹ ਮੰਨੇਗਾ ਕਿ ਹਾਂ ਮੇਰਾ ਵਾਹਿਗੁਰੂ ਜੀ ਬੇਅੰਤ ਬੇਅੰਤ ਹੈ :

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥

(ਪੰਨਾ ੩੪੬)

ਮੁਬਾਰਿਕ ਸ਼ਬਦ ਦੀਆਂ ਅਗਲੀਆਂ ਪੰਗਤੀਆਂ ਦੀ ਵੀਚਾਰ ਹੈ ਕਿ ਹੇ ਨਿਰੰਕਾਰ ਜੀਉ ! ਮੇਰੀ ਮਤਿ ਬਹੁਤ ਮਲੀਨ ਹੋ ਚੁੱਕੀ ਹੈ, ਜਿਹੜੀ ਤੇਰੇ ਪਵਿੱਤਰ ਦਰ ਦੀਆਂ ਪਵਿੱਤਰ ਰਮਜ਼ਾਂ ਸਮਝਣ ਯੋਗ ਨਹੀਂ ਰਹੀ, ਤੁਸੀਂ ਹੀ ਕਿਰਪਾ ਕਰਕੇ ਮੈਨੂੰ ਸੁਮਤਿ ਬਖ਼ਸ਼ੋ, ਜਿਸ ਨਾਲ ਮੈਨੂੰ ਪੂਰਨ ਤੌਰ 'ਤੇ ਸਮਝ ਆ ਜਾਵੇ ਅਤੇ ਮੈਂ ਤੁਹਾਡੀ ਇਬਾਦਤ ਵਿੱਚ ਜੁੜ ਜਾਵਾਂ :

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥

(ਪੰਨਾ ੩੪੬)

ਇਹਨਾਂ ਬਚਨਾਂ ਦੀ ਗਹਿਰੀ ਵੀਚਾਰ ਹੈ ਕਿ ਹਰ ਬੰਦਾ ਹਰ ਗੱਲ ਨੂੰ ਆਪਣੇ ਹੀ ਅਕਲ ਦੇ ਤਰਾਜ਼ੂ ਵਿੱਚ ਪਾ ਕੇ ਤੋਲਦਾ ਹੈ ਤੇ ਹਰ ਵਾਰੀ ਲਗਪਗ ਨਿਰਣਾ ਵੀ ਇਹੋ ਹੀ ਲੈਂਦਾ ਹੈ ਕਿ ਦੂਜਾ ਗ਼ਲਤ ਹੈ ਅਤੇ ਮੈਂ ਠੀਕ ਹਾਂ,

ਪਰੰਤੂ ਧਾਰਮਿਕ ਦੁਨੀਆਂ ਦੀ ਸ਼ੁਰੂਆਤ ਆਪਣੇ ਔਗੁਣ ਵੇਖਣਾ ਹੀ ਨਹੀਂ ਬਲਕਿ ਆਪਣੇ ਔਗੁਣ ਕਬੂਲਣਾ ਵੀ ਹੈ। ਹਰ ਬੰਦੇ ਨੂੰ ਆਪਣੀ ਅਕਲ ਵੱਡੀ ਲੱਗਦੀ ਹੈ, ਭਾਵ ਆਪਣਾ ਆਪ ਸਭ ਤੋਂ ਸਿਆਣਾ ਲੱਗਦਾ ਹੈ। ਇਸ ਗੱਲ ਨੂੰ ਕਬੂਲਣਾ ਕਿ ਮੇਰੀ ਮਤਿ ਮਲੀਨ ਹੈ, ਇਹੀ ਕਦਮ ਪੁੱਟਣਾ ਤਾਂ ਸਭ ਤੋਂ ਔਖਾ ਹੈ। ਇਹੋ ਹੀ ਤਾਂ ਹਉਮੈ ਨੂੰ ਮਾਰਦਾ ਹੈ। ਲੜਾਈ ਹੀ ਸਿਰਫ਼ ਇਸ ਗੱਲ ਦੀ ਹੈ ਕਿ ਤੁਸੀਂ ਭਲਾ ਕਰਦੇ ਹੋ, ਪਰ ਮੇਰੀ ਮਤਿ ਥੋਰੀ ਰਾਮ ਹੋਣ ਕਰਕੇ ਤੁਮ ਕਰਹੁ ਭਲਾ ਹਮ ਭਲੋ ਨ ਜਾਨਹ, ਹੋਣ ਕਰਕੇ ਤੇਰੇ ਹੁਕਮ ਰਜਾਈ ਦੇ ਰਾਹ ਨੂੰ ਛੱਡ ਕੇ ਹਰਿ ਬਿਸਰਤ ਸਦਾ ਖੁਆਰੀ ਦੇ ਰਾਹ ਪੈ ਜਾਂਦੇ ਹਾਂ, ਜਿਸ ਨਾਲ ਆਪ ਹੀ ਆਪਣਾ ਕਾਰਜ ਵਿਗਾੜ ਕੇ ਮੁੜ ਮੁੜ ਪਛਤਾਵੇ ਦੀ ਅੱਗ ਵਿੱਚ ਸੜਦੇ ਰਹਿੰਦੇ ਹਾਂ।

ਇੱਕ ਸ਼ਾਹੂਕਾਰ ਮਾਇਆ ਦੇ ਭੋਗਾਂ ਤੋਂ ਤੰਗ ਆਇਆ, ਇੱਕ ਦਿਨ ਕਿਸੇ ਦਰਵੇਸ਼ ਕੋਲ ਸ਼ਾਂਤੀ ਦੀ ਭਾਲ ਕਰਦਾ ਚਲਾ ਗਿਆ। ਸ਼ਾਹੂਕਾਰ ਨੇ ਬੇਨਤੀ ਕੀਤੀ ਬਾਬਾ ਜੀ, ਮੈਨੂੰ ਕੋਈ ਸ਼ਾਂਤੀ ਦਾ ਸਬਕ ਪੜ੍ਹਾਉ। ਫ਼ਕੀਰ ਨੂੰ ਤਰਸ ਆਇਆ, ਨਾਲ ਰੱਖ ਲਿਆ। ਫ਼ਕੀਰ ਨੇ ਦੋ ਤਿੰਨ ਦਿਨਾਂ ਮਗਰੋਂ ਬਚਨ ਆਖੇ ਕਿ ਪੁਰਖਾ, ਜ਼ਿੰਦਗੀ ਦਾ ਪਹਿਲਾ ਕਲੇਸ਼ ਇਥੋਂ ਸ਼ੁਰੂ ਹੁੰਦਾ ਹੈ ਕਿ ਬੰਦਾ ਸੋਚਦਾ ਹੈ ਕਿ ਮੈਂ ਸਭ ਕੁਝ ਕਰਦਾ ਹਾਂ ਇਸ ਲਈ ਮੇਰਾ ਹੁਕਮ ਹਰ ਕੋਈ ਮੰਨੇ, ਮੈਂ ਅਸਲ ਵਿੱਚ ਜੰਮਿਆ ਹੀ ਹੁਕਮ ਮੰਨਾਉਣ ਵਾਸਤੇ ਹਾਂ, ਪਰ ਦੂਜੇ ਪਾਸੇ ਧਰਮ ਇਹ ਆਖਦਾ ਹੈ ਕਿ ਸਭ ਕੁਝ ਰੱਬ ਕਰਦਾ ਹੈ, ਤੂੰ ਜੰਮਿਆ ਹੀ ਹੁਕਮ ਮੰਨਣ ਵਾਸਤੇ ਹੈਂ। ਮੰਨਾਉਣਾ ਦੁੱਖ ਪੈਦਾ ਕਰਦਾ ਹੈ, ਮੰਨਣਾ ਸੁੱਖ ਪੈਦਾ ਕਰਦਾ ਹੈ। ਸ਼ਾਹੂਕਾਰ ਨੇ ਸੁਣ ਤਾਂ ਲਿਆ, ਪਰ ਸਮਝ ਨਾ ਪਈ। ਫ਼ਕੀਰ ਨੇ ਵੀ ਸਮਝ ਲਿਆ ਕਿ ਸ਼ਾਹੂਕਾਰ ਨੂੰ ਇਸ ਤਰ੍ਹਾਂ ਪਤਾ ਨਹੀਂ ਲੱਗਣਾ। ਇੱਕ ਦਿਨ ਚਲਦਿਆਂ ਚਲਦਿਆਂ ਫ਼ਕੀਰ ਨੇ ਦੇਖਿਆ ਕਿ ਕਿਸੇ ਨੇ ਇੱਕ ਗੋਦੜੀ ਜਿਹੜੀ ਕਈ ਥਾਵਾਂ 'ਤੇ ਟਾਕੀਆਂ ਲਾ ਕੇ ਗੰਢੀ ਹੋਈ ਸੀ, ਉਸਨੂੰ ਬੇਕਾਰ ਜਾਂ ਪੁਰਾਣੀ ਸਮਝਕੇ ਸੁੱਟਿਆ ਹੋਇਆ ਸੀ। ਫ਼ਕੀਰ ਨੇ ਸ਼ਾਹੂਕਾਰ ਨੂੰ ਕਿਹਾ ਕਿ ਸੱਜਣਾ, ਰੱਬ ਨੇ ਬਹੁਤ ਹੀ ਕੀਮਤੀ ਚੀਜ਼ ਦਿੱਤੀ ਹੈ, ਤੂੰ ਜਿਹੜੇ ਪੈਸੇ ਆਪਣੀ ਜੇਬ ਵਿੱਚ ਪਾਏ ਹਨ ਤੇ ਆਹ ਦੁਸ਼ਾਲਾ ਇਹ ਸਭ ਕੁਝ ਸੁੱਟਕੇ ਇਹ ਗੋਦੜੀ ਚੁੱਕ ਲੈ। ਇਹਨਾਂ ਬੇਕਾਰ ਚੀਜ਼ਾਂ ਨਾਲੋਂ ਗੋਦੜੀ ਚੰਗੀ ਹੈ। ਜੇਕਰ ਤੇਰੀ ਮਰਜ਼ੀ ਨਾ ਹੋਵੇ ਤਾਂ ਮੈਂ ਚੁੱਕ ਲੈਂਦਾ ਹਾਂ। ਸ਼ਾਹੂਕਾਰ ਨੇ ਆਪਣੀ ਸੋਚ ਮੁਤਾਬਿਕ ਕਹਿ ਦਿੱਤਾ ਕਿ ਫ਼ਕੀਰ ਨੂੰ ਕੀ ਪਤਾ ਹੈ ਕੀਮਤੀ ਦੁਸ਼ਾਲੇ ਦਾ ਜਾਂ ਪੈਸੇ ਕੋਲ ਹੋਣ ਦਾ, ਇਹ ਗੋਦੜੀ ਮੇਰੇ ਕਿਸ ਕੰਮ ਆਏਗੀ, ਇਹ ਪੈਸੇ ਜਾਂ ਦੁਸ਼ਾਲਾ ਤਾਂ ਹਰ ਥਾਂ 'ਤੇ ਕੰਮ ਆ ਸਕਦਾ ਹੈ, ਸੋ ਸ਼ਾਹੂਕਾਰ ਨੇ ਕਹਿ ਦਿੱਤਾ

ਬਾਬਾ ਜੀ, ਤੁਸੀਂ ਚੁੱਕ ਲਵੋ। ਫ਼ਕੀਰ ਨੇ ਉਹ ਗੋਦੜੀ ਚੁੱਕ ਲਈ ਅਤੇ ਅੱਗੇ ਚਲੇ ਗਏ। ਦਿਨ ਗੁਜ਼ਰ ਗਿਆ, ਰਾਤ ਪੈ ਗਈ, ਦੋਵੇਂ ਇੱਕ ਟਿਕਾਣਾ ਜਿਹਾ ਦੇਖ ਕੇ ਟਿਕ ਗਏ। ਰਾਤੀਂ ਅਚਾਨਕ ਚੋਰ ਵਿਚਰ ਰਹੇ ਸਨ, ਉਹਨਾਂ ਨੇ ਸ਼ਾਹੂਕਾਰ ਕੋਲੋਂ ਕੀਮਤੀ ਦੁਸ਼ਾਲਾ ਵੀ ਖੋਹ ਲਿਆ, ਪੈਸੇ ਵੀ ਖੋਹ ਲਏ ਤੇ ਇਸੇ ਖਿਚਾ-ਧੂਹੀ ਵਿੱਚ ਸੱਟਾਂ ਵੀ ਲੱਗ ਗਈਆਂ। ਹੁਣ ਖ਼ਾਲੀ ਹੱਥ ਸ਼ਾਹੂਕਾਰ ਸੱਟਾਂ ਦੇ ਦਰਦ ਕਾਰਨ ਰੋ ਰਿਹਾ ਸੀ, ਪਰ ਫ਼ਕੀਰ ਦੀ ਗੋਦੜੀ ਦੇਖਕੇ ਉਸਨੂੰ ਕਿਸੇ ਕੁਝ ਨਹੀਂ ਕਿਹਾ। ਆਖ਼ਿਰ ਫ਼ਕੀਰ ਨੇ ਸਮਝਾਇਆ ਕਿ ਭਾਈ, ਇਹੋ ਕੁਝ ਜੀਵ ਦੀ ਕਹਾਣੀ ਹੈ, ਜਿਹੜੀ ਗੱਲ ਗੁਰੂ ਜੀ ਕਹਿੰਦੇ ਹਨ ਕਿ ਰਾਮ ਦਾ ਨਾਮ ਇਕੱਠਾ ਕਰ ਲੈ, ਪਰ ਇਹ ਆਪਣੀ ਅਕਲ ਮੁਤਾਬਿਕ ਸੰਸਾਰੀ ਪਦਾਰਥ ਇਕੱਠੇ ਕਰਦਾ ਰਹਿੰਦਾ ਹੈ, ਪਰ ਇੱਕ ਦਿਨ ਜਗ ਜਗਾਤੀ ਲੁੱਟ ਲੈਂਦੇ ਹਨ ਅਤੇ ਜੀਵ ਪਛੁਤਾਉਂਦਾ ਰੋਂਦਾ ਰਹਿੰਦਾ ਹੈ। ਸ਼ਾਹੂਕਾਰ ਨੂੰ ਅੱਜ ਸਮਝ ਲੱਗੀ ਕਿ ਜੀਵ ਕਿਵੇਂ ਸਾਹਿਬ ਪਾਤਿਸ਼ਾਹ ਦੇ ਬਚਨਾਂ ਨੂੰ ਠੁਕਰਾ ਕੇ ਆਪਣੀ ਮਲੀਨ ਮਤਿ ਨਾਲ ਸਾਰੀ ਜ਼ਿੰਦਗੀ ਦਾ ਜੋੜਿਆ ਇੱਕ ਮਿੰਟ ਵਿੱਚ ਰੁੜ੍ਹਾ ਦਿੰਦਾ ਹੈ, ਪਰ ਕਿਸੇ ਵੇਲੇ ਦੇ ਇੱਕ ਮਿੰਟ ਵੀ ਜਪਿਆ ਨਾਮ ਕਿਵੇਂ ਜੀਵ ਦਾ ਸਹਾਈ ਹੋ ਜਾਂਦਾ ਹੈ। ਪਰ ਅਕਲ ਅਨੁਸਾਰ, ਨਾਮ ਜਪਣਾ ਇੱਕ ਗੋਦੜੀ ਪਹਿਨਣ ਵਾਂਗ ਬੇਰਸਾ ਲੱਗਦਾ ਹੈ, ਪਰ ਮਾਇਆ ਅਤੇ ਕੀਮਤੀ ਚੀਜ਼ਾਂ ਜਿਹੜੀਆਂ ਚੰਗੀਆਂ ਲੱਗਦੀਆਂ ਹਨ, ਕਿਵੇਂ ਪਛੁਤਾਵਾ ਪੱਲੇ ਪਾਉਂਦੀਆਂ ਹਨ। ਇਸ ਲਈ ਜੀਵ ਦਾ ਭਲਾ ਆਪਣੀ ਮਤਿ ਛੋਟੀ ਮੰਨ ਸਾਈਂ ਦੇ ਹੁਕਮ ਨੂੰ ਸਵੀਕਾਰ ਕਰਨ ਵਿੱਚ ਹੀ ਹੈ:

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥

(ਪੰਨਾ ੩੪੬)

ਇਥੇ ਫਿਰ ਇੱਕ ਗੱਲ ਸਮਝਣ ਵਾਲੀ ਹੈ ਕਿ ਹੁਕਮ ਮਨਾਉਣ ਵਾਲਾ ਰੱਬੀ ਗੁਣ ਗਾਉਂਦਿਆਂ ਭਾਵਨਾ ਰੱਖਦਾ ਹੈ ਕਿ ਮੈਂ ਗੁਣ ਗਾ ਗਾ ਕੇ ਰੱਬ ਦਾ ਕੋਈ ਅੰਤ ਪਾ ਲਵਾਂ, ਪਰ ਉਸ ਦੇ ਗੁਣ ਗਾਉਣ ਲਈ ਵੱਡੇ ਵੱਡੇ ਜੋਗੀਆਂ ਦੇ ਨਾਥ ਵੀ ਸਮਾਧੀਆਂ ਲਾ ਲਾ ਕੇ ਥੱਕ ਗਏ, ਪਰ ਉਹ ਅੰਤ ਨਹੀਂ ਪਾ ਸਕੇ ਬਲਕਿ ਹਰ ਵਾਰੀ ਬੇਅੰਤ ਬੇਅੰਤ ਹੀ ਕਹਿੰਦੇ ਰਹੇ। ਹੇ ਨਿਰੰਕਾਰ ਜੀ! ਮੈਂ ਆਪ ਜੀ ਦੇ ਗੁਣ ਕਿਸੇ ਅੰਤ ਪਾਉਣ ਲਈ ਨਹੀਂ ਬਲਕਿ ਮੈਂ ਤਾਂ ਪ੍ਰੇਮਾ-ਭਗਤੀ ਵਿੱਚ ਲੀਨ ਹੋ ਕੇ ਗਾਉਂਦਾ ਹਾਂ। ਪ੍ਰੇਮਾ-ਭਗਤੀ ਕਦੇ ਵੀ ਕਿਸੇ 'ਤੇ ਕਬਜ਼ਾ ਨਹੀਂ ਕਰਦੀ, ਬਲਕਿ ਆਪ ਕਿਸੇ ਦੇ ਹੋਣ ਲਈ ਭਾਵ ਮੈਨੂੰ ਹੀ ਤੁਸੀਂ ਆਪਣਾ ਪ੍ਰਵਾਨ ਕਰ ਲਵੋ, ਲਈ ਬੇਨਤੀਆਂ ਕਰਦੀ ਹੈ।

ਤੱਤਸਾਰ

ਜੀਵ ਦਾ ਇਖ਼ਲਾਕੀ ਫ਼ਰਜ਼ ਹੈ ਆਪਣੇ ਆਪ ਨੂੰ ਮਿਟਾ ਕੇ ਪ੍ਰਭੂ ਜੀ ਦੀ ਬੰਦਗੀ ਰੱਤ ਭਿੱਜ ਕੇ ਕਰਨ ਵਾਸਤੇ ਉਸ ਅੱਗੇ ਤਰਲਾ ਲਵੇ ਕਿ ਮੇਰੇ ਅੰਦਰ ਭਰੋਸਾ ਅਤੇ ਚਾਉ ਪੈਦਾ ਕਰਨ ਲਈ ਵਾਹਿਗੁਰੂ ਜੀ! ਕੋਈ ਚਮਤਕਾਰ ਬਖ਼ਸ਼ੋ, ਜਿਸ ਨਾਲ ਮੇਰੇ ਜੀਵਨ ਵਿੱਚ ਆਈ ਅਡੋਲਤਾ ਫਿਰ ਕਦੇ ਮਾਇਆ ਦੇ ਜਾਂ ਵਿਕਾਰੀ ਚਮਤਕਾਰ ਵੱਲ ਪ੍ਰਭਾਵਿਤ ਹੋ ਕੇ ਨਾ ਡੋਲੇ।

ਗਉੜੀ ਬੈਰਾਗਣਿ

ੴ ਸਤਿਗੁਰ ਪ੍ਰਸਾਦਿ ॥

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

(ਪੰਨਾ ੩੪੬)

ਜਗੀ—ਯੱਗ। ਪੂਜਾ ਚਾਰ—ਪੂਜਾ ਆਚਾਰ, ਪੂਜਾ ਆਦਿ ਕਰਮ। ਕਰਤਾ ਦੀਸੈ—ਕਰਦਾ ਦਿਸਦਾ ਹੈ, ਸਭ ਲੋਇ—ਸਾਰਾ ਜਗਤ। ਬਿਲਾਇ—ਦੂਰ ਹੋ ਜਾਏ। ਪਖਾਰੀਐ—ਧੋਈਐ। ਲੋਇ—ਲੋਕ, ਸੰਸਾਰ। ਕੁੰਚਰ ਬਿਧਿ—ਹਾਥੀ ਦੇ ਅਸ਼ਨਾਨ ਵਾਂਗ। ਹਾਥੀ ਨਹਾ ਕੇ ਮੁੜ ਪਿੰਡੇ ਉਪਰ ਧੂੜ ਪਾ ਲੈਂਦਾ ਹੈ, ਇੱਕੁਰ ਹੀ ਜੋ ਅੰਦਰੋਂ ਮੈਲੇ ਤੇ ਬਾਹਰੋਂ ਅਸ਼ਨਾਨ ਕਰਦੇ ਹਨ, ਉਹਨਾਂ ਦਾ ਬਿਉਹਾਰ ਹੈ। ਰਵਿ—ਸੂਰਜ। ਰਜਨੀ—ਰਾਤ। ਲਿਲਾਟ—ਮੱਥਾ। ਉਨਮਨ—ਤੁਰੀਆ, ਚੌਥੀ ਅਵਸਥਾ। ਬਜਰ ਕਪਾਟ—ਸਖ਼ਤ ਦਰਵਾਜ਼ਾ। ਨਿਗ੍ਰਹ—ਰੋਕਣ ਦੇ, ਇਕਾਗਰ ਕਰਨ ਦੇ।

ਪਾਰੁ ਕੈਸੇ ਪਾਇਬੋ ਰੇ

ਜਿਸ ਰਾਹੀ ਨੂੰ ਆਪਣੀ ਯਾਤਰਾ ਦੀ ਦੁੱਖਾਂ ਭਰੀ ਕਹਾਣੀ ਦਾ ਪੂਰਾ ਪੂਰਾ ਅਹਿਸਾਸ ਹੈ, ਉਹ ਫਿਰ ਕਦੇ ਇਸ ਯਾਤਰਾ ਦਾ ਮਕਸਦ ਨਹੀਂ ਭੁੱਲਦਾ। ਉਸ ਅੰਦਰ ਤਾਂ ਬਲਕਿ ਜਲਦੀ ਤੋਂ ਜਲਦੀ ਆਪਣੇ ਮਕਸਦ ਦੀ ਪੂਰਤੀ ਕਰ ਲੈਣ ਦਾ ਚਾਅ ਉਮਾਹ ਹੁੰਦਾ ਹੈ। ਇਸ ਕਰਕੇ ਹੀ ਹਰ ਇੱਕ ਨੂੰ ਆਪਣੀ ਮਨਸ਼ਾ ਤੋਂ ਜਾਣੂੰ ਵੀ ਕਰਵਾਉਂਦਾ ਹੈ ਕਿ ਮੈਂ ਇਸ ਦੀ ਪੂਰਤੀ ਕਿਸ ਢੰਗ ਨਾਲ ਕਰ ਸਕਦਾ ਹਾਂ। ਬਸ, ਇਸ ਤਰ੍ਹਾਂ ਹੀ ਜਿਸ ਨੇ ਪ੍ਰਭੂ ਵਿਛੋੜੇ ਤੋਂ ਪੈਦਾ ਹੋਏ ਦੁੱਖਾਂ ਦੀ ਸਾਰੀ ਵੀਚਾਰ ਦਾ ਅਹਿਸਾਸ ਆਪਣੇ ਅੰਦਰ ਮਹਿਸੂਸ ਕਰ ਲਿਆ, ਉਹ ਇਸ ਜਨਮ ਨੂੰ ਮਿਲਾਪ ਲਈ ਵਰਤ ਕੇ ਸਾਰੇ ਦੁੱਖਾਂ ਦਾ ਅੰਤ ਕਰਨਾ ਚਾਹੁੰਦਾ ਹੈ। ਹਰ ਇਕ ਦੇ ਸਾਹਮਣੇ ਇੱਕੋ ਸਵਾਲ ਹੈ ਕਿ "ਪਾਰੁ ਕੈਸੇ ਪਾਇਬੋ ਰੇ॥"

ਆਮ ਜਿਹੀ ਗੱਲ ਹੈ ਕਿ ਜਿਸ ਤਰ੍ਹਾਂ ਪਹਿਲਾਂ ਲੋਕ ਕਰ ਰਹੇ ਹੋਣ, ਉਸੇ ਤਰ੍ਹਾਂ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ, ਪਰ ਅੱਗੇ ਜਾ ਕੇ ਕੁਝ ਲੋਕ ਦੇਖਾ-ਦੇਖੀ ਕਰੀ ਜਾਂਦੇ ਹਨ, ਪਰ ਜਿਹਨਾਂ ਨੇ ਨਾਲ ਹੀ ਆਪਣਾ ਮਕਸਦ ਪੂਰਾ ਨਾ ਹੁੰਦਾ ਵੇਖਿਆ ਤਾਂ ਉਹਨਾਂ ਨੇ ਉਹ ਸਾਰੇ ਕਰਮ ਧਰਮ ਤਿਆਗ ਕੇ ਫਿਰ ਉਸ ਸੱਚ ਦਾ ਰਾਹ ਲੱਭਿਆ, ਜਿਹੜਾ ਪ੍ਰਭੂ ਪਿਤਾ ਜੀ ਨਾਲ ਮਿਲਾ ਦੇਵੇ।

ਇੱਕ ਕਰਮ ਧਰਮ ਉਹ ਹਨ ਜਿਹੜੇ ਲੋਕਾਂ ਨੂੰ ਖ਼ੁਸ਼ ਕਰਨ ਲਈ ਹਨ, ਪਰ ਦੂਜੇ ਉਹ ਹਨ, ਜਿਹੜੇ ਪ੍ਰਮੇਸ਼ਰ ਦੀ ਖ਼ੁਸ਼ੀ ਲਈ ਹਨ। ਲੋਕਾਂ ਲਈ ਕੀਤੇ ਕਰਮ ਧਰਮ ਕੇਵਲ ਗੀਤ ਤੱਕ ਹੀ ਰੁਕ ਜਾਂਦੇ ਹਨ, ਪਰ ਵਾਹਿਗੁਰੂ ਜੀ ਲਈ ਕੀਤੇ ਕਰਮ ਧਰਮ ਪ੍ਰੀਤ ਬਣ ਜਾਂਦੇ ਹਨ। ਇਸ ਲਈ ਹੀ ਤਾਂ ਜ਼ਬਾਨ 'ਤੇ ਬੇਨਤੀ ਆ ਜਾਂਦੀ ਹੈ ਕਿ:

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥ *(ਪੰਨਾ ੬੫੯)*

ਇਸ ਅੰਮ੍ਰਿਤ ਬਚਨ ਵਿਚ ਸਤਿਗੁਰੂ ਜੀ ਜੀਵ ਨੂੰ ਜੁਗਾਂ ਦੇ ਧਰਮ ਕਰਮਾਂ ਦੀ ਸੋਝੀ ਦੇ ਕੇ, ਧਾਰਮਿਕ ਗ੍ਰੰਥਾਂ ਦਾ ਨਿਚੋੜ ਦੱਸ ਕੇ ਅਤੇ ਦੇਖਾ-ਦੇਖੀ ਦੇ

ਸਾਰੇ ਕਰਮਾਂ ਧਰਮਾਂ ਵਿੱਚੋਂ ਕੱਢ ਕੇ ਅਸਲ ਵਿੱਚ ਆਤਮਾ ਅਤੇ ਪਰਮਾਤਮਾ ਦੇ ਮੇਲ ਦੀ ਜੁਗਤਿ ਦਾ ਬਿਆਨ ਕਰਦੇ ਹਨ। ਰਹਾਉ ਵਾਲੇ ਬੰਦ ਅੰਦਰ ਆਪਣੀ ਜਗਿਆਸਾ ਨੂੰ ਪ੍ਰਗਟ ਕੀਤਾ ਹੋਇਆ ਹੈ ਕਿ ਜੀਵ ਭਵ-ਸਾਗਰ ਤੋਂ ਪਾਰ ਕਿਵੇਂ ਹੋ ਸਕਦਾ ਹੈ ? ਹੈਰਾਨੀ ਦੀ ਗੱਲ ਇਹ ਹੈ ਕਿ ਇਸ ਹੀ ਮਕਸਦ ਦੀ ਪੂਰਤੀ ਲਈ ਇਸੇ ਰਾਹ ਦੇ ਅਨੇਕਾਂ ਰਾਹੀਆਂ ਨੂੰ ਪੁੱਛਿਆ ਹੈ, ਪਰ ਮੈਨੂੰ ਕੋਈ ਵੀ ਅਜਿਹਾ ਨਹੀਂ ਮਿਲਿਆ, ਜਿਹੜਾ ਮੇਰੀ ਤਸੱਲੀ ਕਰਵਾ ਸਕੇ, ਜਿਸ ਨਾਲ ਆਵਾ-ਗਵਨ ਦਾ ਚੱਕਰ ਖ਼ਤਮ ਹੋ ਕੇ ਜੀਵ ਬੇਗਮ ਪੁਰੇ ਸ਼ਹਿਰ ਦਾ ਵਾਸੀ ਹੋ ਸਕੇ ਅਤੇ ਆਪਣੇ ਹਰ ਤਰ੍ਹਾਂ ਦੇ ਦੁੱਖਾਂ ਗ਼ਮਾਂ ਤੋਂ ਮੁਕਤੀ ਪਾ ਸਾਈਂ ਰੂਪ ਹੋ ਸਕੇ। ਪਾਵਨ ਪਵਿੱਤਰ ਬਚਨ ਹਨ ਕਿ :

ਪਾਰੁ ਕੈਸੇ ਪਾਇਬੋ ਰੇ ॥
ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥ (ਪੰਨਾ ੩੪੬)

ਧਾਰਮਿਕ ਗ੍ਰੰਥਾਂ ਦੀ ਖੋਜ ਇਥੇ ਲਿਆ ਕੇ ਛੱਡ ਦਿੰਦੀ ਹੈ ਕਿ ਪ੍ਰਭੂ ਮਿਲਾਪ ਲਈ ਲੋਕਾਂ ਨੇ ਸਤਿਜੁਗ ਵਿੱਚ ਸੱਚ ਕਮਾਇਆ, ਤ੍ਰੇਤੇ ਜੁੱਗ ਵਿੱਚ ਯੱਗ ਆਦਿ ਕਰਮ ਕਰਕੇ ਦੁਆਪਰ ਵਿੱਚ ਪੂਜਾ ਦੀ ਪ੍ਰਧਾਨਤਾ ਰਹੀ, ਕਲਿਯੁਗ ਵਿੱਚ ਬਦਲ ਕੇ ਨਾਮ ਅਧਾਰ ਬਣ ਗਿਆ। ਜਦੋਂ ਪ੍ਰਮੇਸ਼ਰ ਸਦੀਵ ਸੱਚ ਹੈ, ਉਹ ਬਦਲਦਾ ਨਹੀਂ, ਆਤਮਾ ਵੀ ਚੋਲਾ ਬਦਲਦੀ ਹੈ, ਪਰ ਆਤਮਾ ਨਹੀਂ, ਫਿਰ ਉਹ ਧਰਮ ਕਰਮ ਕਿਉਂ ਬਦਲਦੇ ਰਹੇ, ਮੇਰੀ ਤਸੱਲੀ ਨਾ ਹੋਈ ਕਿ ਇਹ ਮੈਨੂੰ ਪ੍ਰਮੇਸ਼ਰ ਨਾਲ ਮਿਲਾ ਦੇਣਗੇ :

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ (ਪੰਨਾ ੩੪੬)

ਲੋਕ ਧਰਮ ਦੀਆਂ ਗੱਲਾਂ ਕਰਦੇ ਹਨ। ਇਹਨਾਂ ਗੱਲਾਂ ਵਾਲਾ ਧਰਮ ਜਸ ਕਮਾਉਂਦਾ ਵੀ ਦਿਸ ਰਿਹਾ ਹੈ, ਪਰ ਗੱਲ ਜਿਹੜੀ ਮਿਲਾਪ ਦੀ ਹੈ ਉਹ ਫਿਰ ਵੀ ਸਪੱਸ਼ਟ ਨਹੀਂ ਹੋ ਪਾ ਰਹੀ, ਪਾਵਨ ਬਚਨ ਹੈ ਕਿ :

ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥

(ਪੰਨਾ ੩੪੬)

ਜੀਵ ਦੇ ਅੰਦਰ ਸ਼ੰਕਿਆਂ ਦਾ ਹਨੇਰਾ ਅਤੇ ਹਉਮੈ ਦੀ ਰੁਕਾਵਟ ਹੈ। ਇਹਨਾਂ ਦੇ ਮਿਟਾਉਣ ਲਈ ਅਸਲ ਵਿੱਚ ਧਰਮ ਦੀ ਕਮਾਈ ਕਰਨੀ ਹੈ, ਪਰ ਜੇਕਰ ਇਹ ਆਪਣੀ ਥਾਂ 'ਤੇ ਹੀ ਖਲੋਤੇ ਹਨ, ਫਿਰ ਮਿਲਾਪ ਕਿਵੇਂ ਹੋ ਸਕਦਾ ਹੈ। ਜੇਕਰ ਧਰਮ ਹੀ ਇਹਨਾਂ ਨੂੰ ਦੂਰ ਨਹੀਂ ਕਰ ਸਕਿਆ, ਸਗੋਂ ਹੋਰ ਕਰਮਾਂ

ਧਰਮਾਂ ਦਾ ਹੰਕਾਰ ਪੈਦਾ ਹੋ ਗਿਆ, ਫਿਰ ਇਸ ਨੂੰ ਕਮਾਉਣ ਦਾ ਕੀ ਲਾਭ ?

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥ *(ਪੰਨਾ ੩੪੬)*

ਹਾਥੀ ਦੇ ਇਸ਼ਨਾਨ ਕਰਨ ਮਗਰੋਂ ਫਿਰ ਦੁਬਾਰਾ ਮਿੱਟੀ ਪੁੱਟ ਕੇ ਆਪਣੇ ਉਪਰ ਪਾ ਲੈਣੀ ਜਗਤ ਪ੍ਰਸਿੱਧ ਸਚਾਈ ਹੈ, ਇਸੇ ਤਰ੍ਹਾਂ ਦੇ ਇਹ ਦਿਖਾਵੇ ਦੇ ਕਰਮ ਧਰਮ ਹਨ, ਜਿਹੜੇ ਬਾਹਰੀ ਤੌਰ 'ਤੇ ਤਾਂ ਧਰਮੀ ਪ੍ਰਗਟ ਕਰਦੇ ਹਨ, ਪਰ ਅੰਦਰ ਉਹ ਧਰਮ ਪੈਦਾ ਨਹੀਂ ਕਰਦੇ, ਜਿਸ ਨਾਲ ਸਾਈਂ ਜੀ ਨਾਲ ਗੂੜ੍ਹੀਆਂ ਪ੍ਰੀਤਾਂ ਪੈ ਜਾਣ 'ਤੇ ਆਵਾ ਗਵਨ ਮਿੱਟ ਜਾਵੇ :

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥

(ਪੰਨਾ ੩੪੬)

ਸਤਿਗੁਰੂ ਜੀ ਬੜੇ ਹੀ ਪਿਆਰ ਭਿੱਜੀ ਰਸਨਾ ਨਾਲ ਹੋਕਾ ਦਿੰਦੇ ਹਨ ਕਿ ਹੇ ਭੁੱਲੜੇ ਲੋਕੋ! ਧਰਮ ਸੰਸਾਰ ਦੀਆਂ ਖ਼ੁਸ਼ੀਆਂ ਲਈ ਨਹੀਂ ਬਲਕਿ ਧਰਮ ਤਾਂ ਨਿਰੰਕਾਰ ਦੀਆਂ ਖ਼ੁਸ਼ੀਆਂ ਲਈ ਕਮਾਇਆ ਜਾਂਦਾ ਹੈ। ਜਿਹੜਾ ਧਰਮ ਰੱਬੀ ਖ਼ੁਸ਼ੀਆਂ ਬਖ਼ਸ਼ ਦੇਵੇ ਅਤੇ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਕਰਵਾ ਦੇਵੇ, ਹੁਣ ਮੈਂ ਉਹ ਧਰਮ ਤੁਹਾਨੂੰ ਦੱਸਦਾ ਹਾਂ। ਜਿਵੇਂ ਸੂਰਜ ਦਾ ਪ੍ਰਕਾਸ਼ ਹੋਣ ਨਾਲ ਹਨੇਰੇ ਦਾ ਆਪਣੇ ਆਪ ਖ਼ਾਤਮਾ ਹੋ ਜਾਂਦਾ ਹੈ। ਤਾਂਬਾ ਕਿਧਰੇ ਪਾਰਸ ਦੀ ਛੋਹ ਪ੍ਰਾਪਤ ਕਰ ਲਵੇ ਤਾਂ ਸੋਨੇ ਵਿੱਚ ਬਦਲ ਜਾਂਦਾ ਹੈ, ਬਸ ਇਸ ਤਰ੍ਹਾਂ ਹੀ ਜੇਕਰ ਸਤਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇ ਤਾਂ ਸਾਰੇ ਸ਼ੰਕਿਆਂ ਦਾ ਹਨੇਰਾ ਅਤੇ ਤਾਂਬੇ ਵਰਗੇ ਗੁਣ ਬਦਲ ਕੇ ਸੋਨੇ ਵਰਗੇ ਸ਼ੁਭ ਤੇ ਕੀਮਤੀ ਗੁਣ ਪ੍ਰਗਟ ਹੋ ਜਾਂਦੇ ਹਨ। ਪੂਰਬਲੇ ਕਰਮ ਜਾਗ ਕੇ ਮਨ ਨੂੰ ਹਰ ਤਰ੍ਹਾਂ ਦੀ ਰੁਕਾਵਟ ਦੇ ਬਜਰ ਕਪਾਟ ਖੋਲ੍ਹ ਕੇ ਸੱਚਾ ਮਿਲਾਪ ਕਰਵਾ ਦਿੰਦਾ ਹੈ :

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥

(ਪੰਨਾ ੩੪੬)

ਸਤਿਗੁਰੂ ਅਤੇ ਪ੍ਰਮੇਸ਼ਰ ਵਿੱਚ ਅੰਤਰ ਨਹੀਂ, ਦੋਵੇਂ ਇੱਕੋ ਨਿਰਗੁਣ ਤੇ ਸਰਗੁਣ ਰੂਪ ਵਿੱਚ ਹਨ, ਇਸ ਲਈ ਗੁਰੂ ਜੀ ਨੂੰ ਹਰ ਰੱਬੀ ਭੇਤ ਦਾ ਗਿਆਨ ਹੈ, ਫਿਰ ਅਜਿਹਾ ਸਤਿਗੁਰੂ ਹੀ ਅਜਿਹੀ ਮਤਿ ਦੇ ਸਕਦਾ ਹੈ, ਜਿਸ ਨਾਲ ਭਰਮਾਂ ਦੇ ਬੰਧਨ ਟੁੱਟ ਕੇ ਸੱਚੀ ਭਗਤੀ ਪੈਦਾ ਹੋ ਜਾਵੇ, ਤਦ ਫਿਰ ਸਹਿਜ

ਸੁਭਾਵਿਕ ਹੀ ਉਹ ਵੀਚਾਰ ਪੈਦਾ ਹੋ ਜਾਂਦੀ ਹੈ, ਜਿਸ ਨਾਲ ਵਾਹਿਗੁਰੂ ਜੀ ਦਾ ਮਿਲਾਪ ਹੋ ਜਾਂਦਾ ਹੈ:

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥

(ਪੰਨਾ ੩੪੬)

ਜਦੋਂ ਜਿਹੜੇ ਕਰਮ ਧਰਮ ਕੀਤਿਆਂ ਮਕਸਦ ਦੀ ਪੂਰਤੀ ਹੀ ਨਹੀਂ ਹੋਣੀ, ਫਿਰ ਉਹਨਾਂ ਨੂੰ ਕਮਾਉਣ ਦਾ ਵੀ ਕੀ ਲਾਭ, ਇਸ ਲਈ ਮੈਂ ਤਾਂ ਇਹਨਾਂ ਸਾਰਿਆਂ ਦਾ ਤਿਆਗ ਕਰਕੇ ਸੱਚਾ ਪ੍ਰਭੂ-ਭਗਤੀ ਦਾ ਧਰਮ ਧਾਰਨ ਕੀਤਾ ਹੈ, ਜਿਸ ਨਾਲ ਮੇਰੇ ਅੰਦਰੋਂ ਭਰਮਾਂ ਦਾ ਨਾਸ਼ ਹੋ ਗਿਆ ਅਤੇ ਪ੍ਰੇਮਾ-ਭਗਤੀ ਉਪਜ ਪਈ, ਹੁਣ **ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ** ਵਾਲੀ ਅਵਸਥਾ ਬਣ ਗਈ, ਜਿਸ ਨਾਲ ਆਤਮਾ ਪ੍ਰਮਾਤਮਾ ਦਾ ਰੂਪ ਹੋ ਗਈ।

ਤੱਤਸਾਰ

ਪਹਿਲਾਂ ਧਰਮ ਕਮਾਉਣ ਵਾਲਿਆਂ ਤੋਂ ਧਰਮ ਬਾਰੇ ਪੁੱਛਿਆ, ਜਦੋਂ ਕੋਈ ਵੀ ਮੈਨੂੰ ਆਤਮਾ ਪ੍ਰਮਾਤਮਾ ਨਾਲ ਮਿਲਾਉਣ ਦੀ ਜੁਗਤਿ ਨਹੀਂ ਦੱਸ ਸਕਿਆ ਤਾਂ ਮੈਂ ਇਹ ਸਾਰੇ ਦਿਖਾਵੇ ਦੇ ਕਰਮ ਧਰਮ ਤਿਆਗ ਕੇ ਸੱਚੀ ਪ੍ਰੀਤ ਵਾਲੀ ਭਗਤੀ ਦਾ ਧਰਮ ਧਾਰਨ ਕੀਤਾ, ਜਿਸ ਨਾਲ ਮੈਂ ਆਪ ਹੀ ਆਪਣੇ ਮਕਸਦ ਦੀ ਪੂਰਤੀ ਨਹੀਂ ਕੀਤੀ ਬਲਕਿ ਭੁੱਲੜ ਲੋਕਾਂ ਨੂੰ ਵੀ ਹੋਕਾ ਦੇ ਕੇ ਸਮਝਾ ਰਿਹਾ ਹਾਂ ਕਿ ਪ੍ਰਭੂ ਪ੍ਰਾਪਤੀ ਦਾ ਕੇਵਲ ਤੇ ਕੇਵਲ ਇੱਕੋ ਹੀ ਸਾਚੀ ਪ੍ਰੀਤ ਵਾਲਾ ਰਾਹ ਅਪਣਾ ਕੇ ਹੀ ਪਾਰ ਪਾਇਆ ਜਾ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥
ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥੧॥ ਰਹਾਉ ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥

(ਪੰਨਾ ੪੮੬)

ਮ੍ਰਿਗ—ਹਿਰਨ। ਮੀਨ—ਮੱਛੀ। ਭ੍ਰਿਗ—ਭੌਰਾ। ਕੁੰਚਰ—ਹਾਥੀ। ਅਸਾਧ—ਨਾ ਵੱਸ ਹੋਣ ਵਾਲੇ। ਅਬਿਦਿਆ—ਅਗਿਆਨ। ਬਿਬੇਕ—ਸਤਿ ਅਸਤਿ ਦਾ ਵਿਚਾਰ। ਤ੍ਰਿਗਦ ਜੋਨ—ਟੇਢੀਆਂ ਚੱਲਣ ਵਾਲੀਆਂ ਜੋਨਾਂ, ਕੀੜੇ, ਸੱਪ ਆਦਿ। ਸੰਭਵ—ਪੈਦਾ ਹੋਈਆਂ ਹਨ। ਪੋਚ—ਨੀਚ। ਅਬਧ—ਨਾ ਕੱਟੀ ਜਾਣ ਵਾਲੀ। ਨਿਦਾਨ—ਅੰਤ ਨੂੰ।

ਬਿਬੇਕ ਦੀਪ ਮਲੀਨ

ਚਾਨਣ ਸੱਚ ਦਾ ਮਿੱਤਰ ਹੈ, ਹਨੇਰਾ ਕੂੜ ਨਾਲ ਦੋਸਤੀ ਰੱਖਦਾ ਹੈ। ਕੁਦਰਤੀ ਨੇਮ ਅਨੁਸਾਰ ਸਮੇਂ ਦੀ ਵੰਡ ਵਿੱਚ ਕੁਝ ਸਮਾਂ ਚਾਨਣ ਦੇ ਹਿੱਸੇ ਆਉਂਦਾ ਹੈ ਅਤੇ ਕੁਝ ਸਮਾਂ ਹਨੇਰੇ ਦੇ ਹਿੱਸੇ ਆਉਂਦਾ ਹੈ। ਹਨੇਰਾ ਕੂੜ ਦਾ ਸੰਗੀ ਹੋਣ ਕਰਕੇ ਹਰ ਕੋਈ ਹਨੇਰੇ ਤੋਂ ਡਰਦਾ ਹੈ, ਜਿਸ ਕਰਕੇ ਕੁਦਰਤੀ ਨੇਮ ਨਾਲ ਪੈਦਾ ਹੋਏ ਹਨੇਰੇ ਭਾਵ ਨੂੰ ਵੀ ਮਨੁੱਖ ਨੇ ਚਾਨਣ ਵਿੱਚ ਬਦਲਣ ਦੇ ਅਨੇਕ ਉਪਰਾਲੇ ਕੀਤੇ ਹਨ। ਇਹਨਾਂ ਉਪਰਾਲਿਆਂ ਵਿੱਚੋਂ ਪੁਰਾਤਨ ਦਾ ਨਾਂ ਦੀਵਾ ਹੈ। ਦੀਵਾ ਇਤਨਾ ਵਫ਼ਾਦਾਰ ਹੈ ਕਿ ਜਿਥੇ ਸੂਰਜ ਵੀ ਆਪਣੀ ਰੌਸ਼ਨੀ ਨਹੀਂ ਪਹੁੰਚਾ ਸਕਦਾ, ਉਥੇ ਦੀਵਾ ਆਪਣਾ ਕਾਰਜ ਕਰ ਜਾਂਦਾ ਹੈ। ਲੋੜਵੰਦ ਨੂੰ ਖ਼ੁਦ ਆਪ ਜਾ ਕੇ ਸੂਰਜ ਦੀ ਰੌਸ਼ਨੀ ਵਿੱਚ ਜਾਣਾ ਪੈਂਦਾ ਹੈ, ਪਰ ਦੀਵਾ ਆਪ ਲੋੜਵੰਦ ਕੋਲ ਚਲਾ ਜਾਂਦਾ ਹੈ। ਇਸੇ ਲਈ ਗੁਰੂ ਜੀ ਨੂੰ ਵੀ ਇੱਕ ਦੀਪਕ ਦਾ ਨਾਂ ਦਿੱਤਾ ਜਾਂਦਾ ਹੈ। ਜਦੋਂ ਵੀ ਕਦੇ ਦੁਨੀਆਂ ਵਿੱਚ ਪਾਪਾਂ ਦਾ ਹਨੇਰ ਵਰਤਦਾ ਹੈ, ਤਾਂ ਰੱਬ ਇੱਕ ਧਰਮ ਦਾ ਚਿਰਾਗ਼ ਜਗਾ ਕੇ ਦੁਨੀਆਂ ਵਿੱਚ ਭੇਜਦਾ ਹੈ, ਜਿਹੜਾ ਫਿਰ ਸਮੁੱਚੀ ਮਨੁਖਤਾ ਲਈ ਚਾਨਣ ਬਿਖੇਰਦਾ ਹੈ:

ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥

(ਪੰਨਾ ੧੩੮੭)

ਵੈਸੇ ਤਾਂ ਪ੍ਰਮੇਸ਼ਰ ਨੇ ਹਰ ਮਨੁੱਖੀ ਜੀਵ ਨੂੰ ਇੱਕ ਬਿਬੇਕ ਦਾ ਦੀਵਾ ਦੇ ਕੇ ਹੀ ਸੰਸਾਰ ਵਿੱਚ ਭੇਜਿਆ ਹੈ, ਪਰ ਮਨੁੱਖ ਦੀ ਦੁਰਵਰਤੋਂ ਦੇ ਕਾਰਨ ਉਸਨੇ ਅਵਿਦਿਆ ਨਾਲ ਇਸ ਨੂੰ ਮਲੀਨ ਕਰ ਲਿਆ। ਹੁਣ ਦੀਵਾ ਹੈ ਜਗਦਾ ਵੀ ਹੈ, ਪਰ ਚਾਨਣ ਇਤਨਾ ਨਹੀਂ ਹੈ ਕਿ ਰਾਹ ਨੂੰ ਰੁਸ਼ਨਾ ਸਕੇ। ਸਤਿਗੁਰੂ ਜੀ ਦਾ ਹਰ ਸ਼ਬਦ ਹੀ ਇੱਕ ਜਗਦਾ ਦੀਵਾ ਹੈ। ਜਿਹੜਾ ਜੀਵ ਆ ਕੇ ਸਤਿਗੁਰੂ ਜੀ ਅੱਗੇ ਬੇਨਤੀ ਕਰਦਾ ਹੈ ਕਿ ਮੈਨੂੰ ਆਪਣੇ ਉਪਦੇਸ਼ ਰੂਪ ਦੀਵੇ ਦੀ ਦਾਤਿ ਬਖ਼ਸ਼ੋ ਕਿਉਂਕਿ ਤੁਹਾਡੇ ਦੀਵੇ ਉੱਤੇ ਕਿਸੇ ਅਵਿਦਿਆ ਜਾਂ ਅਗਿਆਨਤਾ ਦਾ ਅਸਰ ਨਹੀਂ ਤਾਂ ਮੇਰੇ ਪਾਤਿਸ਼ਾਹ ਜੀ ਸ਼ਬਦ ਰੂਪ "ਗੁਰ ਕਾ ਸਬਦੁ ਕਰਿ ਦੀਪਕੋ" ਬਖ਼ਸ਼ਿਸ਼ ਕਰ ਦਿੰਦੇ ਹਨ।

ਇਹ ਵੀ ਸੱਚ ਹੈ ਕਿ ਦੀਵੇ ਥੱਲੇ ਹਨੇਰਾ ਹੁੰਦਾ ਹੈ, ਉਹ ਦੁਨੀਆਂ ਦੇਖ, ਦਿਖਾ ਸਕਦਾ ਹੈ ਪਰ ਆਪ ਹਨੇਰੇ ਵਿੱਚ ਹੁੰਦਾ ਹੈ ਪਰੰਤੂ ਗੁਰੂ ਜੀ ਦਾ ਦੀਪਕ ਹੀ ਅਜਿਹਾ ਹੈ, ਜਿਹੜਾ ਹਰ ਪੱਖ ਤੋਂ ਚਾਨਣ ਕਰ ਦਿੰਦਾ ਹੈ, ਜਿਸ ਦੀ ਰੌਸ਼ਨੀ ਵਿੱਚ ਆਪੇ ਦੀ ਪਰਖ ਹੋ ਜਾਂਦੀ ਹੈ:

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥

(ਪੰਨਾ ੬੮੭)

ਜਦੋਂ ਗੁਰੂ-ਸ਼ਬਦ ਰੂਪ ਦੀਪਕ ਦੀ ਰੌਸ਼ਨੀ ਵਿੱਚ ਜੀਵ ਨੇ ਆਪੇ ਨੂੰ ਦੇਖਿਆ ਤਾਂ ਉਥੋਂ ਪੈਦਾ ਹੋਈ ਸੂਝ ਬੂਝ ਦਾ ਪਾਵਨ ਵੀਚਾਰ ਇਸ ਮੁਬਾਰਿਕ ਸ਼ਬਦ ਵਿੱਚ ਦਿੱਤਾ ਹੈ:

ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥੧॥ ਰਹਾਉ ॥ (ਪੰਨਾ ੪੮੬)

ਹੇ ਪਰਮ ਪਿਤਾ ਪ੍ਰਮੇਸ਼ਰ ਜੀਉ! ਤੁਸੀਂ ਤਾਂ ਕਿਰਪਾ ਕਰਕੇ ਮੈਨੂੰ ਬਿਬੇਕ ਦਾ ਦੀਵਾ ਬਖ਼ਸ਼ਿਆ ਸੀ, ਭਾਵ ਸਤਿ ਅਸਤਿ ਦੀ ਪਹਿਚਾਣ ਕਰਨ ਲਈ ਬਿਬੇਕ ਬੁੱਧੀ ਬਖ਼ਸ਼ੀ ਸੀ, ਪਰ ਮੇਰੇ ਉੱਤੇ ਅਵਿਦਿਆ ਦੇ ਅਸਰ ਨੇ ਇਸ ਦੀਪਕ ਦੀ ਲੋਅ ਇਤਨੀ ਥੋੜ੍ਹੀ ਕਰ ਦਿੱਤੀ ਕਿ ਹੁਣ ਮੈਂ ਨਿਰਣਾ ਨਹੀਂ ਕਰ ਪਾਉਂਦਾ, ਜਿਸ ਕਰਕੇ ਮੈਂ ਅਸਤਿ ਨਾਲ ਇਤਨਾ ਜੁੜ ਗਿਆ ਹਾਂ ਕਿ ਹਰਿ ਸੋ ਹੀਰਾ ਛਾਡਿ ਕੈ ਅਤੇ ਆਨ ਦੀ ਆਸ ਵਿੱਚ ਲੱਗ ਕੇ ਆਪ ਹੀ ਆਪਣੇ ਲਈ ਦੋਜ਼ਕ ਪੈਦਾ ਕਰ ਲਿਆ ਹੈ। ਮੇਰੀ ਮਤਿ ਬੁਧਿ ਛੋਟੀ ਹੋਣ ਕਰਕੇ ਭਾਵ ਮੇਰਾ ਬਿਬੇਕ ਦੀਪ ਮਲੀਨ ਹੋਣ ਕਰਕੇ ਮੇਰੀ ਅਜਿਹੀ ਹਾਲਤ ਹੋਈ ਪਈ ਹੈ ਕਿ:

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥

(ਪੰਨਾ 658)

ਬਿਬੇਕ ਦੀਪ ਮਲੀਨ ਹੋਣ ਕਰਕੇ ਪਤਾ ਹੀ ਨਹੀਂ ਲੱਗ ਸਕਿਆ, ਪਰ ਹੁਣ ਗੁਰੂ-ਸ਼ਬਦ ਦੀਪਕ ਦੀ ਰੌਸ਼ਨੀ ਨੇ ਦਿਖਾ ਦਿੱਤਾ ਕਿ ਮ੍ਰਿਗ ਦੀ ਇੱਕ ਕਮਜ਼ੋਰੀ ਰਾਗ ਸੁਣਨ ਦੀ (ਘੰਡੇ ਹੇੜੇ ਦੀ ਅਵਾਜ਼) ਨੇ ਉਸਨੂੰ ਮੌਤ ਦੀ ਫਾਹੀ ਵਿੱਚ ਫਸਾ ਦਿੱਤਾ। ਮੱਛੀ ਦੀ ਰਸਨਾ ਸਵਾਦ ਚੱਖਣ ਦੇ ਕਾਰਨ ਹੀ ਕੁੰਡੀ ਵਿੱਚ ਫੱਸ ਕੇ ਖ਼ੁਦ ਆਪ ਖਾਣ ਪੀਣ ਦੇ ਸ਼ਿਕਾਰੀਆਂ ਦਾ ਸ਼ਿਕਾਰ ਬਣ ਗਈ। ਭੌਰਾ ਸੁਗੰਧੀ ਦਾ ਆਸ਼ਿਕ ਇਸ ਇਸ਼ਕ ਪਿੱਛੇ ਆਪਣੀ ਜਿੰਦ ਗਵਾ ਬੈਠਦਾ ਹੈ। ਦ੍ਰਿਸ਼ਟੀ ਦੇ ਰੋਗ ਨੇ ਪਤੰਗੇ ਦੀ ਜਾਨ ਲੈ ਲਈ ਅਤੇ ਕਾਮ ਵਾਸ਼ਨਾ ਦੇ ਅਧੀਨ ਹੋਇਆ ਹਾਥੀ ਫਿਰ ਸਾਰੀ ਜ਼ਿੰਦਗੀ ਕੁੰਡੇ ਅਤੇ ਮਹਾਵਤ ਦੇ ਅਧੀਨ ਹੋ ਕੇ ਆਪਣੀ ਸਾਰੀ ਜ਼ਿੰਦਗੀ ਦੀ ਅਜ਼ਾਦੀ ਗਵਾ ਕੇ ਗ਼ੁਲਾਮੀ ਦੀ ਜ਼ਿੰਦਗੀ ਬਸਰ ਕਰਦਾ ਹੈ।

ਹੈਰਾਨੀ ਇਸ ਬਾਤ ਦੀ ਹੈ ਕਿ ਇਹਨਾਂ ਵਿੱਚ ਤਾਂ ਇਹੋ ਇੱਕ ਦੋਖ ਸੀ, ਤਦ ਵੀ ਇਹਨਾਂ ਦਾ ਇਹ ਹਾਲ ਹੋਇਆ ਹੈ ਪਰ ਸਾਡੇ ਵਿੱਚ ਤਾਂ ਇਕ ਇਕੱਲੇ ਇਕੱਲੇ ਵਿੱਚ ਪੰਜ ਪੰਜ ਰੋਗ ਹਨ, ਫਿਰ ਸਾਡਾ ਕੀ ਹੋਵੇਗਾ ? ਸਾਡਾ ਤਾਂ ਜੇ ਕੁਝ ਬਚਾਅ ਹੋ ਸਕਦਾ ਹੈ ਤਾਂ ਉਹ ਕੇਵਲ ਤੇ ਕੇਵਲ ਆਪ ਜੀ ਦਾ ਤਰਸ ਹੀ ਹੈ :

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥

(ਪੰਨਾ ੪੮੬)

ਗੁਰੂ ਸ਼ਬਦ ਦੀ ਰੌਸ਼ਨੀ ਨੇ ਪ੍ਰਗਟ ਕੀਤਾ ਕਿ ਬਾਕੀ ਜੋਨੀਆਂ ਨਾਲੋਂ ਮਨੁੱਖਾ ਜਾਮਾ ਇਸੇ ਲਈ ਸ੍ਰੇਸ਼ਟ ਸੀ ਕਿ ਬਾਕੀ ਜੋਨੀਆਂ ਨੂੰ ਤਾਂ ਸਤਿ-ਅਸਤਿ ਦੀ ਪਹਿਚਾਣ ਹੀ ਕੋਈ ਨਹੀਂ, ਇਸ ਲਈ ਉਹਨਾਂ ਉੱਤੇ ਪਾਪ ਪੁੰਨ ਦਾ ਲੇਖ ਵੀ ਕੋਈ ਨਹੀਂ, ਪਰ ਮਨੁੱਖ ਨੂੰ ਤਾਂ ਸ੍ਰੇਸ਼ਟ ਬੁਧਿ ਦੇ ਕੇ ਭੇਜਿਆ ਸੀ। ਇਸ ਨੇ ਬਿਬੇਕ ਦੀ ਦੀਪਕ ਹੀ ਮਲੀਨ ਕਰ ਲਿਆ, ਜਿਸ ਕਰਕੇ ਮਨੁੱਖੀ ਜਾਮਾ ਦੁਰਲਭ ਪਾ ਕੇ ਵੀ ਸੰਗਤ ਨੀਚਾਂ ਦੀ ਕਰਕੇ, ਮਾਨਸ ਜਾਤ ਹੋ ਕੇ ਵੀ ਕਰਤੂਤ ਪਸ਼ੂਆਂ ਵਰਗੀ ਕਰਦਾ ਰਿਹਾ। ਭਾਈ ਗੁਰਦਾਸ ਜੀ ਦਾ ਇੱਕ ਬਚਨ ਬਹੁਤ ਪਿਆਰੀ ਸੇਧ ਦਿੰਦਾ ਹੈ ਕਿ ਮਨੁੱਖਾ ਜਾਮਾ ਅਤੇ ਪਸ਼ੂਆਂ ਭਾਵ ਨੀਚ ਜਾਤਾਂ ਵਿੱਚ ਕੀ ਅੰਤਰ ਹੈ :

ਪਸੁਆ ਮਾਨੁਖ ਦੇਹ ਅੰਤਰਿ ਅੰਤਰੁ ਇਹੋ ਸਬਦ ਸੁਰਤਿ ਕੇ ਬਿਬੇਕ ਅਬਿਬੇਕ ਹੈ।
ਪਸੁ ਹਰਿਆਉ ਕਹਿਓ ਸੁਨਿ ਓ ਅਨ ਸੁਨਿਓ ਕਰੇ ਮਾਨਸ ਜਨਮ ਉਪਦੇਸ ਰਿਦੇ ਟੇਕ ਹੈ।
ਪਸੂਆ ਸਬਦ ਹੀਨ ਜਿਹਬਾ ਨ ਬੋਲਿ ਸਕੇ ਮਾਨਸ ਜਨਮ ਬੋਲੇ ਬਚਨ ਅਨੇਕ ਹੈ।
ਸਬਦ ਸੁਰਤਿ ਸੁਨਿ ਸਮਝ ਬੋਲ ਬਿਬੇਕੀ ਨਾਤੁਰ ਅਚੇਤ ਪਾਸ ਪ੍ਰੇਤ ਹੂ ਮੈ ਏਕ ਹੈ।

ਪਾਵਨ ਪਵਿੱਤਰ ਬਚਨ ਹਨ ਕਿ :

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥ (ਪੰਨਾ ੪੮੬)

ਹੇ ਵਾਹਿਗੁਰੂ ਜੀ ! ਮੇਰਾ ਬਿਬੇਕ ਦੀਪ ਮਲੀਨ ਹੋਣ ਕਰਕੇ, ਦੂਜਾ ਨੀਚਾਂ ਦੀ ਸੰਗਤ ਕਰਨ ਕਰਕੇ ਮੇਰੇ ਕਰਮ ਵੀ ਮੈਲੇ ਹਨ। ਕਰਮਾਂ ਦੇ ਅਧਾਰ 'ਤੇ ਹੀ ਜੀਵ ਦੇ ਬੰਧਨ ਬਣਦੇ ਹਨ। ਇਹ ਕਰਮਾਂ ਦੀ ਇੱਕ ਅਜਿਹੀ ਫਾਹੀ ਹੈ, ਜਿਸ ਨੂੰ ਕੱਟ ਲੈਣ ਦੀ ਸਮਰੱਥਾ ਜੀਵ ਕੋਲ ਨਹੀਂ, ਫਿਰ ਆਪਣੀ ਹੀ ਪਾਈ ਹੋਈ ਫਾਹੀ ਵਿੱਚ ਜੂਨੀਆਂ ਦੀ ਭਟਕਣਾ ਵਿੱਚ ਭਟਕਦਾ ਰਹਿੰਦਾ ਹੈ :

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥
ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥ (ਪੰਨਾ ੪੮੬)

ਗੁਰ-ਸ਼ਬਦ ਦਾ ਆਖ਼ਰੀ ਬੰਦ ਅਰਦਾਸ ਦੇ ਬੋਲ ਹਨ ਕਿ ਹੇ ਨਿਰੰਕਾਰ ਜੀ! ਮੈਂ ਤਾਂ ਸੰਸਾਰ ਦੇ ਸਾਰੇ ਕਰਮਾਂ ਧਰਮਾਂ ਦਾ ਤਿਆਗ ਕਰਕੇ ਕੇਵਲ ਇੱਕੋ ਇੱਕ ਗੁਰੂ ਗਿਆਨ ਦਾ ਹੀ ਤਪ ਤਾਪਦਾ ਹਾਂ, ਭਾਵ ਗੁਰੂ ਗਿਆਨ ਦੀ ਰੌਸ਼ਨੀ ਵਿੱਚ ਤੁਰਦਾ ਹਾਂ। ਮੇਰੀ ਇੱਕੋ ਅਰਦਾਸ ਹੈ ਕਿ ਮੇਰੀ ਕੇਤਕ ਆਸ ਹੋ ਸਕਦੀ ਹੈ, ਮੈਨੂੰ ਇਹਨਾਂ ਦੀ ਸੰਗਤ ਅਤੇ ਡਰ ਕੋਲੋਂ ਮੁਕਤ ਕਰਕੇ ਪਰਮ ਅਨੰਦ ਦੀ ਦਾਤਿ ਬਖ਼ਸ਼ੋ ਜੀ:

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥

(ਪੰਨਾ ੪੮੬)

ਤੱਤਸਾਰ

ਬਿਬੇਕ ਦੀਪ ਨੂੰ ਅਵਿਦਿਆ ਨੇ ਮੱਧਮ ਕਰ ਦਿੱਤਾ, ਜਿਸ ਦੀ ਰੌਸ਼ਨੀ ਥੋੜ੍ਹੀ ਹੋਣ ਕਰਕੇ ਸਤਿ ਅਸਤਿ ਦੀ ਪਹਿਚਾਣ ਨਹੀਂ ਕਰ ਸਕਦੀ। ਗੁਰੂ-ਸ਼ਬਦ ਦੇ ਦੀਪਕ ਦੀ ਰੌਸ਼ਨੀ ਨੇ ਜਦੋਂ ਇੱਕ ਇੱਕ ਰੋਗ ਵਾਲੇ ਰੋਗੀਆਂ ਦੇ ਅੰਤਮ ਹਸ਼ਰ ਦਾ ਗਿਆਨ ਦਿੱਤਾ ਤਾਂ ਸਾਡੇ ਜੀਵਾਂ ਵਿੱਚ ਤਾਂ ਇੱਕ ਇੱਕ ਵਿੱਚ ਹੀ ਪੰਜ ਪੰਜ ਦਾ ਵਾਸਾ ਹੈ, ਫਿਰ ਸੰਗਤ ਵੀ ਮਲੀਨ ਹੋਣ ਕਰਕੇ ਅਸੀਂ ਆਪ ਹੀ ਕਰਮਾਂ ਦੀ ਫਾਹੀ ਤਿਆਰ ਕਰਕੇ ਦੋਜ਼ਕ ਭਾਵ ਜਨਮ ਮਰਨ ਦੀ ਭਟਕਣਾ ਸਹੇੜ ਲਈ। ਹੁਣ ਕਿਰਪਾ ਕਰੋ, ਸਾਨੂੰ ਗੁਰੂ ਉਪਦੇਸ਼ ਦੀ ਰੌਸ਼ਨੀ ਵਿੱਚ ਤੋਰ ਕੇ ਜਨਮ ਮਰਨ ਦੀ ਫਾਹੀ ਕੱਟ ਕੇ ਆਪਣੇ ਚਰਨਾਂ ਵਿੱਚ ਅਭੇਦਤਾ ਰੂਪੀ ਪਰਮ ਅਨੰਦ ਬਖ਼ਸ਼ੋ ਜੀ, ਕਿਉਂਕਿ ਇਹਨਾਂ ਤੋਂ ਸਤਿਗੁਰੂ ਜੀ ਹੀ ਬਚਾਅ ਸਕਦੇ ਹਨ। ਅੰਮ੍ਰਿਤ ਬੋਲ ਹਨ:

ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ ॥
ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥

(ਪੰਨਾ ੯੯੩)

ਆਸਾ

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥
ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥

(ਪੰਨਾ ੪੮੬)

ਸੰਤ ਚੀ–ਸੰਤਾਂ ਦੀ। ਸੰਤ ਪ੍ਰੇਮ ਮਾਝੈ–ਸੰਤਾਂ ਵਿਚ ਪ੍ਰੇਮ। ਆਚਰਣ–ਕਰਤੱਵ। ਸੰਤ ਚ ਉਲ੍ਹਗ ਉਲ੍ਹਗਣੀ–(ਮਰਾਠੀ) ਸੰਤਾਂ ਦੀ ਜੂਠ ਸਾਫ਼ ਕਰਨੀ। ਚਿੰਤਾਮਣਿ–ਉਹ ਮਣੀ ਜਿਹਦੇ ਪਾਸੋਂ ਜੋ ਚਿਤਵੀਏ ਓਹੋ ਮਿਲ ਜਾਂਦਾ ਹੈ। ਜਣੀ–ਨ। ਸਣਿ–ਸਾਥ, ਸੰਗਤਿ। ਅੰਤਰੁ–ਭੇਦ।

ਸੰਤ ਚੀ ਸੰਗਤਿ

ਕਈ ਚੀਜ਼ਾਂ ਬਹੁਤ ਹੀ ਦੁਰਲੱਭ ਜਾਣ ਕੇ ਗੁਰੂ ਪਾਤਿਸ਼ਾਹ ਜੀ ਨੇ ਆਪ ਵੀ ਰੱਬੀ ਦਰਗਾਹ ਤੋਂ ਮੰਗੀਆਂ ਹਨ। ਇਹਨਾਂ ਦੁਰਲੱਭ ਚੀਜ਼ਾਂ ਵਿੱਚੋਂ ਹੀ ਇੱਕ ਚੀਜ਼ ਅਸੀਂ ਆਮ ਕਰਕੇ ਗੁਰਬਾਣੀ ਵਿੱਚੋਂ ਕਈ ਥਾਵਾਂ ਤੋਂ ਪੜ੍ਹਦੇ ਹਾਂ, ਉਹ ਹੈ ਸੰਤਾਂ ਦੇ ਚਰਨਾਂ ਦੀ ਧੂੜੀ, ਸੰਤਾਂ ਦੀ ਸੰਗਤ, ਸੰਤਾਂ ਦੀ ਸੇਵਾ ਆਦਿ। ਇਸ ਦੇ ਨਾਲ ਹੀ ਪਾਤਿਸ਼ਾਹ ਜੀ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਕਿ ਉਹ ਗੁਰਮੁੱਖ ਜਨ ਕਿਹੋ ਜਿਹੇ ਹੁੰਦੇ ਹਨ। ਉਹਨਾਂ ਦੀ ਅੰਦਰੂਨੀ ਬਿਰਤੀ ਨੂੰ ਮੇਰੇ ਵਰਗੇ ਮਹਾਂ ਮੂਰਖ ਲੋਕ ਕਿਵੇਂ ਜਾਣ ਸਕਦੇ ਹਨ, ਇਸ ਲਈ ਕੁਝ ਪਾਰਖੂ ਨੁਕਤੇ ਪਾਤਿਸ਼ਾਹ ਜੀ ਨੇ ਆਪ ਹੀ ਗੁਰਬਾਣੀ ਵਿਚ ਅੰਕਿਤ ਕਰ ਦਿੱਤੇ ਹਨ। ਜਿਵੇਂ ਸਲੋਕ ਸਹਸਕ੍ਰਿਤੀ ਵਿੱਚ ਪੰਚਮ ਗੁਰਦੇਵ ਜੀ ਦਾ ਪਾਵਨ ਬਚਨ ਹੈ ਕਿ ਇਹਨਾਂ ਛੇ ਪਾਵਨ ਨਿਸ਼ਾਨੀਆਂ ਦਾ ਧਾਰਨੀ ਰੱਬੀ ਦਰਗਾਹੇ ਪ੍ਰਵਾਨਿਆ ਸੰਤ ਹੁੰਦਾ ਹੈ:

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯ਼ਿਾਗਿ ਸਗਲ ਰੇਣੁਕਹ ॥
ਖਟ ਲਖ੍ਯ਼ਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥

(ਪੰਨਾ ੧੩੫੭)

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ *(ਪੰਨਾ ੩੧੯)*

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ ਵਿੱਚ ਵੀ ਬਹੁਤ ਸੋਹਣੇ ਸ਼ਬਦ ਲਿਖੇ ਹਨ ਕਿ "ਸਿੱਖ ਧਰਮ ਅਨੁਸਾਰ ਸੰਤ ਕੋਈ ਖ਼ਾਸ ਜਮਾਤ ਅਥਵਾ ਪੰਥ ਨਹੀਂ ਅਰ ਨਾ ਉਸ ਲਈ ਕੋਈ ਖ਼ਾਸ ਲਿਬਾਸ ਨਿਯਤ ਹੈ। ਭਾਈ ਗੁਰਦਾਸ ਜੀ ਦੇ ਬਚਨ ਹਨ ਕਿ ਧਰੇਕ ਦੇ ਫਲਾਂ ਦਾ ਗੁੱਛਾ ਦਾਖਾਂ ਨਹੀਂ ਬਣ ਸਕਦਾ,

ਅੱਕ ਦੀ ਖਖੜੀ ਅੰਬ ਨਹੀਂ ਹੁੰਦੀ, ਮੁਲੰਮੇ ਦੇ ਗਹਿਣੇ ਸੋਨੇ ਦੇ ਗਹਿਣੇ ਨਹੀਂ ਹੁੰਦੇ, ਹੀਰਿਆਂ ਦੀ ਬਰਾਬਰੀ ਫਟਕ ਕਿਵੇਂ ਕਰ ਸਕਦਾ ਹੈ, ਉਸ ਵਿਚਲਾ ਖੋਟ ਪ੍ਰਗਟ ਕਰ ਦਿੰਦਾ ਹੈ। ਭਾਵੇਂ ਲੱਸੀ ਅਤੇ ਦੁੱਧ ਇੱਕੋ ਜਿਹੇ ਦਿਸਦੇ ਹਨ ਪਰ ਚੱਖ ਕੇ ਨਿਰਣਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸੰਤਾਂ, ਮਹਾਂਪੁਰਖਾਂ ਅਤੇ ਪਾਖੰਡੀਆਂ ਦਾ ਉਹਨਾਂ ਦੇ ਕਰਮਾਂ ਤੋਂ ਸਹਿਜੇ ਨਿਰਣਾ ਹੋ ਜਾਂਦਾ ਹੈ:

ਗੁਛਾ ਹੋਇ ਧ੍ਰਿਕਾਨੂਆ ਕਿਉਂ ਵੜ੍ਹੀਐ ਦਾਖੈ॥
ਅਕੈ ਕੇਰੀ ਖਖੜੀ ਕੋਈ ਅੰਬ ਨ ਆਖੈ॥
ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ॥
ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਪੈ॥
ਧਉਲੇ ਦਿਸਨਿ ਛਾਹਿ ਦੁਧ ਸਾਦਹੁ ਗੁਣ ਚਾਖੈ॥
ਤਿਉ ਸਾਧ ਅਸਾਧ ਪਰਖੀਅਨ ਕਰਤੂਤਿ ਸੁ ਭਾਖੈ॥

ਭਾਈ ਸਾਹਿਬ ਭਾਈ ਨੰਦ ਲਾਲ ਸਿੰਘ ਜੀ ਦੀ ਰਚਨਾ ਹੈ ਕਿ ਉਹ ਸੰਤ ਜਨ ਤਾਂ ਕੇਵਲ ਤੇ ਕੇਵਲ ਪ੍ਰਭੂ ਭਗਤੀ ਨੂੰ ਹੀ ਪ੍ਰਵਾਨ ਕਰਦੇ ਹਨ। ਸਿਮਰਨ ਦੇ ਮੁਕਾਬਲੇ ਹੋਰ ਕਿਸੇ ਚੀਜ਼ ਦੀ ਪ੍ਰਵਾਹ ਨਹੀਂ ਕਰਦੇ। ਉਹਨਾਂ ਦੇ ਅੰਮ੍ਰਿਤ ਬੋਲਾਂ ਤੋਂ ਤਾਂ ਸ਼ੱਕਰ ਅਤੇ ਮਿਸ਼ਰੀ ਝੜਦੀ ਹੈ। ਉਹਨਾਂ ਦਾ ਰੋਮ ਰੋਮ ਅੰਮ੍ਰਿਤ ਵਰਖਾ ਕਰਦਾ ਹੈ। ਗੁਰੂ ਜੀ ਦੇ ਲਾਡਲੇ ਅਤੇ ਪਿਆਰੇ ਦੀ ਕਲਮ ਦੇ ਨਗ਼ਮੇ ਹਨ:

ਪੇਸ਼ੇ ਸ਼ਾਂ ਜੁਜ਼ ਯਾਦਿ ਹਕ ਮਨਜ਼ੂਰ ਨੇਸਤ॥
ਗੈਰ ਹਰਫੇ ਬੰਦਗੀ ਦਸਤੂਰ ਨੇਸਤ॥
ਮੇ ਚਿਕਦ ਅਜ਼ ਹਰੀਫੇ ਸ਼ਾ ਕੰਦੋ ਨਬਾਤ॥
ਬਾਰਦ ਅਜ਼ ਹਰ ਮੂਏ ਸ਼ਾਂ ਆਬੇ ਹਯਾਤ॥

ਇਸ ਲਈ ਰੱਬ ਦੀ ਯਾਦ ਵਿੱਚ ਜੁੜ ਕੇ ਉਹਨਾਂ ਦਾ ਹਿਰਦਾ ਰੱਬ ਦਾ ਘਰ ਬਣ ਜਾਂਦਾ ਹੈ। ਇੱਕ ਛੋਟੀ ਜਿਹੀ ਉਦਾਹਰਣ ਦੇਣਾ ਚਾਹੁੰਦਾ ਹਾਂ, ਜਿਵੇਂ ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿੱਚ ਅਕਸਰ ਦਫ਼ਤਰਾਂ ਵਿੱਚ ਉਥੋਂ ਦੇ ਮਹਾਨ ਵਿਦਿਆਰਥੀਆਂ ਦੀਆਂ ਫੋਟੋਆਂ ਲੱਗੀਆਂ ਹੁੰਦੀਆਂ ਹਨ, ਪਰ ਕੀ ਉਹਨਾਂ ਥਾਵਾਂ ਤੋਂ ਉਹ ਕੁਝ ਵਿਦਿਆਰਥੀ ਹੀ ਪੜ੍ਹੇ ਹਨ? ਨਹੀਂ, ਪੜ੍ਹੇ ਤਾਂ ਬਹੁਤ ਹਨ, ਬਾਕੀ ਕੇਵਲ ਪਾਸ ਹੋਣ ਤੱਕ ਸੀਮਤ ਹਨ, ਪਰ ਇਹਨਾਂ ਨੇ ਟੌਪ ਕੀਤਾ ਹੈ। ਇਸੇ ਤਰ੍ਹਾਂ ਸੰਸਾਰ ਵਿੱਚੋਂ ਮੇਰੇ ਸਤਿਗੁਰੂ ਜੀ ਪਾਰ ਤਾਂ ਅਨੇਕਾਂ ਨੂੰ ਕਰ ਦਿੰਦੇ ਹਨ, ਪਰ ਸੰਸਾਰ ਨੂੰ ਉਤਸ਼ਾਹਿਤ ਅਤੇ ਪ੍ਰਭੂ ਹੋਂਦ ਦਾ ਪ੍ਰਗਟਾਵਾ ਕਰਨ ਅਤੇ ਪਰਮ-ਰਸ ਦੀ ਗਵਾਹੀ ਦੇਣ ਲਈ ਕੁਝ ਕੁ ਸੰਤ ਜਨ ਅਜਿਹੇ ਹੁੰਦੇ ਹਨ, ਜਿਹਨਾਂ ਦੀ ਜ਼ਿੰਦਗੀ ਮਾਨੋ ਸੰਸਾਰ ਲਈ ਉਦਾਹਰਣ ਹੁੰਦੀ ਹੈ।

ਗੁਰਬਾਣੀ ਦਾ ਇਹ ਮੁਬਾਰਿਕ ਬਚਨ ਅਜਿਹੇ ਹੀ ਰੰਗ ਰੱਤੜੇ, ਰੰਗਲੇ ਸੱਜਣਾਂ ਦੀ ਬਾਤ ਕਰਦਾ ਹੈ ਕਿ:

ਸੰਤ ਚੀ ਸੰਗਤਿ ਸੰਤ ਕਥਾ ਰਸੁ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥ (ਪੰਨਾ ੪੮੬)

ਹੇ ਦੇਵਤਿਆਂ ਦੇ ਮਹਾਨ ਦੇਵਤਾ ਭਾਵ ਪ੍ਰਕਾਸ਼ ਰੂਪ ਪ੍ਰਮੇਸ਼ਰ ਜੀਓ! ਮੈਨੂੰ ਕਿਰਪਾ ਕਰਕੇ ਸੰਤਾਂ ਦੀ ਸੰਗਤ ਬਖ਼ਸ਼ੋ ਜੀ। ਸੰਤਾਂ ਦੀ ਕਥਾ ਭਾਵ ਉਹਨਾਂ ਦੇ ਅੰਮ੍ਰਿਤ ਬਚਨਾਂ ਦਾ ਰਸ ਬਖ਼ਸ਼ੋ ਜੀ। ਮੇਰੇ ਅੰਦਰ ਸੰਤਾਂ ਦਾ ਪ੍ਰੇਮ ਬਖ਼ਸ਼ੋ ਜੀ। ਪਾਤਿਸ਼ਾਹ ਗੁਰੂ ਅਰਜਨ ਸਾਹਿਬ ਜੀ ਦਾ ਅੰਮ੍ਰਿਤ ਬਚਨ ਹੈ ਕਿ:

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥
ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥੧॥
(ਪੰਨਾ ੯੬੧)

ਦਰਅਸਲ ਮਨੁੱਖੀ ਜ਼ਿੰਦਗੀ 'ਤੇ ਸੰਗਤ ਦਾ ਬਹੁਤ ਅਸਰ ਹੈ। ਪੁਰਾਤਨ ਕਈ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਕਿ ਗਨਿਕਾ ਦੇ ਵਾੜੇ ਗਏ ਕਿਸੇ ਮਹਾਂਪੁਰਖ ਨੇ ਦਿਨ ਰਾਤ ਪਾਪ ਕਮਾ ਰਹੀ ਪਾਪਣ ਨੂੰ ਨਰਕਾਂ ਦੀ ਦੁਨੀਆਂ ਵਿੱਚੋਂ ਕੱਢ ਕੇ ਰੱਬੀ ਗੋਦ ਵਿੱਚ ਪਹੁੰਚਾ ਦਿੱਤਾ। ਅਜਾਮਲ ਦਾ ਬੇੜਾ ਪਾਰ ਕਰਨ ਵਾਲਾ ਵੀ ਇੱਕ ਸੰਤ ਦਾ ਸੰਗ ਹੀ ਬਹਾਨਾ ਬਣਿਆ ਸੀ। 'ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥' (ਪੰਨਾ ੧੧੫੮) ਦਾ ਬਚਨ ਵੀ ਚੰਗੇ ਗੁਰਮੁੱਖਾਂ ਦੀ ਹੀ ਸੰਗਤ ਵੱਲ ਇਸ਼ਾਰਾ ਹੈ:

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥ (ਪੰਨਾ ੪੮੬)

ਮੇਰੇ ਸਤਿਗੁਰੂ ਜੀ ਨੇ ਗਿਆਨ ਬਖ਼ਸ਼ਿਸ਼ ਕੀਤਾ, ਜਿਸ ਦੁਆਰਾ ਮੈਂ ਜਾਣ ਲਿਆ ਹੈ ਕਿ ਵਾਹਿਗੁਰੂ ਜੀ! ਸੰਤ ਅਸਲ ਵਿੱਚ ਤੇਰਾ ਹੀ ਸਰੂਪ ਹਨ ਅਤੇ ਸੰਤ ਤੇਰੀ ਜਿੰਦ ਜਾਨ ਹਨ। ਤੈਨੂੰ ਆਪਣੇ ਸੰਤ ਜਨ ਬਹੁਤ ਪਿਆਰੇ ਹਨ। ਇਸ ਲਈ ਸੰਭਾਲ ਭਾਵੇਂ ਸਾਰੀ ਕਾਇਨਾਤ ਨੂੰ ਰਿਹਾ ਹੈਂ, ਪਰ ਭਗਤਾਂ ਦੀ ਪੈਜ ਰੱਖਣ ਦੀਆਂ ਅਦਭੁੱਤ ਕਥਾਵਾਂ ਵੀ ਹਨ, ਜਿਥੇ ਗੁਰਮੁੱਖ ਦੀ ਪੈਜ ਰੱਖ ਕੇ ਸਪੱਸ਼ਟ ਕਰ ਦਿੱਤਾ ਕਿ:

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ (ਪੰਨਾ ੭੪੯)

ਅੱਗੇ ਪਾਵਨ ਬਚਨ ਹਨ:

ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥
(ਪੰਨਾ ੪੮੬)

ਮੈਨੂੰ ਸੰਤ ਦਾ ਆਚਰਣ ਭਾਵ ਰਹਿਣੀ ਬਹਿਣੀ, ਸੰਤਾਂ ਦਾ ਗਿਆਨ-ਮਾਰਗ ਅਤੇ ਸੰਤਾਂ ਦੇ ਸੇਵਕਾਂ ਦੀ ਸੇਵਾ ਦਾ ਦਾਨ ਬਖ਼ਸ਼ੋ ਜੀ।

ਗੁਰੂ ਗਿਆਨ ਦੁਆਰਾ ਜਦੋਂ ਇਸ ਗੱਲ ਦਾ ਬੋਧ ਹੋ ਗਿਆ ਕਿ ਸੰਤ ਕਿਸੇ ਪਹਿਰਾਵੇ ਦਾ ਨਾਮ ਨਹੀਂ ਬਲਕਿ ਸੰਤ ਇੱਕ ਸੁਚੱਜੀ ਜੀਵਨ-ਜਾਚ ਦਾ ਨਾਂ ਹੈ, ਜੋ ਕਿ ਵਾਹਿਗੁਰੂ ਜੀ ਦੇ ਦਰ 'ਤੇ ਪ੍ਰਵਾਨ ਕਰਵਾ ਦਿੰਦਾ ਹੈ। ਜਪੁਜੀ ਸਾਹਿਬ ਵਿੱਚ ਵੀ ਬਚਨ ਹਨ ਕਿ ਜਿਹਨਾਂ ਨੇ ਨਾਮ ਧਿਆਇਆ ਤੇ ਨਾਮ ਜਪਣ ਦੀ ਕਮਾਈ ਕੀਤੀ, ਉਹ ਤਾਂ ਪਾਰ ਹੋ ਗਏ ਹਨ, ਪਰ ਮੈਨੂੰ ਵੀ ਉਹਨਾਂ ਦੀ ਕਰਨੀ ਵਰਗਾ ਜੀਵਨ ਬਖ਼ਸ਼ ਕੇ "ਕੇਤੀ ਛੁਟੀ ਨਾਲਿ" ਬਣਾ ਕੇ ਬਖ਼ਸ਼ ਲਵੋ ਜੀ। ਹੇ ਵਾਹਿਗੁਰੂ ਜੀ! ਸਾਡੀ ਮਤਿ ਦੀ ਬਹੁਤ ਹੀ ਸੀਮਾ ਹੈ। ਇਹ ਨਿਰਣਾ ਕਰਨ ਵਿੱਚ ਬਹੁਤ ਹੀ ਕਮਜ਼ੋਰ ਹੈ, ਤੁਸੀਂ ਆਪ ਕਿਰਪਾ ਕਰਕੇ ਮੈਨੂੰ ਅਸੰਤਾਂ ਭਾਵ ਪਾਖੰਡੀਆਂ ਦੀ ਸੰਗਤ ਤੋਂ ਬਚਾ ਕੇ ਰੱਖੋ ਜੀ। ਅੰਮ੍ਰਿਤ ਬਚਨ ਹਨ :

ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥ *(ਪੰਨਾ ੪੮੬)*

ਹੇ ਪ੍ਰਮੇਸ਼ਰ ਜੀਉ! ਮੈਂ ਇੱਕ ਹੋਰ ਵਸਤੂ ਮੰਗਦਾ ਹਾਂ ਕਿ ਮੇਰੇ ਮਨ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲੀ ਆਪ ਜੀ ਪ੍ਰੇਮਾ-ਭਗਤੀ ਦੀ ਦਾਤਿ ਵੀ ਬਖ਼ਸ਼ੋ ਜੀ। ਪਰ ਇਸਦੇ ਨਾਲ ਹੀ ਜਿਹੜੇ ਲੋਕ ਝੂਠ ਉੱਤੇ ਸੱਚ ਦਾ ਨਕਾਬ ਪਾ ਕੇ ਮਨੁੱਖਤਾ ਨੂੰ ਸੰਤ ਭੇਖ ਵਿੱਚ ਲੁੱਟ ਰਹੇ ਹਨ, ਅਜਿਹੇ ਅਸੰਤਾਂ ਤੋਂ ਜਿਹੜੇ ਕਦੇ ਰੱਬੀ ਬੰਦਗੀ ਨਹੀਂ ਕਰਦੇ, ਅਜਿਹੇ ਪਾਪੀ ਪੁਰਖਾਂ ਦਾ ਕਦੇ ਮੂੰਹ ਵੀ ਦੇਖਣਾ ਨਸੀਬ ਨਾ ਹੋਵੇ :

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥

(ਪੰਨਾ ੧੧੦੨)

ਸ਼ਬਦ ਦੇ ਅਖ਼ੀਰ ਵਿੱਚ ਅੰਮ੍ਰਿਤ ਬਚਨ ਕਿ ਜੋ ਮਨੁੱਖ ਇਹ ਜਾਣਦਾ ਹੈ ਕਿ ਸੰਤਾਂ ਅਤੇ ਪ੍ਰਮੇਸ਼ਰ ਵਾਹਿਗੁਰੂ ਜੀ ਵਿੱਚ ਕੋਈ ਭਿੰਨ ਭੇਦ ਨਹੀਂ ਹੈ, ਉਹ ਸਿਆਣਾ ਦਾਨਾ ਪੁਰਖ ਹੈ। ਪਰ ਉਹਨਾਂ ਸੰਤਾਂ ਵਿੱਚ ਜਿਹੜੇ ਤੇਰੇ ਦਰ 'ਤੇ ਪ੍ਰਵਾਨ ਹੋਏ ਹਨ, ਉਹ **ਸੇ ਭਗਤ ਸਤਿਗੁਰੂ ਮਨ ਭਾਵੇ** ਅਨੁਸਾਰ ਪੂਰੇ ਕਰਨੀ ਦੇ ਮਾਲਿਕ ਹਨ।

ਤੱਤਸਾਰ

ਕਚੜਿਆ ਸਿਉ ਤੋੜਿ ਅਤੇ ਪੱਕਿਆਂ ਦੀ ਢੂੰਢ ਵੱਲ ਇਸ਼ਾਰਾ ਕਰਨ

ਵਾਲਾ ਸ਼ਬਦ ਇਹ ਵੀ ਦੱਸਦਾ ਹੈ ਕਿ ਜਿਥੇ ਪੱਕੇ ਸੰਤ ਭਾਵ ਅਸਲ ਵੀ ਹਨ, ਉਥੇ ਨਾਲ ਹੀ ਕੱਚੇ ਵੀ ਹਨ, ਇਸ ਲਈ ਇਸ ਪੱਖੋਂ ਵੀ ਸੁਚੇਤ ਰਹਿਣ ਦੀ ਅਤਿਅੰਤ ਲੋੜ ਹੈ। ਕਿਧਰੇ ਅਜਿਹਾ ਨਾ ਹੋਵੇ ਕਿ ਹਰਿ ਸਿਉ ਹੀਰਾ ਵਿਆਝਣ ਆਇਆ ਵਣਜਾਰਾ ਹੀਰੇ ਜੈਸਾ ਜਨਮ ਵੀ ਕਉਡੀਆਂ ਬਦਲੇ ਹਾਰ ਜਾਵੇ। ਭਾਈ ਗੁਰਦਾਸ ਜੀ ਦਾ ਬਚਨ ਹੈ ਕਿ:

ਸਾਧ ਸੰਗਿ ਦ੍ਰਿਸਟਿ ਦਰਸ ਕੈ ਬ੍ਰਹਮ ਧਿਆਨ,
ਸੋਈ ਤਉ ਅਸਾਧ ਸੰਗਿ ਦ੍ਰਿਸਟਿ ਬਿਕਾਰ ਹੈ।
ਸਾਧ ਸੰਗਿ ਸਬਦ ਸੁਰਤਿ ਕੈ ਬ੍ਰਹਮ ਗਿਆਨ,
ਸੋਈ ਤਉ ਅਸਾਧ ਸੰਗਿ ਬਾਦ ਅਹੰਕਾਰ ਹੈ।
ਸਾਧ ਸੰਗਿ ਅਸਨ ਬਸਨ ਕੈ ਮਹਾ ਪ੍ਰਸਾਦ,
ਸੋਈ ਤਉ ਅਸਾਧ ਸੰਗਿ ਬਿਖਮ ਅਹਾਰ ਹੈ।
ਦੁਰਮਤਿ ਜਨਮ ਮਰਨ ਹੋਇ ਅਸਾਧ ਸੰਗਿ,
ਗੁਰਮਤਿ ਸਾਧ ਸੰਗਿ ਮੁਕਤ ਦੁਆਰ ਹੈ।

ਆਸਾ

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥
ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ੍ ਕਹਿ ਰਵਿਦਾਸ ਚਮਾਰਾ ॥੩॥੩॥

(ਪੰਨਾ ੪੮੬)

ਇਰੰਡ—ਹਰਨੌਲੀ ਦਾ ਬੂਟਾ, ਇਰਿੰਡੀ। ਮਖਤੂਲ—ਵਟਿਆ ਹੋਇਆ ਰੇਸ਼ਮ। ਬਾਪੁਰੇ—ਵੇਚਾਰੇ। ਸਪੀਅਲ—ਪੀਲਾ। ਜਸ—ਜੈਸੇ, ਜਿਹਾ ਕਿ। ਰਾਜਾ ਰਾਮ—ਪ੍ਰਕਾਸ਼ ਰੂਪ ਰਾਮ ਨਿਰੰਕਾਰ।

ਤੁਮ੍ ਉਪਕਾਰੀ

ਦੁਨੀਆਂ ਵਿੱਚ ਦੋ ਤਰ੍ਹਾਂ ਦੇ ਲੋਕ ਹਨ। ਪਹਿਲੀ ਕਿਸਮ ਦੇ ਲੋਕ ਹਨ, ਜਿਹਨਾਂ ਨੇ ਅਗਿਆਨਤਾ ਵੱਸ ਹੋ ਕੇ ਸਦਾ ਹੀ ਆਪਣੀ ਜ਼ੁਬਾਨ ਨਾਲ ਸ਼ਿਕਾਇਤ ਕੀਤੀ ਹੈ। ਉਹਨਾਂ ਦੀ ਜ਼ਿੰਦਗੀ ਹਰ ਪਲ ਸ਼ਿਕਵੇ ਸ਼ਿਕਾਇਤਾਂ ਵਿੱਚ ਹੀ ਲੰਘਦੀ ਹੈ। ਹਰ ਗੱਲ ਵਿੱਚ ਕਮੀ ਲੱਭ ਕੇ ਉਸ ਨਾਲ ਹੀ ਸਾਂਝ ਬਣਾਈ ਰੱਖਦੇ ਹਨ, ਪਰ ਦੂਜੀ ਕਿਸਮ ਦੇ ਉਹ ਲੋਕ ਹਨ ਜਿਹੜੇ ਵੀਚਾਰ ਕਰਦੇ ਹਨ ਕਿ ਮੈਂ ਜੀਵਨ ਦਾ ਸਫ਼ਰ ਸ਼ੁਰੂ ਕਿਵੇਂ ਕੀਤਾ ਸੀ, ਪਰ ਅੱਜ ਮੈਂ ਕਿਥੇ ਹਾਂ। ਹਰ ਬੰਦੇ ਨੇ ਜਨਮ ਤੋਂ ਲੈ ਕੇ ਤਰੱਕੀ ਕੀਤੀ ਹੁੰਦੀ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਕਿਸੇ ਨੇ ਜ਼ਿਆਦਾ ਤਰੱਕੀ ਕੀਤੀ, ਕਿਸੇ ਨੇ ਥੋੜ੍ਹੀ ਕੀਤੀ, ਪਰ ਹਰ ਬੰਦੇ ਨੇ ਜਨਮ ਤੋਂ ਅੱਜ ਤੱਕ ਤਰੱਕੀ ਜ਼ਰੂਰ ਕੀਤੀ ਹੈ। ਦਾਨੇ ਪੁਰਖ ਦੀ ਸੋਚ ਇਹ ਫ਼ੈਸਲਾ ਜ਼ਰੂਰ ਕਰਦੀ ਹੈ ਕਿ ਮੈਂ ਕੀ ਸਾਂ, ਪਰ ਅੱਜ ਮੈਂ ਕੀ ਬਣ ਗਿਆ ਹਾਂ। ਜਿਸ ਦੀ ਕਿਰਪਾ ਨਾਲ ਇਹ ਸਫ਼ਰ ਤਹਿ ਕਰ ਕੇ ਇਥੇ ਪਹੁੰਚਿਆ ਹਾਂ, ਉਸ ਦੇ ਪਰਉਪਕਾਰ ਅੱਗੇ ਸੀਸ ਜ਼ਰੂਰ ਝੁਕ ਜਾਂਦਾ ਹੈ। ਇੱਕ ਛੋਟੀ ਜਿਹੀ ਇਤਿਹਾਸਕ ਗਾਥਾ ਵੀਚਾਰਦੇ ਹਾਂ, ਫਿਰ ਸਾਰੀ ਵੀਚਾਰ ਸਪੱਸ਼ਟ ਹੋ ਜਾਵੇਗੀ।

ਲਾਹੌਰ ਦੀ ਧਰਤੀ ਉੱਤੇ ਮਾਪਿਆਂ ਦੇ ਘਰ ਇੱਕ ਪੁੱਤਰ ਪੈਦਾ ਹੋਇਆ। ਸਾਰੇ ਪਾਸੇ ਖ਼ੁਸ਼ੀ ਦਾ ਮਾਹੌਲ ਸੀ। ਇਹ ਖ਼ੁਸ਼ੀਆਂ ਇਸ ਬਾਲੜੇ ਦੀ ਜ਼ਿੰਦਗੀ ਦਾ ਸਾਥ ਨਾ ਦੇ ਸਕੀਆਂ। ਮੌਤ ਨੇ ਮਾਂ ਜਿਹੇ ਘਣਛਾਵੇਂ ਬੂਟੇ ਦੀ ਛਾਂ ਖ਼ਤਮ ਕਰ ਦਿੱਤੀ। ਹਾਲੇ ਪਿਤਾ ਦੀ ਗੋਦ ਵਿੱਚ ਬੈਠ ਕੇ ਮਾਂ ਦੇ ਵਿਛੋੜੇ ਦਾ ਦੁੱਖ ਠੰਡਾ ਵੀ ਨਹੀਂ ਹੋਇਆ ਸੀ ਕਿ ਪਿਤਾ ਦੀ ਗੋਦ ਵਿੱਚੋਂ ਵੀ ਉਠਾ ਕੇ ਅਨਾਥ ਸ਼ਬਦ ਮੱਥੇ ਮੜ੍ਹ ਕੇ ਮੌਤ ਪਿਤਾ ਦਾ ਸੁੱਖ ਵੀ ਲੈ ਗਈ। ਅਨਾਥਾਂ ਨੂੰ ਰੋਟੀ ਨਹੀਂ ਬਲਕਿ ਠੋਕਰਾਂ ਖਾਣ ਨੂੰ ਮਿਲਦੀਆਂ ਹਨ। ਅਨਾਥਾਂ ਨੂੰ ਪਾਣੀ ਨਹੀਂ ਬਲਕਿ ਅੱਥਰੂ ਪੀਣ ਨੂੰ ਮਿਲਦੇ ਹਨ।

ਅਜਿਹੇ ਅਨਾਥ ਦੇ ਸਿਰ 'ਤੇ ਕੋਈ ਮਿਹਰ ਭਰਿਆ ਹੱਥ ਰੱਖ ਦੇਵੇ, ਕੇਵਲ ਹੱਥ ਹੀ ਨਹੀਂ ਬਲਕਿ ਆਪਣੀ ਧੀ ਦਾ ਡੋਲਾ ਵੀ ਦੇ ਦੇਵੇ, ਇਥੇ ਹੀ ਬਸ ਨਹੀਂ ਕੋਈ ਉਸਨੂੰ ਤਖ਼ਤ ਵੀ ਬਖ਼ਸ਼ਿਸ਼ ਕਰ ਦੇਵੇ। ਇਤਨਾ ਕੁਝ ਲੈਣ ਵਾਲਾ

ਆਪਣੀ ਜ਼ਿੰਦਗੀ ਦੇ ਅੱਜ ਦੋਵੇਂ ਸਮੇਂ ਅੱਖਾਂ ਅੱਗੇ ਰੱਖ ਕੇ ਦੇਖੇ ਕਿ ਜਿਹੜਾ ਕਲ੍ਹ ਅਨਾਥ ਸੀ ਅੱਜ ਉਹ ਅਜਿਹਾ ਨਾਥ ਬਣ ਗਿਆ, ਜਿਸ ਦੀ ਗੋਦ ਵਿੱਚ ਆਉਣ ਲਈ ਹਰ ਕੋਈ ਤਰਸਦਾ ਹੋਵੇ। ਇਸ ਨੇ ਅਨਾਥ ਹੁੰਦਿਆਂ ਕਦੇ ਮਾਂ ਨਾ ਮਿਲਣ ਦਾ, ਕਦੇ ਪਿਤਾ ਨਾ ਮਿਲਣ ਦਾ, ਕਦੇ ਸੁੱਖ ਨਾ ਮਿਲਣ ਦਾ, ਕਦੇ ਖੇਡਣ ਦਾ ਸਮਾਂ ਨਾ ਮਿਲਣ ਦਾ, ਭਾਵ ਕਿਸੇ ਦੀ ਘਾਟ ਦਾ ਕਦੇ ਉਲ੍ਹਾਮਾ ਨਾ ਦਿੱਤਾ ਹੋਵੇ, ਪਰ ਅੱਜ ਇਹਨਾਂ ਬਖ਼ਸ਼ਿਸ਼ਾਂ ਨੂੰ ਪਾ ਕੇ ਸਿਰ ਤੋਂ ਪੈਰਾਂ ਤੱਕ ਸ਼ੁਕਰ ਨਾਲ ਭਰ ਕੇ ਇਹ ਅੰਮ੍ਰਿਤ ਬੋਲ ਕਹੇ ਹੋਣ ਕਿ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧੧॥੪੯॥

(ਪੰਨਾ ੧੬੭)

ਅੱਖਾਂ ਵਿੱਚ ਸ਼ੁਕਰ ਦਾ ਜਲ ਵਹਿ ਕੇ ਜਦੋਂ ਧਰਤੀ 'ਤੇ ਡਿੱਗਾ ਤਾਂ ਮਾਨੋਂ ਸਾਰੀ ਕਾਇਨਾਤ ਪੁਕਾਰ ਉਠੀ ਕਿ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

(ਪੰਨਾ ੯੬੮)

ਅਸਲ ਵਿੱਚ ਰੱਬੀ ਪਰਉਪਕਾਰਾਂ ਨੂੰ ਚੇਤੇ ਕਰਕੇ ਸ਼ੁਕਰ ਵਿੱਚ ਭਿੱਜ ਕੇ ਉਸ ਮਾਲਿਕ ਦਾ ਧੰਨਵਾਦ ਕਰਨਾ ਹੀ ਸੱਚੀ ਇਬਾਦਤ ਹੈ। ਗੁਰੂ ਕੀ ਬਾਣੀ ਇਸ ਪ੍ਰੇਮਾ-ਭਗਤੀ ਨੂੰ ਪੈਦਾ ਕਰਨ ਵਾਸਤੇ ਹੀ ਹਰ ਵਾਰੀ ਜੀਵ ਨੂੰ ਆਪਣੀ ਨਿੱਜੀ, ਮਿੱਠੀ ਅਤੇ ਪਿਆਰੀ ਗੋਦ ਵਿੱਚ ਬਿਠਾ ਕੇ ਰੱਬੀ ਪਰਉਪਕਾਰਾਂ ਦਾ ਗਿਆਨ ਬਖ਼ਸ਼ਿਸ਼ ਕਰਦੀ ਹੈ। ਸਮੁੱਚੀ ਬਾਣੀ ਦਾ ਇੱਕ ਮਹਾਨ ਸਕਾਰਾਤਮਿਕ ਨਮੂਨਾ ਇਸ ਸ਼ਬਦ ਵਿੱਚ ਪ੍ਰਗਟ ਕੀਤਾ ਹੋਇਆ ਹੈ:

ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥
ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥ (ਪੰਨਾ ੪੮੬)

ਹੇ ਵਾਹਿਗੁਰੂ ਪ੍ਰਮੇਸ਼ਰ ਜੀਉ! ਅਸੀਂ ਜੀਵ ਆਪ ਜੀ ਦੀ ਸੰਗਤਿ ਦੀ ਸ਼ਰਨ ਵਿੱਚ ਆਏ ਹਾਂ। ਇਹ ਜਾਣ ਕੇ ਕਿ ਅਸੀਂ ਤਾਂ ਸਾਰੇ ਅਉਗਣਾਂ ਦੇ ਭਰੇ ਹੋਏ ਹਾਂ, ਪਰ ਤੁਹਾਡੀ ਸ਼ਰਨ ਵਿੱਚ ਆਇਆਂ ਸਾਡੇ 'ਤੇ ਤੁਸਾਂ ਬਹੁਤ ਵੱਡੇ ਪਰਉਪਕਾਰ ਕੀਤੇ ਹਨ, ਧੰਨ ਗੁਰੂ ਅਰਜਨ ਸਾਹਿਬ ਜੀ ਅੰਮ੍ਰਿਤ ਬਚਨ ਕਰਦੇ ਹਨ ਕਿ:

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥
ਮਾਧੋ ਹਮ ਐਸੇ ਤੂ ਐਸਾ ॥
ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥
ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ ॥
ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥
ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥
ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥੩॥
ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ ॥
ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥

(ਪੰਨਾ ੬੧੩)

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥

(ਪੰਨਾ ੪੮੬)

ਇੱਕ ਮਾਮੂਲੀ ਜਿਹੇ ਆਪੂ ਜੰਮੇ ਇਰੰਡ ਨੂੰ ਨੇੜ੍ਹਤਾ ਦੀ ਦਾਤ ਬਖ਼ਸ਼ਿਸ਼ ਕਰਕੇ ਇਤਨਾ ਵੱਡਾ ਪਰਉਪਕਾਰ ਕੀਤਾ ਕਿ ਚੰਦਨ ਨੇ ਆਪਣੀ ਸੁਗੰਧੀ ਬਖ਼ਸ਼ਿਸ਼ ਕਰਕੇ ਆਪਣੀ ਸੁਗੰਧੀ ਵਰਗੀ ਹੀ ਇਰੰਡ ਦੀ ਸੁਗੰਧੀ ਬਣਾ ਦਿੱਤੀ। ਹੁਣ ਸਾਡੀ ਗਿਣਤੀ ਨੀਚ ਰੁੱਖਾਂ ਵਿੱਚ ਨਹੀਂ ਬਲਕਿ ਊਚ ਰੁੱਖਾਂ ਵਿੱਚ ਹੋਣ ਲੱਗ ਪਈ। ਸਾਡੀ ਅਵਗਣਾਂ ਭਰੀ ਗੰਧ ਖ਼ਤਮ ਕਰਕੇ ਗੁਣਾਂ ਦੀ ਸੁਗੰਧੀ ਭਰ ਦਿੱਤੀ ਹੈ। ਪਾਵਨ ਬਚਨ ਹਨ:

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥ *(ਪੰਨਾ ੮੬੧)*

ਸਤਿਗੁਰੂ ਜੀ ਦੇ ਮੁਬਾਰਿਕ ਸ਼ਬਦ ਦੀਆਂ ਅਗਲੀਆਂ ਪੰਕਤੀਆਂ ਹਨ:

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥

(ਪੰਨਾ ੪੮੬)

ਹੇ ਨਿਰੰਕਾਰ ਜੀਉ! ਤੁਸੀਂ ਸਫ਼ੈਦ ਰੰਗ ਅਤੇ ਪੀਲੇ ਰੰਗ ਦੇ ਰੇਸ਼ਮ ਹੋ ਅਤੇ ਅਸੀਂ ਕੀੜਿਆਂ ਕਾਢਿਆਂ ਦੀ ਤਰ੍ਹਾਂ ਹਾਂ, ਪਰ ਤੁਹਾਡੇ ਸੰਗਿ ਨੇ ਕੀੜੇ ਨੂੰ ਵੀ ਬਿਰਤੀ ਉੱਚੀ ਚੁੱਕ ਕੇ ਸਤਿਕਾਰ ਦੇ ਪਾਤਰ ਬਣਾ ਦਿੱਤਾ ਹੈ। ਇਥੇ ਬਹੁਤ ਧਿਆਨ ਨਾਲ ਸਮਝਣ ਵਾਲੀਆਂ ਗੱਲਾਂ ਹਨ। ਅਜਿਹੇ ਕੀੜੇ ਵੀ ਹਨ ਜਿਹੜੇ ਅਕਸਰ ਨੁਕਸਾਨ ਕਰਦੇ ਹਨ। ਇਹਨਾਂ ਨੂੰ ਹਰ ਕੋਈ ਮਾਰਨਾ ਚਾਹੁੰਦਾ ਹੈ, ਪਰ ਜਿਹੜੇ ਕੀੜੇ ਰੇਸ਼ਮ ਪੈਦਾ ਕਰਦੇ ਹਨ, ਉਹਨਾਂ ਨੂੰ ਹਰ ਕੋਈ ਪਾਲਣਾ

ਚਾਹੁੰਦਾ ਹੈ। ਨੁਕਸਾਨ ਕਰਨ ਵਾਲੀ ਸੋਚ ਤੁਹਾਡੇ ਪਰਉਪਕਾਰ ਸਦਕਾ ਭਲਾ ਕਰਨ ਵਾਲੀ ਬਣ ਗਈ। ਸਾਡਾ ਜੀਵਨ ਸ਼ਹਿਦ ਦੀ ਮੱਖੀ ਵਰਗਾ ਹੈ। ਸਾਡੇ ਕੋਲ ਕੇਵਲ ਜ਼ਹਿਰ ਹੀ ਹੈ। ਜਦੋਂ ਅਸੀਂ ਇਕੱਲੀਆਂ ਇਕੱਲੀਆਂ ਉੱਡਦੀਆਂ ਸਾਂ ਤਾਂ ਸਿਰਫ਼ ਜ਼ਹਿਰ ਭਰੇ ਡੰਗ ਮਾਰ ਕੇ ਦੁੱਖ ਹੀ ਦੇ ਸਕਦੀਆਂ ਸਾਂ, ਪਰ ਤੁਹਾਡੇ ਪਰਉਪਕਾਰ ਨੇ ਸਾਨੂੰ ਆਪਣਾ ਫ਼ਰਜ਼ ਸਮਝਾ ਦਿੱਤਾ, ਜਿਸ ਨਾਲ ਹੁਣ ਅਸੀਂ ਇਕੱਠੀਆਂ ਹੋ ਕੇ ਜ਼ਹਿਰ ਨਹੀਂ ਬਲਕਿ ਅੰਮ੍ਰਿਤ ਦਾ ਛੱਤਾ ਤਿਆਰ ਕਰਕੇ ਮਨੁੱਖਤਾ ਦੀ ਜ਼ਿੰਦਗੀ ਵਿੱਚ ਸੁੱਖ ਵੰਡਦੀਆਂ ਹਾਂ ਭਾਵ ਹੁਣ ਅਸੀਂ ਮਾੜੇ ਕਰਮਾਂ ਤੋਂ ਹੱਟ ਕੇ ਚੰਗੇ ਕਰਮਾਂ ਦੀ ਕਮਾਈ ਵਿੱਚ ਲੱਗ ਗਏ ਹਾਂ। ਇਹ ਸਾਡਾ ਨਹੀਂ ਬਲਕਿ ਆਪ ਜੀ ਦਾ ਉਪਕਾਰ ਹੈ। ਸ਼ਬਦ ਦਾ ਆਖ਼ਰੀ ਬੰਦ ਹੈ:

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥

(ਪੰਨਾ ੪੮੬)

ਹੇ ਵਾਹਿਗੁਰੂ ਜੀ! ਤੁਸੀਂ ਤਾਂ ਸਾਡੇ 'ਤੇ ਅਨੇਕਾਂ ਹੀ ਪਰਉਪਕਾਰ ਕੀਤੇ ਹਨ, ਪਰ ਅਸੀਂ ਫਿਰ ਵੀ ਰਾਜਾ ਰਾਮ ਜੀ, ਤੁਹਾਡੀ ਸੇਵਾ, ਭਾਵ ਭਗਤੀ ਨਹੀਂ ਕੀਤੀ। ਅਸੀਂ ਅਕ੍ਰਿਤਘਣ ਹੀ ਹਾਂ, ਪਰ ਤੁਹਾਡਾ ਸੁਭਾਅ ਪਰਉਪਕਾਰੀ ਹੋਣ ਕਰਕੇ ਸਾਨੂੰ ਜਾਤ ਕਰਕੇ, ਕਰਮਾਂ ਕਰਕੇ ਅਤੇ ਜਨਮ ਕਰਕੇ ਹੋਛੇ ਹੋਣ ਦੇ ਬਾਵਜੂਦ ਵੀ ਸਾਨੂੰ ਇਤਨਾ ਉੱਚਾ ਕਰ ਦਿੱਤਾ ਕਿ ਅੱਜ ਮੈਂ ਜਾਤ ਪਾਤ ਦੇ ਹੰਕਾਰੀਆਂ ਨੂੰ ਵੀ ਪਰਮਾਰਥੀ ਰਾਹ ਦੱਸਣ ਵਾਲੇ ਗੁਰੂ ਪੀਰਾਂ ਦੀ ਸੰਗਤ ਵਿੱਚ ਸ਼ਾਮਿਲ ਹਾਂ। ਪੰਚਮ ਗੁਰਦੇਵ ਜੀ ਦਾ ਬਚਨ ਹੈ ਕਿ:

ਪ੍ਰਭ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥
ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥

(ਪੰਨਾ ੭੩੮)

ਤੱਤਸਾਰ

"ਜਿਨ ਹਰਿ ਜਪਿਆ ਸੇ ਹਰਿ ਹੋਇ" ਦੇ ਮਹਾਂਵਾਕਾਂ ਅਨੁਸਾਰ ਜਦੋਂ ਜਨਮ ਦਰ ਜਨਮ ਭਟਕਣ ਵਾਲਾ ਜੀਵ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ ਤਾਂ ਉਸ ਦੀ ਵੀਚਾਰ ਨੂੰ ਗੁਰੂ ਜੀ ਨੇ ਇਹਨਾਂ ਮੁਬਾਰਿਕ ਬਚਨਾਂ ਵਿੱਚ ਪ੍ਰਗਟ ਕੀਤਾ ਹੈ। ਨਿਰੰਕਾਰ ਦੇ ਪਰਉਪਕਾਰਾਂ ਦਾ ਜੀਵ ਕੋਲ ਮੁੱਲ ਤਾਂ ਨਹੀਂ, ਪਰ ਉਹਨਾਂ ਨੂੰ ਸੱਚੇ ਦਿਲੋਂ ਯਾਦ ਕਰਕੇ ਸ਼ੁਕਰਾਨਾ ਕਰਨਾ ਮਨੁੱਖੀ ਜ਼ਿੰਦਗੀ ਦੇ ਫ਼ਰਜ਼ ਦੀ ਪੂਰਤੀ ਹੈ:

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥
ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥

(ਪੰਨਾ ੫੯੬-੯੭)

ਆਸਾ

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

(ਪੰਨਾ ੪੮੬-੮੭)

ਛਿਨੁ ਛਿਨੁ—ਟੋਟੇ। ਚਰਨ ਅਰਬਿੰਦ—ਚਰਨ ਕੰਵਲ। ਪਾਨ ਕਰਤ—ਪੀਂਦਿਆਂ। ਸੰਪਤਿ—ਸੁਖਾਲ। ਪਟਲ—ਪੜਦਾ। ਛੂਟਿਬੋ—ਛੁੱਟਣ ਦਾ।

ਭਵਨ ਮਨੁ

ਹਰੇਕ ਰਸ ਮਨ ਭੋਗਦਾ ਹੈ, ਤਨ ਕੇਵਲ ਉਸਦਾ ਵਸੀਲਾ ਬਣਦਾ ਹੈ। ਅੱਜ ਮਨੁੱਖ ਦੇ ਕੋਲ ਸਰੀਰਕ ਸੁੱਖਾਂ ਦੇ ਅੰਬਾਰ ਲੱਗੇ ਪਏ ਹਨ। ਹਰੇਕ ਸੁੱਖ ਦਾ ਸਾਧਨ ਅੱਜ ਮਨੁੱਖ ਦੀ ਪਕੜ ਤੋਂ ਦੂਰ ਨਹੀਂ, ਪਰ ਪੁਰਾਤਨਤਾ ਦੇ ਮੁਕਾਬਲੇ ਅੱਜ ਮਨੁੱਖੀ ਜ਼ਿੰਦਗੀ ਵਿੱਚੋਂ ਦੁੱਖ, ਦਰਦ, ਪੀੜਾਂ ਦੀ ਜ਼ਿਆਦਾ ਦੁਹਾਈ ਸੁਣਾਈ ਦਿੰਦੀ ਹੈ। ਅਸਲ ਵਿੱਚ ਮਨੁੱਖ ਨੇ ਸਭ ਕੁਝ ਕੀਤਾ ਹੀ ਤਨ ਲਈ ਹੈ, ਪਰ ਤਨ ਤਾਂ ਵਸੀਲਾ ਸੀ, ਸੁੱਖ ਮਾਨਣਾ ਤਾਂ ਮਨ ਨੇ ਸੀ। ਜਦੋਂ ਹਰ ਹਾਲਾਤ ਵਿੱਚ ਵਿਚਰ ਕੇ ਨਿਰਾਸ਼ ਹੋਇਆ ਮਨ ਗੁਰੂ ਗੋਦ ਦਾ ਸਹਾਰਾ ਲੈਂਦਾ ਹੈ ਤਾਂ ਇਥੋਂ ਸੱਚ ਦਾ ਉਪਦੇਸ਼ ਇਸ ਦੇ ਸੁੱਖਾਂ ਦਾ ਪੰਘੂੜਾ ਬਣ ਜਾਂਦਾ ਹੈ। ਸਤਿਗੁਰੂ ਜੀ ਫਿਰ ਸਮਝਾਉਂਦੇ ਹਨ ਕਿ ਇਸ ਭਟਕਦੇ ਮਨ ਨੂੰ ਗੁਰੂ ਉਪਦੇਸ਼ਾਂ ਨਾਲ ਜੋੜ ਕੇ ਵੇਖ, ਕਿਤਨਾ ਸੁੱਖ ਪ੍ਰਾਪਤ ਹੁੰਦਾ ਹੈ:

ਮਾਈ ਮੇਰੇ ਮਨ ਕੋ ਸੁਖੁ ॥
ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥

(ਪੰਨਾ ੭੧੭)

ਜਿਸ ਦੀ ਭਾਲ ਵਿੱਚ ਮਨ ਦਹਦਿਸ ਭਟਕਦਾ ਫਿਰਦਾ ਸੀ, ਉਹ ਪਰਮ ਅਨੰਦ ਜਦੋਂ ਗੁਰੂ ਜੀ ਕੋਲੋਂ ਮਿਲ ਜਾਂਦਾ ਹੈ ਤਾਂ ਮਨ ਕੇਵਲ ਭਟਕਣਾ ਹੀ ਨਹੀਂ ਛੱਡਦਾ ਬਲਕਿ ਫਿਰ ਤਾਂ ਉਸ ਲਈ ਗੁਰੂ ਚਰਨ ਮਨ ਦਾ ਘਰ ਬਣ ਜਾਂਦੇ ਹਨ। ਸੰਸਾਰ ਦੇ ਦੁਖੀ ਹੋਣ ਦਾ ਕਾਰਨ ਹੀ ਇੱਕੋ ਹੈ ਕਿ ਮਨ ਦਾ ਕੋਈ ਟਿਕਾਣਾ ਨਹੀਂ, ਹਰ ਬੰਦਾ ਉਹ ਸੁਖੀ ਹੈ ਜਿਸ ਦੇ ਮਨ ਨੇ ਘਰ ਬਣਾ ਲਿਆ। ਹਰ ਬੰਦਾ ਉਹ ਦੁਖੀ ਹੈ ਜਿਸ ਦੇ ਤਨ ਲਈ ਤਾਂ ਭਾਵੇਂ ਮਹਿੰਗੇ ਤੋਂ ਮਹਿੰਗੇ ਘਰ ਵੀ ਹਨ, ਪਰ ਮਨ ਦੇ ਬਿਸ਼ਰਾਮ ਲਈ ਕੋਈ ਥਾਂ ਨਹੀਂ।

ਇੱਕ ਰਾਣੀ ਰਾਜ ਦੇ ਸਾਰੇ ਸੁੱਖ ਅਰਾਮ ਮਾਣ ਕੇ ਵੀ ਸੁਖੀ ਨਾ ਹੋ ਸਕੀ। ਮਨ ਦੀ ਉਪਰਾਮਤਾ ਨੇ ਸਾਰਾ ਸੁਖ-ਚੈਨ ਗਵਾ ਦਿੱਤਾ ਸੀ। ਆਖ਼ਿਰ ਇਸ ਰਾਣੀ ਨੇ ਮਨ ਦੇ ਸੁੱਖ ਦੀ ਭਾਲ ਵਾਸਤੇ ਕਿਸੇ ਤੀਰਥ ਜਾਂ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਲਈ ਰਾਜੇ ਤੋਂ ਆਗਿਆ ਮੰਗੀ। ਰਾਜਾ ਆਪ ਤਾਂ ਰਾਜ ਦੇ ਰੁਝੇਂਵਿਆਂ ਵਿੱਚੋਂ ਇਤਨਾ ਵਕਤ ਕੱਢ ਨਹੀਂ ਸੀ ਸਕਦਾ, ਪਰ ਉਸ ਨੇ

ਰਾਣੀ ਨਾਲ ਕੁਝ ਕੁ ਪੰਡਿਤਾਂ ਦਾ ਪ੍ਰਬੰਧ ਕਰ ਦਿੱਤਾ। ਪੰਡਿਤ ਆਪਣੀ ਮਨੌਤ ਅਨੁਸਾਰ ਰਾਣੀ ਨੂੰ ਕਈ ਥਾਵਾਂ 'ਤੇ ਲੈ ਕੇ ਗਏ, ਪਰ ਰਾਣੀ ਅੰਦਰ ਸੱਚੀ ਲਗਨ ਹੋਣ ਕਰਕੇ ਜਿਵੇਂ ਸੱਚ ਦਾ ਵਪਾਰੀ ਕੱਚ 'ਤੇ ਨਹੀਂ ਰੀਝਦਾ, ਇਸੇ ਤਰ੍ਹਾਂ ਰਾਣੀ ਨੂੰ ਉਹ ਮਨ ਦਾ ਸੁੱਖ ਨਸੀਬ ਨਹੀਂ ਹੋਇਆ। ਅਚਾਨਕ ਇੱਕ ਅਰਸ਼ੀ ਰੂਹ, ਸੱਚਾ ਰਹਿਬਰ, ਬੇਪ੍ਰਵਾਹ ਪਾਤਿਸ਼ਾਹ ਨਿਰੰਕਾਰ ਦਾ ਰੂਪ ਹੋ ਚੁੱਕੇ ਮਾਲਿਕ ਦੀ ਉਪਮਾ ਦਾ ਪਤਾ ਲੱਗਾ। ਭਾਵੇਂ ਪੰਡਿਤ ਜਾਤੀ ਇਸ ਗੱਲ ਤੋਂ ਸਖ਼ਤ ਨਰਾਜ਼ ਸੀ, ਪਰ ਰਾਣੀ ਦਾ ਸਾਥ ਦੇਣਾ ਪਿਆ। ਰਵਿਦਾਸ ਜੀ ਮਹਾਰਾਜ ਦੇ ਦਰ 'ਤੇ ਆ ਕੇ ਉਸ ਰਾਣੀ ਨੇ ਕੇਵਲ ਦਰਸ਼ਨ ਹੀ ਨਹੀਂ ਕੀਤੇ ਬਲਕਿ ਗੁਰੂ ਧਾਰਨ ਕਰਕੇ ਆਪਣੇ ਮਨ ਦਾ ਆਲ੍ਹਣਾ ਇਹਨਾਂ ਦੇ ਚਰਨਾਂ ਵਿੱਚ ਬਣਾ ਲਿਆ। ਇਹ ਚਿਤੌੜ ਦੀ ਝਾਲਾ ਰਾਣੀ ਸੀ ਜਿਸ ਨੇ ਅਨੇਕਾਂ ਸੁੱਖਾਂ ਦੇ ਸਾਧਨ ਹੀ ਨਹੀਂ ਤਿਆਗੇ ਬਲਕਿ ਹੋਰ ਅਨੇਕਾਂ ਦੁੱਖ ਵੀ ਝੱਲੇ ਪਰ ਗੁਰੂ ਦੇ ਚਰਨਾਂ ਤੋਂ ਨਾ ਵਿਛੁੜੀ। ਸੱਚ ਹੈ ਜਿਸ ਦੇ ਮਨ ਨੂੰ ਭਵਨ ਮਿਲ ਜਾਵੇ ਉਹ ਤਾਂ ਫਿਰ ਕਹਿ ਉਠਦਾ ਹੈ ਕਿ :

ਕਤ ਜਾਈਐ ਰੇ ਘਰ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥ (ਪੰਨਾ ੧੧੯੫)
ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ ॥੭॥
(ਪੰਨਾ ੯੯੩)

ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਵਨ ਬਚਨ ਹੈ :

ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥
(ਪੰਨਾ ੪੮੬)

ਤੀਖਨ ਬੁੱਧੀ ਦੇ ਮਾਲਿਕਾਂ ਨੇ ਜ਼ਿੰਦਗੀ ਜਿਊਣ ਲਈ ਜਿਹੜੀਆਂ ਅਤਅੰਤ ਜ਼ਰੂਰੀ ਚੀਜ਼ਾਂ ਮਿੱਥੀਆਂ, ਉਹ ਤਿੰਨ ਹਨ। ਪਹਿਲਾ ਰਹਿਣ ਲਈ ਘਰ; ਦੂਜਾ ਛੱਕਣ ਲਈ ਪਦਾਰਥ; ਤੀਜਾ ਵਰਤੋਂ ਲਈ ਧਨ। ਇਹ ਤਿੰਨੇ ਚੀਜ਼ਾਂ ਦੀ ਪ੍ਰਾਪਤੀ ਮੈਨੂੰ ਸਹਿਜ ਨਾਲ ਹੀ ਹੋ ਗਈ। ਪਹਿਲਾ, ਮਨ ਦਾ ਘਰ ਗੁਰੂ ਜੀ ਦੇ ਕਮਲ ਫੁੱਲ ਵਰਗੇ ਚਰਨ ਬਣ ਗਏ ਭਾਵ ਮੇਰਾ ਮਨ ਗੁਰੂ ਉਪਦੇਸ਼ ਰੂਪ ਚਰਨਾਂ ਵਿੱਚ ਟਿਕਿਆ ਰਹਿੰਦਾ ਹੈ। ਦੂਜਾ, ਉਪਦੇਸ਼ ਰੂਪ ਗੁਰੂ ਸ਼ਬਦ ਦੀ ਵੀਚਾਰ ਦਾ ਅੰਮ੍ਰਿਤ ਰਸ ਪੀਂਦਾ ਰਹਿੰਦਾ ਹਾਂ। ਤੀਜਾ, ਸਿਮਰਨ ਰੂਪ ਧਨ ਜਿਹੜਾ ਜ਼ਿੰਦਗੀ ਦੀ ਹਰ ਗ਼ਰਜ਼ ਨੂੰ ਪੂਰਿਆਂ ਕਰਦਾ ਹੈ, ਪ੍ਰਾਪਤ ਹੋ ਗਿਆ ਹੈ ਜਿਸ ਕਰਕੇ ਮਨ ਭਟਕਣਾ ਤੋਂ ਮੁਕਤ ਹੋ ਕੇ ਬਿਸ਼ਰਾਮ ਦੀ ਅਵਸਥਾ ਵਿੱਚ ਆ ਗਿਆ ਹੈ :

ਸਤਿਗੁਰ ਸੰਗਿ ਨਾਹੀ ਮਨੁ ਡੋਲੈ ॥
ਅੰਮ੍ਰਿਤ ਬਾਣੀ ਗੁਰਮੁਖਿ ਬੋਲੈ ॥੧॥ (ਪੰਨਾ ੧੯੩)

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥
(ਪੰਨਾ ੧੧੮੬)

ਅੰਮ੍ਰਿਤ ਬਚਨ ਦੀਆਂ ਅਗਲੀਆਂ ਪੰਕਤੀਆਂ ਹਨ :

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥ (ਪੰਨਾ ੪੮੬)

ਪ੍ਰੀਤ ਮਾਨਸਿਕ ਪੱਧਰ ਦਾ ਵਿਸ਼ਾ ਹੈ। ਇਹ ਸਰੀਰਕ ਅਵਸਥਾ ਤੋਂ ਅੱਗੇ ਨਿਕਲ ਚੁੱਕੀ ਬਾਤ ਹੈ, ਜਿਸ ਕਰਕੇ ਰੱਬੀ ਬਾਣੀ ਵਿੱਚ ਆਏ ਪ੍ਰੀਤਵਾਨ ਦੇ ਜਦੋਂ ਆਪਾਂ ਦੀਦਾਰ ਕਰਦੇ ਹਾਂ ਤਾਂ ਉਹ ਸਰੀਰਕ ਦੁੱਖਾਂ ਵੇਲੇ ਚੁੱਪ ਵੀ ਨਹੀਂ ਤੋੜਦੇ ਪਰ ਪ੍ਰੀਤ ਟੁੱਟਣ ਦੇ ਡਰ ਦੀਆਂ ਦੁਹਾਈਆਂ ਪਾਉਂਦੇ ਹਨ। ਪ੍ਰੀਤਵਾਨਾਂ ਨੇ ਉਹ ਦੁਨੀਆਂ ਦੇ ਦੀਦਾਰ ਕਰ ਲਏ ਜਿਹੜੀ ਸਰੀਰਕ ਦੁਨੀਆਂ ਤੋਂ ਕਿਤੇ ਦੂਰ ਦੀ ਗੱਲ ਹੈ। ਭੋਗੀ ਬੰਦੇ ਨੂੰ ਹਮੇਸ਼ਾ ਸਰੀਰ ਪਿਆਰਾ ਹੋਵੇਗਾ, ਪਰ ਜੋਗੀ ਪਿਆਰੇ ਨੂੰ ਪ੍ਰੀਤ ਪਿਆਰੀ ਹੁੰਦੀ ਹੈ। ਤਦ ਹੀ ਅੰਮ੍ਰਿਤ ਬਚਨ ਹਨ ਕਿ :

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥
(ਪੰਨਾ ੬੯੪)

ਕਬੀਰ ਸਾਹਿਬ ਦਾ ਵੀ ਅਜਿਹਾ ਹੀ ਜਵਾਬ ਹੈ ਕਿ :

ਕਰਵਤੁ ਭਲਾ ਨ ਕਰਵਟ ਤੇਰੀ ॥
ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥...
ਜਉ ਤਨੁ ਚੀਰਹਿ ਅੰਗੁ ਨ ਮੋਰਉ ॥
ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥ (ਪੰਨਾ ੪੮੪)

ਮੈਨੂੰ ਆਰੇ ਨਾਲ ਚੀਰ ਦਿਉ ਮੈਂ ਅੰਗ ਨਹੀਂ ਮੋੜਾਂਗਾ, ਪਰ ਮੇਰੀ ਪ੍ਰੀਤ ਨਾ ਟੁੱਟੇ। ਭਗਤ ਨਾਮਦੇਵ ਜੀ ਵੀ ਆਖਦੇ ਹਨ ਕਿ:

ਜੈਸੇ ਤਾਪਤੇ ਨਿਰਮਲ ਘਾਮਾ ॥
ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੫॥੪॥ (ਪੰਨਾ ੮੭੪)

ਭਗਤ ਫ਼ਰੀਦ ਜੀ ਵੀ ਅਜਿਹੀ ਪੁਕਾਰ ਕਰਦੇ ਹਨ ਕਿ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥
(ਪੰਨਾ ੧੩੭੯)

ਗੁਰੂ ਨਾਨਕ ਸਾਹਿਬ ਜੀ ਵੀ 'ਆਖਾ ਜੀਵਾ ਵਿਸਰੈ ਮਰਿ ਜਾਉ' ਦੀ ਦੁਹਾਈ ਦਿੰਦੇ ਹਨ। ਤੱਤ ਭਾਵ ਹੈ ਕਿ ਪ੍ਰੀਤਵਾਨ ਨੂੰ ਮੱਛਲੀ ਦੇ ਪਾਣੀ ਨਾਲ ਪ੍ਰੀਤ ਵਾਗੂੰ ਮਿਲਾਪ ਹੀ ਜੀਵਨ ਤੇ ਵਿਛੋੜਾ ਹੀ ਮੌਤ ਹੈ, ਇਸ ਲਈ ਉਸ ਨੂੰ ਸਰੀਰ ਨਾਲ ਨਹੀਂ ਬਲਕਿ ਰੱਬੀ ਪ੍ਰੀਤ ਨਾਲ ਲਗਾਵ ਹੁੰਦਾ ਹੈ :

ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥ (ਪੰਨਾ ੪੮੬-੮੭)

ਮਾਈ ਮਾਇਆ ਛਲ ਹੋਣ ਕਰਕੇ ਇਹ ਤਿੰਨ ਤਰ੍ਹਾਂ ਦੇ ਸਬਜ਼ ਬਾਗ਼ ਦਿਖਾ ਕੇ ਜੀਵ ਨੂੰ ਭਰਮਾਉਂਦੀ ਹੈ। ਪਹਿਲਾ ਹੈ ਸੰਪਤੀ ਭਾਵ ਅਨੇਕਾਂ ਮਾਇਕੀ ਸੁੱਖਾਂ ਦੇ ਸਾਧਨ; ਦੂਜਾ ਹੈ ਬਿਪਤਾ ਭਾਵ ਦੁਖ ਵੇਲੇ ਮਾਇਆ ਕਿਵੇਂ ਸਹਾਇਕ ਸਿੱਧ ਹੁੰਦੀ ਹੈ। ਆਮ ਦੁਨੀਆਂ ਦੇ ਸਾਹਮਣੇ ਹਰ ਰੋਜ਼ ਇਹ ਦੋ ਕੌਤਕ ਹਰ ਵਕਤ ਦਿਖਾਉਂਦੀ ਰਹਿੰਦੀ ਹੈ ਕਿ ਜਿਸ ਕੋਲ ਧਨ ਹੈ ਉਸ ਦਾ ਘਰ ਵੇਖ, ਉਸਦਾ ਰਹਿਣ ਸਹਿਣ ਵੇਖ। ਦੂਜੇ ਪਾਸੇ ਗ਼ਰੀਬ ਦੀ ਜ਼ਿੰਦਗੀ ਕਿਵੇਂ ਬਿਪਤਾ ਵਿੱਚ ਗੁਜ਼ਰਦੀ ਹੈ, ਉਹ ਕਿਵੇਂ ਜ਼ਿੰਦਗੀ ਦੀਆਂ ਸਹੂਲਤਾਂ ਲਈ ਤਰਸਦਾ ਰਹਿੰਦਾ ਹੈ। ਇਹਨਾਂ ਦੋ ਤਰ੍ਹਾਂ ਦੀ ਦੁਨੀਆਂ ਵੱਲ ਵੇਖ ਕੇ ਆਮ ਬੰਦਾ ਭਟਕ ਜਾਂਦਾ ਹੈ ਅਤੇ ਮਾਇਆ ਦਾ ਮਾਰਗ ਅਪਣਾ ਲੈਂਦਾ ਹੈ। ਤੀਜਾ ਸਬਜ਼ ਬਾਗ਼ ਹੈ ਧਨ ਦਾ ਦਿੱਸਦਾ ਰੂਪ। ਜਿਸ ਕੋਲ ਪੈਸਾ ਹੋਵੇ, ਹਰ ਕੋਈ ਉਸ ਨਾਲ ਨੇੜਤਾ ਰੱਖਦਾ ਹੈ, ਪਰ ਪ੍ਰੀਤਵਾਨ ਰੱਬੀ ਪ੍ਰੀਤ ਵਿੱਚ ਹੀ ਮਸਤ ਰਹਿੰਦਾ ਹੈ, ਉਸ ਦੇ ਸਾਹਮਣੇ ਅਜਿਹੇ ਕੌਤਕ ਤੁੱਛ ਹਨ :

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥
ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥
(ਪੰਨਾ ੪੭੬)

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥ (ਪੰਨਾ ੪੮੭)

ਅਨੇਕਾਂ ਮਾਇਕੀ ਸੁੱਖ ਵੀ ਮਨ ਦਾ ਚੈਨ ਜਾਂ ਮਨ ਦਾ ਉਹ ਸੁੱਖ ਪੈਦਾ ਨਹੀਂ ਕਰ ਸਕਦੇ ਜੋ ਰੱਬੀ ਪ੍ਰੀਤ ਵਿੱਚ ਸੁੱਖ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਇਆ ਆਪਣੇ ਸੇਵਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਵਾਸਤੇ ਮੋਹ ਦੀ ਫਾਹੀ ਵਰਤਦੀ ਹੈ, ਪਰ ਪ੍ਰਮੇਸ਼ਰ ਪ੍ਰੇਮ ਦੀ ਡੋਰੀ ਨਾਲ ਬੰਨ੍ਹ ਕੇ ਰੱਖਦਾ ਹੈ। ਜਿਹੜਾ ਉਸਦੀ ਪ੍ਰੇਮ ਡੋਰੀ ਤੋਂ ਬਾਗ਼ੀ ਹੋਣਾ ਚਾਹੁੰਦਾ ਹੈ, ਉਹ ਸਦਾ ਦੀ ਖ਼ੁਆਰੀ ਸਹੇੜ ਲੈਂਦਾ ਹੈ, ਜਿਸ ਕਰਕੇ ਰਵਿਦਾਸ ਜੀ ਮਹਾਰਾਜ ਆਖਦੇ ਹਨ ਕਿ ਉਸ ਤੋਂ ਛੁੱਟ ਕੇ ਖ਼ੁਆਰੀ ਖ਼ਰੀਦਣ ਦਾ ਕੀ ਲਾਭ। ਇਸ ਲਈ ਮੈਂ ਤਾਂ ਆਪਣੇ ਮਨ ਰੂਪ ਪੰਛੀ ਦਾ ਆਲ੍ਹਣਾ ਹੀ ਆਪ ਜੀ ਦੇ ਚਰਨਾਂ ਵਿੱਚ ਬਣਾ ਲਿਆ ਹੈ।

ਤੱਤਸਾਰ

ਰੱਬੀ ਰੂਹ ਨੂੰ ਇਹ ਪ੍ਰਪੱਕ ਗਿਆਨ ਹੁੰਦਾ ਹੈ ਕਿ ਮਨੁੱਖੀ ਚੋਲਾ ਮੇਰੀ ਮੰਜ਼ਿਲ ਨਹੀਂ ਬਲਕਿ ਚੋਲਾ ਪਾ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਨਾ ਮੇਰੀ ਮੰਜ਼ਿਲ ਹੈ। ਇਸ ਕਰਕੇ ਉਹ ਸਰੀਰਕ ਸੁੱਖਾਂ ਅਤੇ ਸਰੀਰ ਦੇ ਮੋਹ ਤੋਂ ਉੱਚਾ ਉਠ ਕੇ ਰੱਬੀ ਪ੍ਰੀਤ ਨਾਲ ਹੀ ਆਪਣਾ ਜੀਵਨ ਸਮਝਦਾ ਹੈ। ਉਸ ਨੇ ਸਰੀਰ ਜਾਂ ਸਰੀਰਕ ਸੁੱਖਾਂ ਅਤੇ ਦੂਜੇ ਪਾਸੇ ਰੱਬੀ ਪ੍ਰੀਤ ਵਿੱਚੋਂ ਰੱਬੀ ਪ੍ਰੀਤ ਨੂੰ ਚੁਣਿਆ ਹੈ।

ਆਸਾ

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥੧॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥੨॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥

(ਪੰਨਾ ੪੮੭)

ਨਿਸਤਰਿ—ਚੰਗੀ ਤਰ੍ਹਾਂ ਤਰ ਕੇ। ਉਜਾਗਰ—ਉੱਘਾ। ਕਾਗਰ—ਕਾਗ਼ਜ਼, ਲੇਖੇ। ਨਿਮਤ—ਕਾਰਨ। ਨਾਮਦੇਵ ਦਾ ਵਡੇਰਾ ਕਿਤੇ ਬਾਹਰ ਜਾਂਦਾ ਹੋਇਆ ਨਾਮਦੇਵ ਨੂੰ ਆਗਿਆ ਕਰ ਗਇਆ ਸੀ ਕਿ ਠਾਕਰਾਂ ਨੂੰ ਦੁੱਧ ਪਿਆ ਦੇਣਾ। ਭੋਲਾ ਭਾਲਾ ਨਾਮਦੇਵ ਕਟੋਰੀ ਦੁੱਧ ਦੀ ਭਰ ਹਾਜ਼ਰ ਆ ਹੋਇਆ। ਉਹਦਾ ਇਹ ਖ਼ਿਆਲ ਸੀ ਜੁ ਠਾਕੁਰ ਸੱਚ ਮੁੱਚ ਦੁੱਧ ਪੀ ਲੈਂਦੇ ਹਨ। ਦੁੱਧ ਅੱਗੇ ਧਰ, ਅਰਜ਼ੋਈਆਂ ਕਰਨ ਲੱਗਾ। ਭਰੋਸਾ ਦੇਖ ਨਿਰੰਕਾਰ ਨੇ ਆਪਣਾ ਝਲਕਾ ਉਹਨੂੰ ਦਿੱਤਾ।

ਜਨ ਗਏ ਨਿਸਤਰਿ ਤਰੇ

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾ ਪੜ੍ਹਨ ਕਰਕੇ ਆਮ ਲੋਕੀਂ ਇਹ ਆਖ ਦਿੰਦੇ ਹਨ ਕਿ ਅੱਜ ਤਾਂ ਦਲੀਲ ਦਾ ਜ਼ਮਾਨਾ ਹੈ, ਪਰ ਪਿਆਰ ਵਾਲਿਉ, ਦਲੀਲ ਦਾ ਜ਼ਮਾਨਾ ਤਾਂ ਬਹੁਤ ਪੁਰਾਣਾ ਹੈ। ਵੀਚਾਰ ਵਾਲੇ ਗੁਰ-ਸ਼ਬਦ ਵਿੱਚ ਕਿਤਨੀਆਂ ਸੋਹਣੀਆਂ ਦਲੀਲਾਂ, ਉਦਾਹਰਣਾਂ ਦੇ ਕੇ ਜੀਵ ਨੂੰ ਰੱਬੀ ਬੰਦਗੀ ਵੱਲ ਪ੍ਰੇਰਿਤ ਕੀਤਾ ਹੈ।

ਆਮ ਦੁਨੀਆਂ ਵਿੱਚ ਪਹਿਲਾਂ ਪਰਖ ਕੀਤੀ ਜਾਂਦੀ ਹੈ ਫਿਰ ਜੋ ਤੱਤ ਨਿਕਲੇ ਉਸਨੂੰ ਮੰਨਿਆ ਜਾਂਦਾ ਹੈ, ਪਰ ਧਾਰਮਿਕ ਦੁਨੀਆਂ ਵਿੱਚ ਪਹਿਲਾਂ ਗੱਲ ਵਿਸ਼ਵਾਸ ਦੀ ਤੇ ਮੰਨਣ ਦੀ ਆਉਂਦੀ ਹੈ, ਪਰ ਬੰਦਗੀ ਕਰਕੇ ਤੱਤ ਮਗਰੋਂ ਮਿਲਦਾ ਹੈ। ਇਸ ਲਈ ਹਜ਼ੂਰ ਦੀ ਬੰਦਗੀ ਕਰਕੇ ਕਿਤਨੇ ਰੱਬੀ ਜਨ ਆਪ ਹੀ ਨਹੀਂ ਤਰ ਗਏ ਬਲਕਿ ਅੱਜ ਉਹਨਾਂ ਦੀ ਜ਼ਿੰਦਗੀ ਦੀਆਂ ਉਦਾਹਰਣਾਂ ਮਨੁੱਖਾਂ ਲਈ ਰੱਬੀ ਰਾਹ ਬਣ ਗਈਆਂ ਹਨ। ਗੁਰਬਾਣੀ ਵਿੱਚ ਅਨੇਕਾਂ ਉਦਾਹਰਣਾਂ ਦਿੱਤੀਆਂ ਹਨ ਜਿਵੇਂ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥
ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥

(ਪੰਨਾ ੪੮੭-੮੮)

ਹੋਰ ਅਜਿਹੀਆਂ ਅਨੇਕਾਂ ਉਦਾਹਰਣਾਂ ਸਹਿਜੇ ਮਿਲ ਜਾਂਦੀਆਂ ਹਨ। ਕਿਧਰੇ ਹਜ਼ੂਰ ਪ੍ਰਹਿਲਾਦ, ਧਰੂ, ਦਰੋਪਤੀ, ਬਿਦਰ, ਨਾਮਦੇਵ, ਤ੍ਰਿਲੋਚਨ,

ਸਧਨਾ ਜੀ, ਗਨਿਕਾ, ਅਜਾਮਲ, ਬਾਲਮੀਕ ਜੀ, ਸੈਨ ਜੀ, ਆਦਿਕ ਦਾ ਜ਼ਿਕਰ ਕਰਦੇ ਹਨ, ਇਹ ਸਭ ਹਰੀ ਸਿਮਰਨ ਦੁਆਰਾ ਪ੍ਰਮੇਸ਼ਰ ਜੀ ਦੀ ਗੋਦ ਦਾ ਸ਼ਿੰਗਾਰ ਬਣ ਬੈਠੇ ਹਨ। ਅੱਜ ਵੀ ਜੇਕਰ ਕਿਸੇ ਨੇ ਜਨਮ ਰੱਬ ਦੇ ਲੇਖੇ ਲਾਉਣਾ ਹੈ ਤਾਂ ਹਰ ਤਰ੍ਹਾਂ ਦਾ ਪਾਖੰਡ ਤਿਆਗ ਕੇ ਸਿਰਫ਼ ਇੱਕੋ ਇਕ ਰੱਬੀ ਸਿਫ਼ਤਿ-ਸਾਲਾਹ ਦਾ ਉਤਮ ਪੰਥ ਹੈ, ਜਿਸ ਰਾਹ 'ਤੇ ਤੁਰਿਆਂ ਪ੍ਰਮੇਸ਼ਰ ਜੀ ਦੀ ਪ੍ਰਾਪਤੀ ਸਹਿਜੇ ਹੋ ਜਾਂਦੀ ਹੈ:

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥

(ਪੰਨਾ ੪੮੭)

ਹਰੀ ਦਾ ਸਿਮਰਨ ਭਟਕਦੇ ਮਨ ਦੀ ਸਥਿਰਤਾ ਬਣਾ ਦਿੰਦਾ ਹੈ ਤੇ ਸਿਮਰਨ ਹੀ ਮਨ ਦੀ ਮੈਲ ਧੋ ਕੇ ਆਪਣੇ ਮੂਲ ਦੀ ਪਹਿਚਾਣ ਕਰਵਾ ਕੇ ਸਾਈਂ ਵਿੱਚ ਅਭੇਦ ਕਰ ਦਿੰਦਾ ਹੈ। ਹਰੀ ਦਾ ਸਿਮਰਨ ਕਰਨ ਵਾਲੇ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ। ਉਹਨਾਂ ਦਾ ਆਉਣਾ ਜਾਣਾ ਹੀ ਮੁੱਕ ਜਾਂਦਾ ਹੈ:

ਆਵਣ ਜਾਣ ਰਹੇ ਸੁਖੁ ਪਾਇਆ ॥
ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥ (ਪੰਨਾ ੧੧੫੬)

ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥੧॥ (ਪੰਨਾ ੪੮੭)

ਵਕਤ ਦੇ ਕਾਜ਼ੀਆਂ, ਰਾਜ ਦਰਬਾਰਾਂ, ਪਾਖੰਡੀਆਂ, ਹਾਕਮਾਂ ਸਭ ਨੇ ਰਲ ਕੇ ਉਪਰਾਲੇ ਕੀਤੇ ਕਿ ਭਗਤ ਕਬੀਰ ਸਾਹਿਬ ਜੀ ਦੀ ਵਡਿਆਈ ਨੂੰ ਰੋਲ ਦੇਈਏ ਪਰ ਦੇਖੋ ਨਾਮ ਦੀ ਵਡਿਆਈ, ਕਬੀਰ ਸਾਹਿਬ ਜੀ ਦੀ ਇਤਨੀ ਮਹਾਨਤਾ ਹੈ ਕਿ ਅੱਜ ਉਹਨਾਂ ਦੇ ਉਚਾਰੇ ਬੋਲਾਂ ਨੂੰ ਸੰਸਾਰ ਦੇ ਲੋਕ ਗੁਰੂ ਕਾ ਹੁਕਮ ਜਾਣਕੇ ਪੂਜਦੇ ਹੀ ਨਹੀਂ ਬਲਕਿ ਮੰਨ ਕੇ ਆਪਣਾ ਜੀਵਨ ਉਸ ਅਨੁਸਾਰ ਢਾਲਦੇ ਹਨ। ਜਨਮਾਂ-ਜਨਮਾਂ ਦੇ ਲੇਖੇ ਹੀ ਪਾੜ ਸੁੱਟੇ ਰੱਬ ਨੇ ਅਤੇ ਆਪਣੇ ਕੋਲ ਤਖ਼ਤ 'ਤੇ ਬਿਠਾ ਲਿਆ:

ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥੨॥ (ਪੰਨਾ ੪੮੭)

ਹਰੀ ਦੀ ਬੰਦਗੀ ਕਰਨ ਨਾਲ ਕਿਵੇਂ ਰੱਬੀ ਪਿਆਰ ਵਾਲੇ ਪਾਰ ਹੋ ਗਏ, ਉਸ ਦੀ ਅਸਲੀ ਉਦਾਹਰਣ ਦੇਂਦਿਆਂ ਸਾਹਿਬ ਜੀ ਬਚਨ ਕਰਦੇ ਹਨ ਕਿ ਭਗਤ ਨਾਮਦੇਵ ਜੀ ਨੇ ਰੱਬ ਦੇ ਨਮਿਤ ਦੁੱਧ ਪਿਆ ਕੇ ਜਨਮ ਮਰਨ ਦੇ ਦੁੱਖਾਂ ਦਾ ਗੇੜ ਹੀ ਖ਼ਤਮ ਕਰ ਲਿਆ:

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥
ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥੨॥

(ਪੰਨਾ ੯੨੯)

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ *(ਪੰਨਾ ੨੬੨)*

ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥ *(ਪੰਨਾ ੪੮੭)*

ਹਰੀ ਦਾ ਸੇਵਕ ਜਦੋਂ 'ਹਰਿ ਨਾਮਾ ਹਰਿ ਰੰਙ' ਵਿਚ ਆਪਣੇ ਆਪ ਨੂੰ ਰੰਗ ਲੈਂਦਾ ਹੈ ਤਾਂ ਗੁਰੂ ਦੀ ਕਿਰਪਾ ਦਾ ਸਦਕਾ ਨਰਕ ਵਿੱਚ ਨਹੀਂ ਬਲਕਿ ਉਹ ਤਾਂ ਸਾਈਂ ਦਾ ਰੂਪ ਹੋ ਜਾਂਦੇ ਹਨ। ਜਿਵੇਂ ਨਿਰੰਕਾਰ ਦਾ ਨਾਮ ਲੈਣ ਵਾਲਾ ਨਰਕ ਨਹੀਂ ਜਾਂਦਾ "ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕ ਨ ਜਾਈਐ" ਦੇ ਮਹਾਂਵਾਕ ਅਨੁਸਾਰ ਆਪ ਤਾਂ ਤਰ ਹੀ ਜਾਂਦੇ ਹਨ, ਉਹ ਤਾਂ ਸਗੋਂ ਭੁਲੜਿਆਂ ਨੂੰ ਵੀ ਰਾਹੇ ਪਾ ਜਾਂਦੇ ਹਨ ਕਿ ਨਰਕਾਂ ਤੋਂ ਬਚ ਕੇ ਰੱਬੀ ਗੋਦ ਵਿੱਚ ਜਾਣ ਦੇ ਮਾਰਗ ਦਾ ਨਾਉਂ ਸਿਮਰਨ ਹੈ। ਸਿਮਰਨ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਕਰਵਾ ਦਿੰਦਾ ਹੈ।

ਤੱਤਸਾਰ

"ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥" (ਪੰਨਾ ੨੮੮) ਦੇ ਗੁਰਵਾਕ ਅਨੁਸਾਰ ਸਤਿਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਕਿ ਹੇ ਭਾਈ! ਤੇਰੇ ਕੋਲ ਦੁਨੀਆਂ ਦਾ ਗਿਆਨ ਤਾਂ ਹੋ ਸਕਦਾ ਹੈ, ਕਈ ਕੰਮਾਂ ਵਿੱਚ ਤੇਰੀ ਮੁਹਾਰਤ ਹੋ ਸਕਦੀ ਹੈ, ਪਰ ਇੱਕ ਗੱਲ ਦਾ ਤੈਨੂੰ ਬਿਲਕੁਲ ਵੀ ਤਜਰਬਾ ਨਹੀਂ ਕਿ ਭਵਜਲ ਤੋਂ ਕਿਂਵ ਪਾਰ ਹੋਣਾ ਹੈ। ਇਸ ਗੱਲ ਤੋਂ ਇੱਕ ਨਹੀਂ ਬਲਕਿ ਬਹੁਤ ਗਿਣਤੀ ਵਿੱਚ ਸੰਸਾਰ ਅਨਜਾਣ ਹੈ। ਇਸ ਲਈ ਗੁਰੂ ਦੀ ਮਤਿ ਹੈ ਕਿ "ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪ ਹਰਿ ਭਵਜਲੁ ਤਰਨਾ ॥" (ਪੰਨਾ ੬੭੦) ਭਵਜਲ ਨੂੰ ਤਰਨ ਵਾਸਤੇ ਕੇਵਲ ਤੇ ਕੇਵਲ ਹਰੀ ਦੀ ਬੰਦਗੀ ਹੀ ਸਹਾਈ ਹੁੰਦੀ ਹੈ। ਇਸ ਦਾ ਲੜ ਪਕੜ ਕੇ ਕਿਤਨੇ ਲੋਕ ਪਾਰ ਹੋ ਗਏ ਹਨ, ਕਿਨਕਾ ਮਾਤਰ ਉਦਾਹਰਣਾਂ ਦੇ ਕੇ ਸਪੱਸ਼ਟ ਕੀਤਾ ਹੈ। ਸੋ ਇਸ ਸ਼ਬਦ ਵਿੱਚ ਹਜ਼ੂਰ ਨੇ ਸਪੱਸ਼ਟ ਕੀਤਾ ਹੈ ਕਿ ਬੰਦਗੀ ਹੀ ਇੱਕ ਸੱਚਾ ਸੁੱਚਾ ਰਾਹ ਹੈ ਪ੍ਰਮੇਸ਼ਰ ਜੀ ਦੀ ਪ੍ਰਾਪਤੀ ਲਈ।

ਆਸਾ

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥

(ਪੰਨਾ ੪੮੭)

ਪੁਤਰਾ—ਪੁਤਲਾ। ਪਾਵੈ—ਪ੍ਰਾਪਤ ਕਰਦਾ ਹੈ। ਰਸ ਕਸਹਿ—ਹੋਛੇ ਰਸ। ਸਮਾਨਾ—ਅਭੇਦ। ਬਾਜੀ—ਖੇਡ।

ਕੈਸੇ ਨਚਤੁ ਹੈ

ਸਤਿਗੁਰਾਂ ਨੇ ਜਗਤ ਨੂੰ ਇਕ ਪੁਤਲੀਆਂ ਦਾ ਤਮਾਸ਼ਾ ਬਿਆਨ ਕੀਤਾ ਹੈ। ਇਨ੍ਹਾਂ ਪੁਤਲੀਆਂ ਨੂੰ ਨਚਾ ਨਚਾ ਕੇ ਹਰ ਰੋਜ਼ ਦੀ ਖੇਡ ਨੂੰ ਨਿਰੰਤਰ ਜਾਰੀ ਰੱਖਣ ਵਾਲੇ ਪ੍ਰਮੇਸ਼ਰ ਜੀ ਨੂੰ ਬਾਜ਼ੀਗਰ ਕਿਹਾ ਹੈ :

ਬਾਜੀਗਰ ਡੰਕ ਬਜਾਈ ॥
ਸਭ ਖਲਕ ਤਮਾਸੇ ਆਈ ॥
ਬਾਜੀਗਰ ਸ੍ਵਾਂਗੁ ਸਕੇਲਾ ॥
ਅਪਨੇ ਰੰਗ ਰਵੈ ਅਕੇਲਾ ॥੨॥ *(ਪੰਨਾ ੬੫੫)*

ਜਿਹੜੇ ਜੀਵ ਰੱਬੀ ਇਸ਼ਾਰਿਆਂ 'ਤੇ ਨੱਚਦੇ ਰਹੇ, ਉਨ੍ਹਾਂ ਉੱਤੇ ਕੋਈ ਪਾਪ ਪੁੰਨ, ਕਿਸੇ ਕਰਮ ਦਾ ਦੋਸ਼ ਨਹੀਂ ਲੱਗ ਸਕਿਆ ਕਿਉਂਕਿ ਉਹਨਾਂ ਨੇ ਤਾਂ :

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥
(ਪੰਨਾ ੨੦੬)

ਦੇ ਮਹਾਂਵਾਕ ਅਨੁਸਾਰ ਆਪਣੇ ਆਪ ਨੂੰ ਨਿਰਲੇਪ ਕਰ ਲਿਆ। ਪਰ ਦੂਜੇ ਪਾਸੇ ਇਨ੍ਹਾਂ ਕਠਪੁਤਲੀਆਂ ਵੱਲ ਵੇਖਕੇ ਨੱਚਣ ਵਾਲੇ ਮਾਟੀ ਕੇ ਪੁਤਰੇ ਹਰ ਕਰਮ ਦੇ ਦੋਸ਼ੀ ਬਣ ਗਏ ਕਿਉਂਕਿ ਇਹ ਬਾਜ਼ੀਗਰ ਦੇ ਇਸ਼ਾਰੇ 'ਤੇ ਨੱਚਣ ਦੀ ਬਜਾਇ ਕਠ ਪੁਤਲੀਆਂ ਵੱਲ ਵੇਖਕੇ ਨੱਚਣ ਲੱਗ ਪਏ। ਅਸਲ ਵਿਚ ਇਨ੍ਹਾਂ ਨੇ ਗੁਰੂ ਦੀ ਮਤਿ ਨਾਲ ਜਗਤ ਤਮਾਸ਼ਾ ਨਹੀਂ ਵੇਖਿਆ। ਗੁਰੂ ਨੇ ਆਪ ਜਗਤ ਤਮਾਸ਼ਾ ਵੇਖਿਆ ਅਤੇ ਸਾਨੂੰ ਵੇਖਣ ਦੀ ਜਾਚ ਸਿਖਾਈ। ਜਿਹੜਾ ਜਗਤ ਤਮਾਸ਼ਾ ਵੇਖਦਾ ਇਨ੍ਹਾਂ ਕਾਠ ਦੀਆਂ ਪੁਤਲੀਆਂ ਕੋਲ ਹੀ ਰੁਕ ਗਿਆ, ਉਹ ਤਾਂ ਜਗਤ ਦੀ ਖੇਡ ਵਿਚ ਉਲਝ ਗਿਆ ਪਰ ਜਿਨ੍ਹਾਂ ਨੇ ਗੁਰੂ ਦੀ ਮਤਿ ਲੈ ਕੇ ਖੇਡਣ ਵਾਲਿਆਂ ਦੀ ਬਜਾਇ ਖਿਡਾਉਣ ਵਾਲੇ ਨੂੰ ਖੋਜ ਲਿਆ, ਉਨ੍ਹਾਂ ਨੇ ਸਾਰੀ ਬੁਝਾਰਤ ਨੂੰ ਚੰਗੀ ਤਰ੍ਹਾਂ ਜਾਣ ਲਿਆ :

ਬਾਜੀਗਰਿ ਇਕ ਬਾਜੀ ਪਾਈ ॥
ਪੂਰੇ ਗੁਰ ਤੇ ਨਦਰੀ ਆਈ ॥
ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥੩॥
(ਪੰਨਾ ੧੦੬੧)

ਜਿਹੜਾ ਮਿੱਟੀ ਦਾ ਪੁਤਲਾ, ਕਾਠ ਦੀ ਪੁਤਲੀ ਵੱਲ ਵੇਖਕੇ ਨੱਚਦਾ ਹੈ, ਉਸ ਦੀ ਅਵਸਥਾ ਨੂੰ ਇਸ ਪਵਿੱਤਰ ਸ਼ਬਦ ਵਿਚ ਪ੍ਰਗਟ ਕੀਤਾ ਹੈ :

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥

(ਪੰਨਾ ੪੮੭)

ਸਤਿਗੁਰੂ ਜੀ ਆਖਦੇ ਹਨ ਕਿ ਮਿੱਟੀ ਦਾ ਪੁਤਲਾ ਕਿਸ ਤਰ੍ਹਾਂ ਨੱਚਦਾ ਫਿਰਦਾ ਹੈ ? ਕਾਠ ਕੀ ਪੁਤਲੀ ਵਾਂਗੂੰ ਮਾਲਕ ਦੀਆਂ ਆਗਿਆ ਅਨੁਸਾਰ ਨਹੀਂ, ਸਗੋਂ ਦੁਨੀਆਂ ਨੂੰ ਦੇਖਦਾ ਹੈ, ਜੋ ਕੁਝ ਦੁਨੀਆਂ ਕਰਦੀ ਹੈ ਉਹੋ ਕੁਝ ਇਹੀ ਕਰਦਾ ਹੈ। ਕਿਸੇ ਦਾ ਘਰ ਵੇਖਿਆ, ਉਹੋ ਜਿਹਾ ਆਪਣਾ ਘਰ ਬਣਾਉਣ ਵਾਸਤੇ ਭੱਜਦਾ ਹੈ। ਜਿਹੋ ਜਿਹਾ ਲੋਕਾਂ ਕੋਲ ਸਾਮਾਨ ਦੇਖਦਾ ਹੈ, ਕਿਸੇ ਦੀ ਕਾਰ ਵੇਖੀ, ਕਿਸੇ ਦੀ ਮਾਇਆ ਦੇਖੀ, ਕਿਸੇ ਦੇ ਕੱਪੜੇ ਦੇਖੇ, ਕਿਸੇ ਦੇ ਸੁੱਖਾਂ ਦੇ ਸਾਧਨ ਦੇਖੇ, ਉਹ ਸਭ ਕੁਝ ਮੇਰੇ ਕੋਲ ਵੀ ਹੋਣ, ਬਸ ਇਸੇ ਦੌੜ ਵਿਚ ਭੱਜਣ ਲੱਗ ਪੈਂਦਾ ਹੈ, ਜਦ ਕਿ ਇਸਨੂੰ ਚਾਹੀਦਾ ਸੀ ਕਿ ਲੋਕਾਂ ਵੱਲ ਵੇਖ ਕੇ ਨਹੀਂ ਬਲਕਿ ਆਪਣੀਆਂ ਲੋੜਾਂ ਨੂੰ ਮੁੱਖ ਰੱਖਕੇ ਨੱਚਦਾ, ਫਿਰ ਇਸਦਾ ਨਾਚ ਵੀ ਕਬੂਲਿਆ ਜਾਣਾ ਸੀ।

ਸੁਨੈ ਬੋਲੈ ਦਾ ਅਰਥ ਹੈ ਜਿਵੇਂ ਲੋਕਾਂ ਨੂੰ ਹੰਕਾਰ ਦੀ ਬੋਲੀ ਬੋਲਦਿਆਂ ਨੂੰ ਸੁਣਦਾ ਹੈ ਬਸ ਉਸੇ ਤਰ੍ਹਾਂ ਆਪ ਵੀ ਬੋਲਦਾ ਹੈ। ਸੁਣ ਕੇ ਬੋਲਦਾ ਹੈ, ਆਪਣਾ ਫ਼ਰਜ਼ ਸਮਝ ਕੇ, ਸੋਚ ਕੇ ਜਾਂ ਗੁਰੂ ਜੀ ਨੂੰ ਪੁੱਛ ਕੇ ਸ਼ੁਕਰਾਨੇ ਦੀ ਬੋਲੀ ਨਹੀਂ ਬੋਲਦਾ ਬਲਕਿ ਹੰਕਾਰੀ ਬੋਲੀ ਬੋਲਦਾ ਹੈ। ਦੋ ਹੀ ਚੀਜ਼ਾਂ ਹਨ ਜਿਹੜੀਆਂ ਇਕ ਦੂਜੇ ਤੋਂ ਦੂਰ ਕਰਦੀਆਂ ਹਨ—ਪਹਿਲੀ ਕਰਮ ਹੈ, ਕਰਮਾਂ ਨੇ ਤਾਂ ਰੱਬ ਤੋਂ ਵਿਛੋੜਾ ਪਾ ਦਿੱਤਾ, ਸੰਸਾਰ ਵਿੱਚ ਇਕ ਦੂਜੇ ਤੋਂ ਦੂਰ ਕਰਨਾ ਤਾਂ ਬਹੁਤ ਛੋਟੀ ਗੱਲ ਹੈ। ਦੂਜੀ ਚੀਜ਼ ਹੈ ਹੰਕਾਰ ਦੀ ਬੋਲੀ, ਦੁਰਬਚਨ ਵੀ ਦੂਰੀ ਦਾ ਕਾਰਨ ਬਣਦੇ ਹਨ। ਬਸ ਇਨ੍ਹਾਂ ਦੋ ਚੀਜ਼ਾਂ ਦਾ ਭਟਕਾਇਆ ਜੀਵ ਭਾਵ ਮਿੱਟੀ ਦਾ ਪੁਤਲਾ ਦਉਰਿਓ ਫਿਰਤ ਹੈ। ਇਸ ਮਿੱਟੀ ਦੇ ਪੁਤਲੇ ਦੀ ਦੌੜ ਦਾ ਜ਼ਿਕਰ ਹੋਰ ਵੀ ਅੰਮ੍ਰਿਤ ਬਚਨਾਂ ਵਿੱਚ ਮਿਲਦਾ ਹੈ, ਜਿਵੇਂ :

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥੬੪॥

(ਪੰਨਾ ੧੩੬੭)

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥ (ਪੰਨਾ ੪੮੭)

ਕਾਠ ਕੀ ਪੁਤਲੀ ਅਤੇ ਮਾਟੀ ਕੇ ਪੂਤਰੇ ਵਿੱਚ ਇਹੋ ਵੱਡਾ ਅੰਤਰ ਹੈ।

ਉਹ ਰੱਬ ਦੀ ਨਚਾਈ ਨੱਚਦੀ ਹੋਣ ਕਰਕੇ ਲੋਕਾਂ ਦੀ ਵਾਹ-ਵਾਹ ਮਿਲਣ 'ਤੇ ਹੰਕਾਰੀ ਨਹੀਂ ਹੁੰਦੀ ਕਿਉਂਕਿ ਉਹ ਆਪ ਨਹੀਂ ਨੱਚਦੀ। ਜਦੋਂ ਕੁਝ ਚਲਾ ਜਾਵੇ ਤਾਂ ਨਿਰਾਸ਼ ਨਹੀਂ ਹੁੰਦੀ ਕਿਉਂਕਿ ਇਸ ਵਿੱਚ ਹੀ ਭਲਾ ਹੈ। ਪਰ ਮਾਟੀ ਕਾ ਪੁਤਰਾ ਜਦ ਕੁਝ ਪ੍ਰਾਪਤ ਕਰਦਾ ਹੈ ਭਾਵ ਆਪਣੀ ਦੌੜ ਵਿੱਚੋਂ ਕੁਝ ਦੁਨਿਆਵੀ ਖੱਟੀ ਖੱਟਦਾ ਹੈ ਤਾਂ ਉਹ ਆਪਣੀ ਦੌੜ ਸਮਝ ਕੇ ਹੰਕਾਰੀ ਹੋ ਜਾਂਦਾ ਹੈ, ਜਿਸ ਨਾਲ ਕਰਮਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਜਦੋਂ ਦੌੜ ਅਸਫਲ ਹੋ ਜਾਵੇ ਭਾਵ ਕੁਝ ਪ੍ਰਾਪਤੀ ਨਾ ਹੋਵੇ ਤਾਂ ਹਰ ਵਕਤ ਆਪਣੀ ਨਿਰਾਸਤਾ ਅੱਖਾਂ ਦੇ ਅੱਥਰੂਆਂ ਰਾਹੀਂ ਪ੍ਰਗਟ ਕਰਦਾ ਹੈ। ਕਾਠ ਕੀ ਪੁਤਰੀ ਪ੍ਰਾਪਤੀ ਵੇਲੇ ਸ਼ੁਕਰਾਨਾ ਅਤੇ ਕੁਝ ਗੁਆਚਣ ਵੇਲੇ ਭਾਣਾ ਮੰਨਦੀ ਹੈ। ਪਰ ਮਾਟੀ ਕਾ ਪੁਤਰਾ ਰੱਬ ਦੀਆਂ ਦੋਵੇਂ ਹਾਲਤਾਂ ਵਿੱਚ ਰਾਜ਼ੀ ਨਹੀਂ ਹੁੰਦਾ:

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥ (ਪੰਨਾ ੪੮੭)

ਮਾਟੀ ਕੇ ਪੁਤਰੇ ਨੇ ਮਨ ਕਰਕੇ ਵੀ ਰਸ ਕਸ ਹੀ ਭੋਗੇ, ਬਚਨਾਂ ਰਾਹੀਂ ਵੀ ਰਸਾਂ ਕਸਾਂ ਭਾਵ ਕੂੜ, ਨਿੰਦਾ, ਵਿਕਾਰਾਂ ਦੀਆਂ ਗੱਲਾਂ ਹੀ ਅੱਗੇ ਰੱਖੀਆਂ। ਕਰਮਾਂ ਵਿੱਚ ਵੀ ਕੋਈ ਰੱਬੀ ਝਲਕ ਪੈਦਾ ਕਰਨ ਦੀ ਬਜਾਇ ਉਹ ਹੀ ਕਰਮ ਕਰਦਾ ਰਿਹਾ ਜਿਹੜੇ ਹਉਮੈ ਆਦਿਕ ਦੇ ਰਸ ਅਤੇ ਵਿਕਾਰੀ ਰਸ ਪੈਦਾ ਕਰਦੇ ਰਹੇ। ਮਿੱਟੀ ਦੇ ਪੁਤਲੇ ਨੇ ਆਖ਼ਿਰ ਤਾਂ ਇਕ ਦਿਨ ਟੁੱਟ ਜਾਣਾ ਸੀ। ਦੂਜਾ ਮਿਟੀ ਦੇ ਭਾਂਡੇ ਨੂੰ ਕੋਈ ਟੰਕਾ ਜਾਂ ਮੁਰੰਮਤ ਵੀ ਨਹੀਂ ਕਰਦਾ, ਇਸ ਲਈ ਜਦੋਂ ਸੁੱਟ ਦਿੱਤਾ ਜਾਏ ਫਿਰ ਕੋਈ ਫ਼ਿਕਰ ਵੀ ਨਹੀਂ ਕਰਦਾ। ਇਸੇ ਤਰ੍ਹਾਂ ਦੁਨੀਆਂ ਦੇ ਰਸ ਕਸ ਭੋਗ ਕੇ ਸਾਈਂ ਦੇ ਪਾਸ ਜਾਣ ਦੀ ਬਜਾਏ ਜੂਨੀਆਂ ਦੀ ਭਟਕਣਾ ਵਿੱਚ ਪੈ ਜਾਂਦਾ ਹੈ:

ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ ॥੩॥੬॥ (ਪੰਨਾ ੪੮੭)

ਸ਼ਬਦ ਦੇ ਆਖ਼ਰੀ ਬੰਦ ਵਿੱਚ ਪਾਵਨ ਉਪਦੇਸ਼ ਹੈ ਕਿ ਇਹ ਜਗ ਬਾਜ਼ੀ ਭਾਵ ਇੱਕ ਖੇਡ ਹੈ। ਜਿਨ੍ਹਾਂ ਨੇ ਕਬੀਰ ਸਾਹਿਬ ਜੀ ਦੇ ਬਚਨਾਂ ਮੁਤਾਬਿਕ:

ਬਾਜੀਗਰੀ ਸੰਸਾਰ ਕਬੀਰਾ ॥ (ਪੰਨਾ ੪੮੧)

ਦੇ ਮਹੱਤਵ ਨੂੰ ਸਮਝ ਕੇ ਕਾਠ ਦੀਆਂ ਪੁਤਲੀਆਂ ਭਾਵ ਸੰਸਾਰ ਵੱਲ ਵੇਖਣ ਖੇਡਣ ਦੀ ਬਜਾਇ ਖਿਡਾਉਣ ਵਾਲੇ ਦੀ ਭਾਵਨਾ ਨੂੰ ਸਮਝ ਕੇ ਉਸ ਨਾਲ ਪ੍ਰੀਤ ਪਾ ਲਈ, ਉਹ ਜੀਵਨ ਦੀ ਬਾਜ਼ੀ ਹਾਰ ਗਏ। ਮਾਟੀ ਕੇ ਪੁਤਲੇ ਨੇ ਵੀ ਖੇਡ ਤਾਂ ਖੇਡੀ ਪਰ ਗੁਰੂ ਦੀ ਮਤਿ ਤੋਂ ਬਾਗੀ ਹੋ ਕੇ ਖੇਡ ਕੇ ਆਇਆ

ਹਰ ਪਾਸੇ ਤੋਂ ਹਾਰ ਗਿਆ। ਖੇਡਦਾ ਖੇਡਦਾ ਖੇਡ ਹੀ ਬਣ ਗਿਆ। ਹੁਣ ਖੇਡ ਸਥਿਰ ਨਹੀਂ ਹੁੰਦੀ। ਖੇਡ ਤਾਂ ਪੈਦਾ ਕੀਤੀ ਖ਼ਤਮ ਕੀਤੀ ਦਾ ਸਿਲਸਿਲਾ ਰੋਜ਼ ਚੱਲਦਾ ਰਹਿੰਦਾ ਹੈ ਪਰ ਬਾਜ਼ੀਗਰ ਰੋਜ਼ ਹੀ ਪੈਦਾ ਨਹੀਂ ਹੁੰਦਾ ਅਤੇ ਨਾ ਹੀ ਹਰ ਰੋਜ਼ ਮਰਦਾ ਹੈ, ਉਹ ਤਾਂ ਸਦੀਵ ਸਥਿਰ ਹੈ। ਜਿਨ੍ਹਾਂ ਨੇ ਹੁਕਮ ਦੀਆਂ ਡੋਰੀਆਂ ਪਛਾਣ ਕੇ ਕਹਿ ਦਿੱਤਾ ਕਿ ਮੈਂ ਵੀ ਜੀਵਨ ਦੀ ਡੋਰੀ ਤੈਨੂੰ ਪਕੜਾ ਕੇ ਤੇਰੇ ਇਸ਼ਾਰਿਆਂ 'ਤੇ ਨੱਚਣਾ ਚਾਹੁੰਦਾ ਹਾਂ, ਉਹਨਾਂ ਨੂੰ ਬੱਸ ਇੱਕੋ ਵਾਰੀ ਨੱਚਣਾ ਪੈਂਦਾ ਹੈ। ਉਹ ਆਖਦੇ ਹਨ ਕਿ :

ਪ੍ਰਭ ਡੋਰੀ ਹਾਥਿ ਤੁਮਾਰੇ ॥ *(ਪੰਨਾ ੬੨੬)*

ਤੱਤਸਾਰ

ਜਿਹੜਾ ਜੀਵ ਇਥੇ ਜਗਤ ਦੀ ਖੇਡ ਵਿੱਚ ਪ੍ਰਮੇਸ਼ਰ ਦੇ ਭਾਣੇ ਅਨੁਸਾਰ "ਨਾਚ ਰੇ ਮਨ ਗੁਰ ਕੇ ਆਗੈ" ਹੋ ਕੇ ਨੱਚ ਲੈਂਦਾ ਹੈ, ਉਸ ਦਾ ਨੱਚਣਾ ਵੀ ਕਬੂਲ ਹੋ ਜਾਂਦਾ ਹੈ, ਫਿਰ ਉਸਨੂੰ ਕਦੇ ਮੁੜ ਜੂਨੀਆਂ ਵਿੱਚ ਨਹੀਂ ਨੱਚਣਾ ਪੈਂਦਾ, ਪਰ ਜਿਹੜਾ ਇਥੇ "ਨਚਣ ਕੁਦਣ ਮਨ ਕਾ ਚਾਉ" ਬਣਾ ਕੇ ਨੱਚਿਆ, ਉਹ ਫਿਰ ਅੱਗੇ ਵੀ ਭਗਤ ਕਬੀਰ ਜੀ ਦੇ ਬਚਨ ਅਨੁਸਾਰ:

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥
ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥੨॥
(ਪੰਨਾ ੩੩੬)

ਬੁੱਲ੍ਹੇ ਸ਼ਾਹ ਨੇ ਗੁਰੂ ਅਨਾਇਤ ਨੂੰ ਕਿਸੇ ਗੱਲੋਂ ਨਰਾਜ਼ ਕਰ ਲਿਆ। ਜਦੋਂ ਅਹਿਸਾਸ ਹੋਇਆ ਤਾਂ ਨੱਚ ਕੇ ਭਗਤੀ ਕਰਨ ਵਾਲੀ ਇੱਕ ਮੰਡਲੀ ਨਾਲ ਜਾ ਕੇ ਹੀ ਆਪਣੇ ਗੁਰੂ ਨੂੰ ਨੱਚ ਨੱਚ ਕੇ ਮਨਾ ਲਿਆ ਸੀ।

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

ੴ ਸਤਿਗੁਰ ਪ੍ਰਸਾਦਿ ॥

ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥
ਧੂਪ ਦੀਪ ਨਈਬੇਦਹਿ ਬਾਸਾ ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥
ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥
ਪੂਜਾ ਅਰਚਾ ਆਹਿ ਨ ਤੋਰੀ ॥
ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥

(ਪੰਨਾ ੫੨੫)

ਬਟਾਰਿਓ—ਅਪਵਿੱਤ੍ਰ ਕਰ ਦਿੱਤਾ। ਚਰਾਵਉ—ਚੜ੍ਹਾਵਾ। ਭੁਇਅੰਗਾ—ਸੱਪ। ਨਈਬੇਦਹਿ—ਖਾਣ ਦੀ ਚੀਜ਼ ਨਾਲ, ਖਾਣ ਦੀ ਚੀਜ਼ ਜੋ ਮੂਰਤੀ ਅੱਗੇ ਰਖੀ ਜਾਵੇ, ਉਸਨੂੰ ਨਈਬੇਦ ਆਖਦੇ ਹਨ। ਬਾਸਾ—ਸੁਗੰਧ। ਅਰਚਾ—ਫੁੱਲ ਆਦਿ ਸੁੱਟ ਕੇ ਪੂਜਾ ਕਰਨਾ।

ਪੂਜਾ ਕਹਾ ਲੈ ਚਰਾਵਉ

ਮਾਇਆ ਦੀ ਦੁਨੀਆਂ ਵਿੱਚ ਵਿਚਰਨ ਵਾਲੇ ਲੋਕ, ਮਾਇਆ ਦੀ ਬੋਲੀ ਬੋਲਦੇ, ਮਾਇਆ ਦੀ ਬੋਲੀ ਸੁਣਦੇ ਹਨ। ਮਾਇਆ ਨਾਲ ਵਿਹਾਰ ਹੈ, ਮਾਇਆ ਨਾਲ ਪਿਆਰ ਹੈ, ਮਾਇਆ ਹੀ ਉਨ੍ਹਾਂ ਲੋਕਾਂ ਲਈ ਸਭ ਕੁਝ ਹੈ। ਅਜਿਹਾ ਪੁਰਖ ਇਹ ਵੀ ਭੁੱਲ ਜਾਂਦਾ ਹੈ ਕਿ ਮਾਇਆ ਸਿਰਫ਼ ਸੰਸਾਰ ਵਿੱਚ ਆਪਣੀ ਤਾਕਤ ਵਰਤ ਸਕਦੀ ਹੈ ਪਰ ਨਿਰੰਕਾਰ ਦੇ ਘਰ ਇਕ ਕਉਡੀ ਮੁੱਲ ਨਹੀਂ।

ਧਰਮ ਦਾ ਦਰਵਾਜ਼ਾ ਗੁਰ ਪ੍ਰਸਾਦਿ ਦੀ ਚਾਬੀ ਨਾਲ ਖੁੱਲ੍ਹਦਾ ਹੈ ਪਰ ਗੁਰ ਪ੍ਰਸਾਦਿ ਦੀ ਚਾਬੀ ਇਸ਼ਟ ਦੀ ਖ਼ੁਸ਼ੀ 'ਤੇ ਨਿਰਭਰ ਕਰਦੀ ਹੈ। ਮਨੁੱਖ ਇਸ਼ਟ ਨੂੰ ਖ਼ੁਸ਼ ਕਰਨ ਲਈ ਉਸ ਦੀ ਪੂਜਾ ਕਰਦਾ ਹੈ। ਸੰਸਾਰ ਵਿੱਚ ਦੋ ਤਰ੍ਹਾਂ ਦੀ ਪੂਜਾ ਪ੍ਰਚੱਲਤ ਹੈ। ਇਕ ਹੈ ਜਿਸ ਦੀ ਨਜ਼ਰ ਵਿੱਚ ਸਭ ਕੁਝ ਮਾਇਆ ਹੈ, ਉਹ ਸੰਸਾਰਿਕ ਮਹਿੰਗੀਆਂ ਤੋਂ ਮਹਿੰਗੀਆਂ ਚੀਜ਼ਾਂ ਵੀ ਅਰਪਨ ਕਰਕੇ ਖ਼ੁਸ਼ੀ ਲੈਣੀ ਚਾਹੁੰਦਾ ਹੈ ਪਰ ਮੇਰੇ ਸਾਹਿਬ ਜੀ ਦਾ ਉਪਦੇਸ਼ ਹੈ ਕਿ ਇਸ ਤਰ੍ਹਾਂ ਗੁਰ ਪ੍ਰਸਾਦਿ ਪ੍ਰਾਪਤ ਨਹੀਂ ਹੁੰਦਾ :

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥

(ਪੰਨਾ ੬੪੨)

ਦੂਜੀ ਤਰ੍ਹਾਂ ਦੀ ਪੂਜਾ ਹੈ ਆਪਣਾ ਆਪਾ ਸਮਰਪਿਤ ਕਰਕੇ ਕਬੂਲ ਕਰਨ ਲਈ ਬੇਨਤੀ ਕਰਨਾ। ਇਹ ਔਖਾ ਵੀ ਹੈ ਅਤੇ ਸਾਕਾਰ ਵੀ ਹੈ। ਮਾਇਆਧਾਰੀ ਸਭ ਕੁਝ ਖ਼ਰੀਦਣਾ ਜਾਣਦਾ ਹੈ ਇਸ ਲਈ ਉਹ ਹਰ ਚੀਜ਼ ਖ਼ਰੀਦ ਕੇ ਭੇਟਾ ਕਰਨ ਦਾ ਆਦੀ ਹੋ ਚੁੱਕਾ ਹੁੰਦਾ ਹੈ ਪਰ ਇਥੇ ਗੱਲ ਖ਼ਰੀਦਣ ਨਾਲ ਨਹੀਂ, ਆਪ ਵੀ ਵਿਕਣ ਨਾਲ ਬਣਦੀ ਹੈ। ਇਥੇ ਤਾਂ ਆਪਾ ਵੀ ਵੇਚਣਾ ਪੈਂਦਾ ਹੈ :

ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥

(ਪੰਨਾ ੭੨੮)

ਸਾਬੋ ਕੀ ਤਲਵੰਡੀ ਵਿੱਚ ਇੱਕ ਬਹੁਤ ਸੋਹਣਾ ਵਾਰਤਾਲਾਪ ਇਤਿਹਾਸ ਨੇ ਸੰਭਾਲਿਆ ਹੋਇਆ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਸਿੱਖਾਂ ਉੱਤੇ ਰਹਿਮਤਾਂ ਵਰਸਾਉਣਾ, ਸਭ ਕੁਝ ਵਾਰ ਕੇ ਫਿਰ ਵੀ ਇਹ ਕਹਿਣਾ ਕਿ:

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੇ ਗਰੀਬ ਕਰੋਰ ਪਰੇ ॥

ਗੁਰਸਿੱਖਾਂ ਉੱਤੇ ਗੁਰੂ ਦੀ ਅਜਿਹੀ ਅਥਾਹ ਕਿਰਪਾ ਦੇਖਕੇ ਭਾਈ ਡੱਲਾ ਗੁਰੂ ਜੀ ਦੇ ਚਰਨਾਂ ਵਿੱਚ ਪੀੜ੍ਹੀ ਜਿੰਨੀ ਥਾਂ ਦੀ ਮੰਗ ਕਰਦਾ ਹੈ ਤਾਂ ਮੇਰੇ ਸਾਹਿਬ ਪਾਤਿਸ਼ਾਹ ਜੀ ਆਖਦੇ ਹਨ ਕਿ ਭਾਈ ਡੱਲਿਆ, ਪਰਮਾਰਥ ਅਤੇ ਪਦਾਰਥ ਦੋ ਚੀਜ਼ਾਂ ਹਨ। ਪਦਾਰਥ ਧਨ ਨਾਲ ਵੀ ਪ੍ਰਾਪਤ ਹੋ ਜਾਂਦਾ ਹੈ ਪਰ ਪਰਮਾਰਥ ਕੇਵਲ ਤੇ ਕੇਵਲ ਆਪਾ ਵਾਰਿਆਂ ਹੀ ਮਿਲਦਾ ਹੈ। ਲਾਹੌਰ ਦਾ ਇੱਕ ਸ਼ਰਧਾਲੂ ਬੰਦੂਕ ਲੈ ਕੇ ਹਾਜ਼ਿਰ ਹੋਇਆ। ਸਾਹਿਬ ਜੀ ਨੇ ਨਿਸ਼ਾਨਾ ਪਰਖਣਾ ਚਾਹਿਆ ਤਾਂ ਪਹਿਲਾਂ ਭਾਈ ਡੱਲੇ ਨੂੰ ਤੇ ਉਸ ਦੀ ਫ਼ੌਜ ਨੂੰ ਮੌਕਾ ਦਿੱਤਾ ਕਿ ਬੰਦੂਕ ਦੇ ਸਾਹਮਣੇ ਖਲੋਵੇ ਪਰ ਕੋਈ ਵੀ ਤਿਆਰ ਨਾ ਹੋਇਆ। ਦੂਜੇ ਪਾਸੇ ਗੁਰੂ ਪਿਆਰ ਵਾਲੇ ਭਾਈ ਵੀਰ ਸਿੰਘ, ਭਾਈ ਧੀਰ ਸਿੰਘ ਸੁਨੇਹਾ ਸੁਣਦਿਆਂ ਸਾਰ ਭੱਜੇ ਹੀ ਨਹੀਂ ਆਏ ਬਲਕਿ ਦੋਵੇਂ ਜਣੇ ਇੱਕ ਦੂਜੇ ਤੋਂ ਅੱਗੇ ਹੋ ਕੇ ਆਪਣੀ ਜਿੰਦ ਕੁਰਬਾਨ ਕਰਨ ਲਈ ਤਿਆਰ ਹਨ। ਸਤਿਗੁਰੂ ਜੀ ਨੇ ਸਮਝਾਇਆ ਕਿ ਭਾਈ ਡੱਲਿਆ, ਅਜਿਹੇ ਆਪਾ ਵਾਰਨ ਵਾਲਿਆਂ ਦੀ ਪੂਜਾ 'ਤੇ ਸਤਿਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਫਿਰ ਡੱਲੇ ਨੇ ਅੰਮ੍ਰਿਤ ਛੱਕ ਕੇ ਪਰਮਾਰਥੀ ਖ਼ੁਸ਼ੀ ਹਾਸਿਲ ਕੀਤੀ ਸੀ:

ਤੋਰਉ ਨ ਪਾਤੀ ਪੂਜਉ ਨ ਦੇਵਾ ॥
ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥
ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥
ਐਸੀ ਸੇਵ ਦਰਗਹ ਸੁਖੁ ਪਾਵਉ ॥੩॥ *(ਪੰਨਾ ੧੧੫੮)*

ਪ੍ਰੇਮ ਨਾਲ ਭੇਟ ਕੀਤੀ ਕਉਡੀ ਬਦਲੇ ਵੀ ਗੁਰੂ ਸਰਬ ਨਿਧਾਨ ਦੇ ਸਕਦਾ ਹੈ ਪਰ ਦੂਜੇ ਪਾਸੇ ਕਿਸੇ ਦੇ ਪਾਰਸਾਂ, ਹੀਰਿਆਂ, ਨਗੀਨਿਆਂ ਨੂੰ ਵੀ ਠੋਕਰ ਮਾਰ ਸਕਦਾ ਹੈ। ਭਾਈ ਗੁਰਦਾਸ ਜੀ ਦਾ ਬਚਨ ਹੈ ਕਿ:

"ਭਾਵਨੀ ਭਗਤਿ ਭਾਇ ਕਉਡੀ ਅਮਰ ਭਾਗ ਭਾਖੈ ਤਾਹਿ ਗੁਰੂ ਸਰਬ ਨਿਧਾਨ ਦਾਨ ਦੇਤਿ ਹੈ ॥" ਇਸ ਲਈ ਮੈਂ ਕੀ ਭੇਟਾ ਕਰ ਸਕਦਾ ਹਾਂ ਕਿਉਂਕਿ ਮੇਰੇ ਕੋਲ ਜੋ ਕੁਝ ਵੀ ਹੈ ਉਹ ਸਭ ਕੁਝ ਆਪ ਜੀ ਦਾ ਹੀ ਤਾਂ ਹੈ। ਪਿਆਰੇ ਸਤਿਗੁਰੂ ਜੀ ਦਾ ਬਚਨ ਹੈ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (ਪੰਨਾ ੧੩੭੫)

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥
ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥ (ਪੰਨਾ ੫੨੫)

ਹੇ ਮੇਰੀ ਮਾਂ! ਜਿਹੜਾ ਫੁੱਲ ਮੈਂ ਮਾਲਣ ਨੂੰ ਤੋੜ ਕੇ ਭੇਟਾ ਕਰਦਿਆਂ ਵੇਖਿਆ ਹੈ, ਉਹ ਤਾਂ ਪਹਿਲਾਂ ਹੀ ਭਉਰੇ ਨੇ ਵਰਤਿਆ ਹੋਇਆ ਸੀ। ਹੋਰ ਮੈਨੂੰ ਕੋਈ ਅਜਿਹਾ ਫੁੱਲ ਨਹੀਂ ਮਿਲਿਆ ਜਿਹੜਾ ਮੈਂ ਭੇਟਾ ਕਰਕੇ ਖ਼ੁਸ਼ੀ ਲੈ ਸਕਾਂ। ਮੈਨੂੰ ਦੱਸ ਮੈਂ ਕੀ ਭੇਟਾ ਕਰਾਂ? ਦੁਨਿਆਵੀ ਚੀਜ਼ ਉੱਤੇ ਉਸਦੀ ਭਾਵ ਕਰਤੇ ਪੁਰਖ ਦੀ ਪਹਿਲਾਂ ਹੀ ਮੋਹਰ ਲੱਗੀ ਹੋਈ ਹੈ:

ਤੋਰਉ ਨ ਪਾਤੀ ਪੂਜਉ ਨ ਦੇਵਾ ॥
ਰਾਮ ਭਗਤਿ ਬਿਨੁ ਨਿਹਫਲ ਸੇਵਾ ॥੨॥
ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥
ਐਸੀ ਸੇਵ ਦਰਗਹ ਸੁਖੁ ਪਾਵਉ ॥੩॥ (ਪੰਨਾ ੧੧੫੮)

ਦੂਧੁ ਤ ਬਛਰੈ ਥਨਹੁ ਬਿਟਾਰਿਓ ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥ (ਪੰਨਾ ੫੨੫)

ਸੰਸਾਰੀ ਪਦਾਰਥ ਉਸ ਵਾਹਿਗੁਰੂ ਜੀ ਅੱਗੇ ਮੈਂ ਇਹ ਮੰਨ ਕੇ ਕਿ ਇਹ ਪਵਿੱਤਰ ਹਨ, ਕਿਵੇਂ ਭੇਟਾ ਕਰ ਸਕਦਾ ਹਾਂ, ਜਦੋਂ ਮੈਂ ਪ੍ਰਤੱਖ ਦੇਖ ਰਿਹਾ ਹਾਂ ਕਿ ਦੁੱਧ ਤਾਂ ਪ੍ਰਾਪਤ ਹੀ ਇਸ ਜੁਗਤ ਨਾਲ ਹੁੰਦਾ ਹੈ ਕਿ ਪਹਿਲਾਂ ਬਛਰਾ ਦੁੱਧ ਪੀਂਦਾ ਹੈ, ਬਾਕੀ ਦੁੱਧ ਮਾਲਿਕ ਕੱਢਦਾ ਹੈ, ਜਿਸਨੂੰ ਪਹਿਲਾਂ ਹੀ ਬਛਰੇ ਨੇ ਜੂਠਾ ਕਰ ਦਿੱਤਾ ਹੈ। ਇਸੇ ਤਰ੍ਹਾਂ ਫੁੱਲ ਨੂੰ ਭਉਰੇ ਨੇ ਤੇ ਪਾਣੀ ਨੂੰ ਮੱਛੀ ਨੇ ਬਿਗਾਰ ਦਿੱਤਾ ਹੈ, ਮੈਂ ਇਹ ਕਿਵੇਂ ਭੇਟਾ ਕਰ ਸਕਦਾ ਹਾਂ।

ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
(ਪੰਨਾ ੫੯੬)

ਹੋਣ ਕਰਕੇ ਤੁਸੀਂ ਵਾਹਿਗੁਰੂ ਜੀ ਹਰ ਥਾਂ ਵੱਸਦੇ ਹੋ ਤਾਂ ਫਿਰ ਤੈਨੂੰ ਹੀ ਤੋੜ ਕੇ ਤੇਰੇ ਅੱਗੇ ਹੀ ਭੇਟ ਕਰਨ ਨਾਲ ਨਰਾਜ਼ਗੀ ਤਾਂ ਹੋ ਸਕਦੀ ਹੈ ਪਰ ਮੈਂ ਤਾਂ ਖ਼ੁਸ਼ੀ ਦਾ ਪਾਤਰ ਬਣਨਾ ਸੀ:

ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥ (ਪੰਨਾ ੫੨੫)

ਜੇਕਰ ਮੈਂ ਸੁਗੰਧਿਤ ਵਸਤੂਆਂ ਦੀ ਚੋਣ ਕਰਦਾ ਹਾਂ ਤਾਂ ਚੰਦਨ ਦੀ ਗੱਲ ਪਹਿਲਾਂ ਆਉਂਦੀ ਹੈ ਪਰ ਉਸਦੀ ਸ਼ੀਤਲਤਾ ਦੇ ਕਾਰਨ ਹਰ ਵਕਤ ਸੱਪ ਲਿਪਟੇ ਰਹਿਣ ਕਾਰਨ ਬਿਖ ਤੇ ਅੰਮ੍ਰਿਤ ਇਕੱਠੇ ਹਨ। ਮੈਂ ਚੰਦਨ ਨੂੰ

ਚੰਗਾ ਸਮਝ ਕੇ ਭੇਟਾ ਕਰਾਂ ਤਾਂ ਸੱਪ ਦੀ ਜ਼ਹਿਰ ਵੀ ਨਾਲ ਹੀ ਭੇਟਾ ਹੁੰਦੀ ਹੈ। ਸੱਪ ਦੀ ਜ਼ਹਿਰ ਭੇਟਾ ਕਰਨ ਵਾਲਾ ਖ਼ੁਸ਼ੀ ਕਿਵੇਂ ਪ੍ਰਾਪਤ ਕਰ ਸਕਦਾ ਹੈ ? ਅਜਿਹੀਆਂ ਹੀ ਬਾਕੀ ਸੁਗੰਧਿਤ ਵਸਤੂਆਂ ਨਾਲ ਤੇਰੀ ਪੂਜਾ ਕਿਵੇਂ ਹੋ ਸਕਦੀ ਹੈ। ਇਹ ਧੂਪ ਦੀਪ ਨਈਬੇਦ ਵੀ ਪੂਜਾ ਭੇਟ ਕਰਨ ਦੇ ਯੋਗ ਨਹੀਂ :

ਧੂਪ ਦੀਪ ਨਈਬੇਦਹਿ ਬਾਸਾ ॥
ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥ (ਪੰਨਾ ੫੨੫)

ਹੁਣ ਤੱਕ ਦੀ ਸਮੱਸਿਆ ਦਾ ਹੱਲ ਇਹਨਾਂ ਪੰਗਤੀਆਂ ਵਿੱਚ ਦਿੱਤਾ ਹੈ ਕਿ ਤਨ ਮਨ ਅਰਪ ਕੇ ਤੇਰੀ ਪੂਜਾ ਕਰਾਂ, ਫਿਰ ਗੁਰੂ ਕਿਰਪਾ ਦਾ ਸਦਕਾ ਕਾਲਖ ਤੋਂ ਰਹਿਤ ਵਾਹਿਗੁਰੂ ਜੀ ਦੀ ਪ੍ਰਾਪਤੀ ਕਰ ਲਵਾਂ :

ਤਨੁ ਮਨੁ ਅਰਪਉ ਪੂਜ ਚਰਾਵਉ ॥
ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥ (ਪੰਨਾ ੫੨੫)

ਪੂਜਾ ਤੋਂ ਬਿਨਾਂ ਮੇਰੀ ਗਤੀ ਵੀ ਨਹੀਂ ਹੋ ਸਕਦੀ ਭਾਵ ਤੁਹਾਡੀ ਖ਼ੁਸ਼ੀ ਨਹੀਂ ਮਿਲੇਗੀ ਤੇ ਧਰਮ ਦਾ ਦਰਵਾਜ਼ਾ ਹੀ ਨਾ ਖੁੱਲ੍ਹਿਆ ਤਾਂ ਮੈਂ ਦੀਦਾਰ ਕਿਵੇਂ ਪਾ ਸਕਦਾ ਹਾਂ, ਪਰ ਇਨ੍ਹਾਂ ਜੂਠੀਆਂ ਚੀਜ਼ਾਂ ਨਾਲ ਤੇਰੀ ਪੂਜਾ ਅਰਚਾ ਮੈਂ ਕਿਵੇਂ ਕਰ ਸਕਦਾ ਹਾਂ। ਫਿਰ ਦੁਬਾਰਾ ਇਹੋ ਹੀ ਨਤੀਜਾ ਨਿਕਲਦਾ ਹੈ ਕਿ ਤੇਰੀ ਸੱਚੀ ਪੂਜਾ ਤਾਂ ਬੱਸ ਇੱਕੋ ਤਰ੍ਹਾਂ ਹੋ ਸਕਦੀ ਹੈ, ਉਹ ਇਹ ਹੈ ਕਿ ਇਹ ਚੀਜ਼ਾਂ ਮੈਂ ਬਾਹਰੋਂ ਜੂਠੀਆਂ ਲੈਣ ਦੀ ਬਜਾਇ ਆਪ ਸੁੱਚੀਆਂ ਪੈਦਾ ਕਰਾਂ। ਇਨ੍ਹਾਂ ਦੇ ਪੈਦਾ ਕਰਨ ਦਾ ਇੱਕੋ ਇਕ ਤਰੀਕਾ ਹੈ ਕਿ :

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥
ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥ (ਪੰਨਾ ੪੮੯)

ਤੱਤਸਾਰ

ਪ੍ਰਭੂ ਪ੍ਰਾਪਤੀ ਦੀ ਵਾਰੀ ਨੂੰ ਸਫਲਿਆਂ ਕਰਨ ਲਈ ਕੋਈ ਵੀ ਦੁਨਿਆਵੀ ਵਸਤੂ ਭੇਟਾ ਕਰਕੇ ਗੁਰ ਪ੍ਰਸਾਦਿ ਦੀ ਦਾਤਿ ਹਾਸਿਲ ਨਹੀਂ ਕੀਤੀ ਜਾ ਸਕਦੀ। ਪ੍ਰਭੂ ਦੀ ਪ੍ਰਾਪਤੀ ਤਾਂ ਆਪਾ ਵੇਚ ਕੇ ਹੀ ਕੀਤੀ ਜਾ ਸਕਦੀ ਹੈ :

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥
ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥੩॥
(ਪੰਨਾ ੧੨੬੪)

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ ॥੩॥
ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ ॥੪॥੧॥

(ਪੰਨਾ ੬੫੭-੫੮)

ਅਨਲ—ਪਵਨ। ਅਗਮ—ਬੇਅੰਤ। ਮਇਓਦਧਿ—ਸਮੁੰਦਰ ਰੂਪ। ਨਰਪਤਿ—ਰਾਜਾ। ਅਛਤ—ਹੁੰਦੇ। ਰਾਜ ਭੁਇਅੰਗੁ—ਰੱਸੀ ਨੂੰ ਸੱਪ ਸਮਝਣ ਦਾ ਭੁਲੇਖਾ।

ਭ੍ਰਮੁ ਐਸਾ

ਭਰਮ ਸ਼ਬਦ ਦਾ ਅਰਥ ਹੈ ਅਸਲੀਅਤ ਉੱਤੇ ਪਰਦਾ। ਪਰਦੇ ਦੇ ਕਾਰਨ ਜੋ ਸੱਚ ਹੈ ਉਹ ਦਿੱਸਦਾ ਨਹੀਂ, ਜੋ ਕੁਝ ਦਿੱਸਦਾ ਹੈ ਉਹ ਸੱਚ ਨਹੀਂ। ਸਾਰੇ ਗੁਰੂ ਪੀਰਾਂ ਨੇ ਇੱਕ ਮਤਿ ਹੋ ਕੇ ਹੋਕਾ ਦਿੱਤਾ ਹੈ ਕਿ ਸੰਸਾਰ ਸੱਚ ਨਹੀਂ। ਕਦੇ ਇਸਨੂੰ ਸੁਪਨਾ ਕਿਹਾ ਹੈ, ਕਦੇ ਧੂਏਂ ਦਾ ਪਹਾੜ, ਕਦੇ ਜਲ ਤੇ ਬੁਦਬੁਦਾ, ਕਦੇ ਮ੍ਰਿਗ ਤ੍ਰਿਸ਼ਨਾ, ਕਦੇ ਤਮਾਸ਼ਾ ਭਾਵ ਅਨੇਕਾਂ ਅਜਿਹੇ ਦ੍ਰਿਸ਼ਟਾਂਤਾਂ ਰਾਹੀਂ ਇਹੋ ਹੀ ਸਮਝਾਇਆ ਹੈ ਕਿ ਸੰਸਾਰ ਸਥਿਰ ਨਹੀਂ। ਅਸੀਂ ਵੀ ਰੋਜ਼ ਇਸਨੂੰ ਆਪਣੀਆਂ ਅੱਖਾਂ ਅੱਗੇ ਬਿਨਸਦਾ ਦੇਖਦੇ ਹਾਂ। ਜੀਵ ਸਭ ਕੁਝ ਛੱਡ ਕੇ ਇਕ ਦਿਨ ਤੁਰ ਜਾਂਦਾ ਹੈ, ਇਹ ਸਮਝ ਹੋਣ ਦੇ ਬਾਵਜੂਦ ਵੀ ਜੀਵ ਸੰਸਾਰ ਨੂੰ ਸੱਚ ਸਮਝਦਾ ਹੈ। ਦੂਜੇ ਪਾਸੇ ਇਹ ਵੀ ਗੱਲ ਸੱਚ ਹੈ ਤੇ ਸੌ ਤੱਤਾਂ ਦਾ ਤੱਤ ਹੈ ਕਿ ਪ੍ਰਮੇਸ਼ਰ ਸਦੀਵ ਹੈ ਪਰ ਸਾਨੂੰ ਰੱਬ 'ਤੇ ਸ਼ੱਕ ਹੈ। ਇਹ ਅਜਿਹਾ ਸਭ ਕੁਝ ਭਰਮ ਦੇ ਕਾਰਨ ਹੈ। ਸਾਡੀ ਸਾਰੀ ਭੱਜ-ਦੌੜ, ਸਾਰੀ ਭਟਕਣਾ ਸੰਸਾਰ ਲਈ ਹੈ ਜਿਸ ਵਿੱਚੋਂ ਅੰਤ ਨੂੰ ਸਾਡਾ ਕੁਝ ਵੀ ਨਹੀਂ ਪਰ ਜਿਸ ਦੀ ਯਾਦ ਵਿੱਚ ਗੁਜ਼ਾਰੇ ਇੱਕ ਇੱਕ ਪਲ ਦਾ ਵੀ ਬਹੁਤ ਵੱਡਾ ਮੁੱਲ ਪੈਂਦਾ ਹੈ, ਉਸ ਪ੍ਰਤੀ ਸਾਡੀ ਕਦੇ ਖਿੱਚ ਨਹੀਂ ਬਣਦੀ। ਸਾਹਿਬ ਜੀ ਇਸੇ ਲਈ ਆਖਦੇ ਹਨ ਕਿ :

ਐਸੇ ਭਰਮਿ ਭੁਲੇ ਸੰਸਾਰਾ ॥
ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥ *(ਪੰਨਾ ੬੭੬)*

ਧਰਮ ਧਾਰਨ ਕਰਨ ਦਾ ਅਸਲ ਵਿੱਚ ਅਰਥ ਹੀ ਇਹੋ ਸੀ ਕਿ ਮੈਂ ਭਰਮ ਵਿੱਚ ਜ਼ਿੰਦਗੀ ਨਾ ਗੁਜ਼ਾਰ ਜਾਵਾਂ। ਮੈਂ ਸਤਿਗੁਰੂ ਜੀ ਨਾਲ ਮਿਲ ਕੇ ਧਰਮ ਵਿੱਚ ਜ਼ਿੰਦਗੀ ਗੁਜ਼ਾਰਾਂ, ਕਿਉਂਕਿ ਸਤਿਗੁਰੂ ਨੇ ਤਾਂ ਸਤਿਪੁਰਖ ਨੂੰ ਜਾਣ ਲਿਆ ਹੈ। ਸਤਿਗੁਰੂ ਕੋਲ ਧਰਮ ਹੈ, ਸਤਿਗੁਰੂ ਤਾਂ ਸਗੋਂ ਭਰਮ ਤੋੜਦਾ ਹੈ :

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ *(ਪੰਨਾ ੫੨੨)*

ਮੇਰੇ ਸਤਿਗੁਰੂ ਜੀ ਨੇ ਭਰਮ ਦਾ ਦਰਵਾਜ਼ਾ ਹੀ ਖੋਲ੍ਹਕੇ ਮੈਨੂੰ ਅਸਲੀਅਤ ਤੋਂ ਜਾਣੂੰ ਕਰਵਾ ਦਿੱਤਾ ਹੈ :

ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥

(ਪੰਨਾ ੧੩੪੯)

ਜੀਵ ਦੇ ਅੰਦਰੋਂ ਜਾਤ ਪਾਤ ਦੇ ਵਿਤਕਰੇ, ਮਾਇਆ ਦੀ ਘਾਟ ਵਾਧ ਦੇ ਝਗੜੇ, ਮਜ਼ਹਬਾਂ ਦੇ ਨਾਂ 'ਤੇ ਝਗੜੇ, ਮੇਰ ਤੇਰ ਦੀ ਭਾਵਨਾ, ਵਿਕਾਰਾਂ ਵਿੱਚੋਂ ਬੰਦ ਖਲਾਸੀ ਭਾਵ ਹਰ ਤਰ੍ਹਾਂ ਦੀ ਫਾਹੀ ਤੋੜ ਕੇ ਜੀਵ ਪਰਮਾਰਥੀ ਰਾਹ 'ਤੇ ਤੁਰ ਪੈਂਦਾ ਹੈ। ਉਸਨੂੰ ਕੇਵਲ ਅਤੇ ਕੇਵਲ ਇਕ ਪਰਮੇਸ਼ਰ ਹੀ ਨਜ਼ਰ ਆਉਂਦਾ ਹੈ। ਹੋਰ ਦੂਜੇ ਸਾਰੇ ਭਰਮ ਮਿੱਟ ਜਾਂਦੇ ਹਨ :

ਕਹੁ ਨਾਨਕ ਗੁਰਿ ਖੋਏ ਭਰਮ ॥
ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥ *(ਪੰਨਾ ੮੯੭)*

ਜਿਹੜਾ ਬੰਦਾ ਧਰਮ ਦੀ ਦੁਨੀਆਂ ਵਿੱਚ ਰਹਿੰਦਾ ਹੋਇਆ, ਧਰਮੀ ਬਾਣਾ ਪਾ ਕੇ ਧਰਮ ਦੀਆਂ ਗੱਲਾਂ ਵੀ ਕਰਦਾ ਹੈ ਅਤੇ ਧਾਰਮਿਕ ਗ੍ਰੰਥ ਪੜ੍ਹ ਕੇ ਧਰਮ ਕਰਮ ਵੀ ਕਰਦਾ ਹੈ ਪਰ ਜੇਕਰ ਉਸ ਅੰਦਰ ਦੂਈ ਭਾਵ ਕੋਈ ਵੈਰ ਵਿਰੋਧੀ ਭਾਵਨਾ ਹੈ, ਉਹ ਪੁਰਖ ਅਸਲ ਵਿੱਚ ਧਰਮ ਨਹੀਂ, ਭਰਮ ਹੀ ਕਮਾ ਰਿਹਾ ਹੈ :

ਸਿਮ੍ਰਿਤਿ ਸਾਸਤ ਬੇਦ ਵਖਾਣੈ ॥
ਭਰਮੇ ਭੂਲਾ ਤਤੁ ਨ ਜਾਣੈ ॥ *(ਪੰਨਾ ੧੧੪)*

ਸਤਿਗੁਰੂ ਪਾਤਿਸ਼ਾਹ ਜੀ ਵੀਚਾਰ ਵਾਲੇ ਸ਼ਬਦ ਦੇ ਰਹਾਉ ਵਾਲੇ ਬੰਦ ਵਿੱਚ ਪਾਵਨ ਬਚਨ ਕਰਦੇ ਹਨ ਕਿ :

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ *(ਪੰਨਾ ੬੫੭)*

ਹੇ ਨਿਰੰਕਾਰ ਜੀਉ ! ਭਰਮ ਕਿਹੋ ਜਿਹਾ ਪਰਦਾ ਹੈ ? ਭਾਵ ਅਸਲੀਅਤ ਨੂੰ ਕਿਵੇਂ ਛੁਪਾਈ ਬੈਠਾ ਹੈ। ਪਹਿਲੀ ਗੱਲ ਇਹ ਪਰਦਾ ਹੋ ਕੇ ਵੀ ਪਰਦਾ ਨਹੀਂ ਦਿੱਸਦਾ ਅਤੇ ਅਸਲੀਅਤ ਵੀ ਦਿੱਸਣ ਨਹੀਂ ਦਿੰਦਾ। ਦੂਜੀ ਗੱਲ ਜਿਹੋ ਜਿਹਾ ਨਿਰੰਕਾਰ ਤੇ ਸੰਸਾਰ ਅਸੀਂ ਮੰਨੀ ਬੈਠੇ ਹਾਂ, ਇਹ ਸਾਡਾ ਭਰਮ ਹੈ। ਇਸ ਦੀ ਅਸਲੀਅਤ ਦਾ ਪਤਾ ਗੁਰੂ ਜੀ ਕੋਲੋਂ ਹੀ ਲੱਗਦਾ ਹੈ। ਫਿਰ ਜੀਵ ਦੇ ਅੰਦਰ ਸਿਮਰਨ ਚਲਦਾ ਹੈ :

ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥
ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥

(ਪੰਨਾ ੬੬੬)

ਅਗਲੀਆਂ ਪੰਕਤੀਆਂ ਵਿੱਚ ਫਿਰ ਸੱਚ ਦਰਸਾਇਆ ਹੈ ਕਿ ਜਦੋਂ ਤੱਕ

ਜੀਵ ਦੀ ਆਪਣੀ ਹੋਂਦ, ਹੰਕਾਰ ਹਉਮੈ ਦੀ ਬਣੀ ਹੋਈ ਹੈ, ਉਦੋਂ ਤੱਕ ਰੱਬੀ ਵਾਸਾ ਨਹੀਂ ਹੋਇਆ। ਜਦੋਂ ਰੱਬੀ ਵਾਸਾ ਹੋ ਜਾਵੇ ਤਾਂ ਫਿਰ ਮੈਂ ਨਹੀਂ ਹੁੰਦੀ। ਆਪਾਂ ਕਈ ਵਾਰੀ ਪੜ੍ਹਦੇ ਹਾਂ ਕਿ ਸਾਹਿਬ ਜੀ "ਕਹੁ ਰਵਿਦਾਸ" ਕਹਿ ਕੇ ਸੰਬੋਧਨ ਕਰਦੇ ਹਨ। ਹੁਣ ਜੇ ਪੁੱਛੀਏ ਤੁਸੀਂ ਆਪਣੇ ਆਪ ਨੂੰ ਆਪ ਹੀ ਕਿਵੇਂ ਸੰਬੋਧਨ ਕਰਦੇ ਹੋ, ਸੰਬੋਧਨ ਤਾਂ ਕਿਸੇ ਦੂਜੇ ਨੂੰ ਕੀਤਾ ਜਾਂਦਾ ਹੈ ਤਾਂ ਜਵਾਬ ਮਿਲਦਾ ਹੈ ਕਿ ਭਾਈ, ਹੁਣ ਮੈਂ ਤਾਂ ਹੈ ਹੀ ਨਹੀਂ, ਹੁਣ ਤਾਂ ਕੇਵਲ ਅਬ ਤੂਹੀ ਮੈ ਨਾਹੀ ਦੀ ਅਵਸਥਾ ਬਣ ਗਈ ਹੈ, ਭਾਵ ਹੁਣ ਤਾਂ ਰੱਬ ਹੀ ਬੋਲਦਾ ਹੈ। ਮੈਂ ਤਾਂ ਜਦੋਂ ਬੋਲਦਾ ਸੀ ਉਦੋਂ ਰੱਬ ਨਹੀਂ ਸੀ। ਪਿਆਰਿਓ! ਜਿਸ ਧਰਮੀ ਕਹਾਉਣ ਵਾਲੇ ਦੇ ਵੀ ਅੰਦਰੋਂ ਹਾਲੇ ਖ਼ੁਦ ਦੀ ਗੱਲ ਨਹੀਂ ਮਿਟੀ, ਉਹ ਭਰਮ ਦੀ ਭਟਕਣਾ ਵਿੱਚ ਹੀ ਹੈ। ਦੋ ਗੱਲਾਂ ਇਕੱਠੀਆਂ ਨਹੀਂ ਹੋ ਸਕਦੀਆਂ ਕਿ ਮੇਰੀ ਪੂਜਾ ਮਾਨ ਪ੍ਰਤਿਸ਼ਟਾ ਵੀ ਹੋਵੇ ਤੇ ਮੈਂ ਨਿਰਹੰਕਾਰੀ ਵੀ ਕਹਾਵਾਂ। ਉਹ ਤਾਂ ਗ਼ਰੀਬ ਦੇ ਮੱਥੇ 'ਤੇ ਛੱਤਰ ਧਰਨ ਵਾਲੇ ਦੀ ਵਡਿਆਈ ਕਰਦਾ ਹੈ।

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥

(ਪੰਨਾ ੬੫੭)

ਇਹ ਭਰਮ ਦੂਰ ਹੋ ਗਿਆ ਕਿ ਲਹਿਰਾਂ ਸਮੁੰਦਰ ਦੇ ਕਾਰਨ ਹਨ। ਲਹਿਰਾਂ ਮਿਟ ਸਕਦੀਆਂ ਹਨ ਪਰ ਸਮੁੰਦਰ ਨਹੀਂ। ਲਹਿਰਾਂ ਪਾਣੀ ਕਾਰਨ ਭਰਮ ਹਨ ਤੇ ਸਮੁੰਦਰ ਸੱਚ ਹੈ। ਇਸੇ ਤਰ੍ਹਾਂ ਹਉਮੈ ਕਾਰਨ ਸੰਸਾਰ ਸੱਚ ਦਿੱਸਦਾ ਹੈ ਪਰ ਇਹ ਤਾਂ ਲਹਿਰਾਂ ਹਨ, ਪ੍ਰਮੇਸ਼ਰ ਸਮੁੰਦਰ ਵਾਂਗ ਸੱਚ ਹੈ:

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥

(ਪੰਨਾ ੬੫੭)

ਸੋ ਗਤਿ ਭਈ ਹਮਾਰੀ ਤੋਂ ਭਾਵ ਹੈ ਕਿ ਇਹ ਹਾਲਤ ਸਾਡੀ ਹੈ ਕਿ ਜਿਹੜੇ ਰਾਜੇ ਨੂੰ ਤਖ਼ਤ 'ਤੇ ਬੈਠਿਆਂ ਅਚਾਨਕ ਨੀਂਦ ਆ ਜਾਵੇ, ਫਿਰ ਕੇਵਲ ਨੀਂਦ ਹੀ ਨਹੀਂ ਸੁਪਨਾ ਆ ਜਾਵੇ ਅਤੇ ਸੁਪਨੇ ਵਿੱਚ ਉਹ ਰਾਜਾ ਭਿਖਾਰੀ ਬਣਕੇ ਮੰਗਦਾ ਫਿਰਦਾ ਹੋਵੇ। ਹੁਣ ਰਾਜਾ ਹੈ, ਰਾਜ ਹੈ, ਤਖ਼ਤ ਹੈ, ਦਰਬਾਰ ਹੈ, ਪਰ ਸੁਪਨੇ ਵਾਲਾ ਭਿਖਾਰੀ ਹੈ। ਜੇਕਰ ਕੋਈ ਸੁਪਨੇ ਵਿੱਚੋਂ ਜਗਾ ਦੇਵੇ ਤਾਂ ਰਾਜੇ ਨੂੰ ਅਸਲੀਅਤ ਦਾ ਪਤਾ ਲੱਗ ਜਾਵੇ ਕਿ ਭਾਈ, ਤੂੰ ਘਰ ਘਰ ਮੰਗ ਕੇ ਦੁਖੀ ਕਿਉਂ ਹੋ ਰਿਹਾ ਹੈਂ, ਤੂੰ ਤਾਂ ਖ਼ੁਦ ਰਾਜਾ ਹੈਂ, ਭਿਖਾਰੀ ਕੇਵਲ ਸੁਪਨੇ ਕਾਰਨ ਹੈਂ! ਇਸੇ ਤਰ੍ਹਾਂ ਅਸੀਂ ਭਰਮ ਦੇ ਕਾਰਨ ਭਿਖਾਰੀ ਹਾਂ। ਪਰਮਾਤਮਾ ਨੇ ਤਾਂ ਸਾਨੂੰ ਸਾਰੀ ਕਾਇਨਾਤ ਦਾ ਸਰਦਾਰ ਬਣਾ ਕੇ ਭੇਜਿਆ ਹੈ ਪਰ ਭਰਮ

ਦੇ ਕਾਰਨ ਅਸੀਂ ਜਿਸ ਕਾਇਨਾਤ ਦੇ ਰਾਜੇ ਹਾਂ ਉਸੇ ਕੋਲੋਂ ਮੰਗਦੇ ਫਿਰਦੇ ਹਾਂ। ਸਿਰਫ਼ ਜਿਵੇਂ ਰਾਜੇ ਨੂੰ ਜਗਾਉਣ ਦੀ ਲੋੜ ਹੈ ਫਿਰ ਆਪੇ ਅਸਲੀਅਤ ਜਾਣ ਲਵੇਗਾ, ਇਸੇ ਤਰ੍ਹਾਂ ਸਾਡਾ ਭਰਮ ਤੋੜ ਕੇ ਹਉਮੈ ਦਾ ਪਰਦਾ ਲਾਹੁਣ ਦੀ ਲੋੜ ਹੈ। ਫਿਰ ਪਤਾ ਲੱਗ ਜਾਵੇਗਾ ਕਿ ਜੀਵ ਪ੍ਰਮੇਸ਼ਰ ਦਾ ਹੀ ਰੂਪ ਹੈ ਤੇ ਪ੍ਰਮੇਸ਼ਰ ਹੀ ਅਸਲ ਵਿੱਚ ਰਾਜਾ ਹੈ:

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥
(ਪੰਨਾ ੮੫੬)

ਫਿਰ ਅਸੀਂ ਰਾਜਿਆਂ ਵਾਂਗ ਜ਼ਿੰਦਗੀ ਦਾ ਸੁੱਖ ਲਵਾਂਗੇ, ਭਿਖਾਰੀਆਂ ਵਾਂਗ ਭਟਕਦੇ ਨਹੀਂ ਫਿਰਾਂਗੇ।

ਇਥੇ ਇੱਕ ਗੱਲ ਜ਼ਰੂਰ ਸਮਝਣ ਵਾਲੀ ਹੈ ਕਿ ਸੁਪਨਾ ਕਦੇ ਉਹ ਨਹੀਂ ਆਉਂਦਾ ਜੋ ਅਸਲੀਅਤ ਹੋਵੇ। ਸੁੱਤੇ ਕਿਧਰੇ ਹੁੰਦੇ ਹਾਂ ਤੇ ਭਟਕਦੇ ਕਿਤੇ ਹੁੰਦੇ ਹਾਂ। ਜਾਗਿਆਂ ਪਤਾ ਲੱਗਦਾ ਹੈ ਕਿ ਜਿਥੇ ਮੈਂ ਭਕਟਦਾ ਸਾਂ ਉਹ ਝੂਠ ਹੈ, ਜਿਥੇ ਮੈਂ ਜਾਗਿਆ ਉਹ ਸੱਚ ਹੈ। ਬਸ ਭਰਮ ਅਜਿਹਾ ਹੈ, ਜੋ ਮੈਂ ਸਮਝਦਾ ਹਾਂ ਉਹ ਹਉਮੈ ਦਾ ਭਰਮ ਹੈ ਪਰ ਜਦੋਂ ਮੈਂ ਜਾਗ ਪਿਆ ਫਿਰ ਅਸਲੀਅਤ ਜਾਣ ਲਵਾਂਗਾ ਕਿ ਮੈਨੂੰ ਤਾਂ ਰਾਜ ਪ੍ਰਾਪਤ ਹੈ, ਸਿਰਫ਼ ਹਉਮੈ ਦੇ ਪਰਦੇ ਨੇ ਭਿਖਾਰੀ ਬਣਾਇਆ ਹੋਇਆ ਸੀ:

ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ॥ (ਪੰਨਾ ੧੧੪)

ਪਾਵਨ ਸ਼ਬਦ ਦਾ ਅਗਲੇਰਾ ਬੰਦ ਹੈ ਕਿ:

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥
(ਪੰਨਾ ੬੫੮)

ਰੱਸੀ ਘਰ ਗ੍ਰਿਹਸਥੀ ਵਿੱਚ ਅਨੇਕਾਂ ਕਾਰਜ ਸੁਆਰਦੀ ਹੈ ਤੇ ਰੱਸੀ ਨੂੰ ਸੰਭਾਲ ਕੇ ਵੀ ਰੱਖਦੇ ਹਾਂ ਕਿਉਂਕਿ ਰੱਸੀ ਸੁੱਖ ਦੇਣ ਵਾਲੀ ਹੈ ਪਰ ਹਨੇਰੇ ਕਾਰਨ ਇਹ ਰੱਸੀ ਜ਼ਮੀਨ 'ਤੇ ਪਈ ਸੱਪ ਹੋਣ ਦਾ ਭੁਲੇਖਾ ਬਣ ਗਈ, ਜਿਸ ਕਰਕੇ ਉਸ ਨੂੰ ਸੱਪ ਸਮਝ ਕੇ ਡਰਨ ਲੱਗ ਪਿਆ। ਬੱਸ ਇਸੇ ਤਰ੍ਹਾਂ ਹੋਰ ਅਨੇਕਾਂ ਉਦਾਹਰਣਾਂ ਹਨ ਜਿਨ੍ਹਾਂ ਤੋਂ ਮਿਲਦਾ ਤਾਂ ਸੁੱਖ ਹੈ ਪਰ ਭਰਮ ਦੇ ਹਨੇਰੇ ਕਰਕੇ ਉਨ੍ਹਾਂ ਤੋਂ ਡਰ ਕੇ ਉਲਟਾ ਦੁੱਖ ਸਹੇੜੀ ਬੈਠਾ ਹੈ। ਸਭ ਤੋਂ ਵੱਡਾ ਰੱਬੀ ਨਾਮ ਸੁੱਖ ਦੇਣ ਵਾਲਾ ਹੈ, ਇਹ ਉਸਨੂੰ ਦੁੱਖ ਸਮਝਦਾ ਹੈ, ਰੱਸੀ ਕਾਰਜ ਸੁਆਰਨ ਵਾਲੀ ਸੀ ਪਰ ਇਹ ਵਿਗਾੜਨ ਵਾਲੀ ਸਮਝਦਾ ਹੈ। ਹਰੀ ਦੀ ਬੰਦਗੀ ਸਭ

ਕੁਝ ਲੋਕ ਪ੍ਰਲੋਕ ਸੁਆਰਨ ਵਾਲੀ ਹੈ ਪਰ ਇਹ ਵਾਰ-ਵਾਰ ਕਹਿੰਦਾ ਹੈ ਕਿ ਮੈਥੋਂ ਰਹਿਤ ਨਹੀਂ ਰੱਖੀ ਜਾਣੀ, ਡਰਦਾ ਰਹਿੰਦਾ ਹੈ। ਨਾਲ ਹੀ ਮਿਸਾਲ ਹੈ ਕਿ ਮਨੁੱਖ ਗਹਿਣਿਆਂ ਨੂੰ ਦੇਖਕੇ ਖ਼ੁਸ਼ ਹੁੰਦਾ ਹੈ, ਧਾਤ ਭਾਵੇਂ ਸੋਨੇ ਦੀ ਥਾਂ ਸੋਨੇ ਵਰਗੀ ਹੋਵੇ, ਪਰ ਅਸਲੀਅਤ ਤੋਂ ਜਾਣੂੰ ਸੁਨਿਆਰਾ ਕਦੇ ਗਹਿਣੇ ਨਹੀਂ ਬਲਕਿ ਧਾਤ ਭਾਵ ਸ਼ੁੱਧ ਸੋਨਾ ਦੇਖਕੇ ਖ਼ੁਸ਼ ਹੁੰਦਾ ਹੈ। ਸੁਨਿਆਰੇ ਨੂੰ ਪਤਾ ਹੈ ਕਿ ਗਹਿਣੇ ਤਾਂ ਕੋਈ ਵੀ ਸ਼ਕਲ ਦੇ ਕੇ ਬਣਾ ਸਕਦਾ ਹੈ ਪਰ ਸੋਨਾ ਕੋਈ ਨਹੀਂ ਪੈਦਾ ਕਰ ਸਕਦਾ। ਇਸੇ ਤਰ੍ਹਾਂ ਜਾਤ ਬਰਾਦਰੀਆਂ, ਧਨ ਥੋੜਾ ਬਹੁਤ ਕਦੇ ਕਿਸੇ ਕੋਲ, ਕਦੇ ਕਿਸੇ ਕੋਲ ਹੋ ਸਕਦਾ ਹੈ। ਇਸ ਅਸਲੀਅਤ ਤੋਂ ਜਾਣੂੰ ਜਾਤਾਂ, ਪਾਤਾਂ, ਧਨ ਦੌਲਤ ਜਾਂ ਪਦਵੀ ਦੇਖ ਸਤਿਕਾਰ ਨਹੀਂ ਕਰਦਾ, ਉਹ ਤਾਂ ਰੱਬੀ ਜੋਤਿ ਵਸਦੀ ਵੇਖਕੇ ਸਤਿਕਾਰ ਕਰਦਾ ਹੈ:

ਜਾ ਕੈ ਬਿਨਸਿਓ ਮਨ ਤੇ ਭਰਮਾ ॥
ਤਾ ਕੈ ਕਛੂ ਨਾਹੀ ਡਰੁ ਜਮਾ ॥੩॥ (ਪੰਨਾ ੧੯੬)

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥
ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥
(ਪੰਨਾ ੬੫੮)

ਮੇਰਾ ਸੁਆਮੀ ਏਕ ਤੋਂ ਹੀ ਅਨੇਕ ਹੋ ਕੇ ਸਾਰਿਆਂ ਦੇ ਹਿਰਦਿਆਂ ਵਿੱਚ ਬੈਠਾ, ਉਹ ਹੀ ਸਭ ਕੁਝ ਕਰ ਕਰਵਾ ਰਿਹਾ ਹੈ। ਹੁਣ ਜਦੋਂ ਦਾ ਇਸ ਗੱਲ ਦਾ ਭੇਦ ਖੁੱਲ੍ਹ ਗਿਆ, ਭਾਵ ਹਾਥ ਪੈ ਗਿਆ, ਉਦੋਂ ਦਾ ਜੀਵਨ ਸਹਜ ਵਿੱਚ ਆ ਗਿਆ ਹੈ ਕਿ ਅਸਲ ਵਿੱਚ ਸਭ ਕੁਝ ਪ੍ਰਮੇਸ਼ਰ ਹੀ ਹੈ। ਹੁਣ ਇਹ ਸੰਸਾਰ ਨਿਰੰਕਾਰ ਦਾ ਹੀ ਰੂਪ ਦਿੱਸਦਾ ਹੈ।

ਤੱਤਸਾਰ

ਸਾਡਾ ਭਰਮ ਤੇ ਗੁਰੂ ਦਾ ਧਰਮ ਜਦੋਂ ਟਕਰਾਉਂਦੇ ਹਨ ਤਾਂ ਭਰਮ ਟੁੱਟ ਜਾਂਦਾ ਹੈ ਅਤੇ ਸੱਚ ਪ੍ਰਗਟ ਹੋ ਜਾਂਦਾ ਹੈ। ਗੁਰੂ ਅਰਜਨ ਸਾਹਿਬ ਜੀ ਦਾ ਸੂਹੀ ਰਾਗ ਵਿੱਚ ਬਚਨ ਹੈ ਕਿ ਜਿਸ ਦੀ ਹਉਮੈ ਦੀ ਮੈਲ ਗੁਰੂ ਨੇ ਧੋ ਦਿੱਤੀ ਉਸਨੂੰ ਸੱਚ ਦਾ ਪਤਾ ਲੱਗ ਗਿਆ:

ਜਲ ਤੇ ਊਠਹਿ ਅਨਿਕ ਤਰੰਗਾ ॥
ਕਨਿਕ ਭੂਖਨ ਕੀਨੇ ਬਹੁ ਰੰਗਾ ॥
ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥
ਫਲ ਪਾਕੇ ਤੇ ਏਕੰਕਾਰਾ ॥੨॥
ਸਹਸ ਘਟਾ ਮਹਿ ਏਕੁ ਆਕਾਸੁ ॥

ਘਟ ਫੂਟੇ ਤੇ ਓਹੀ ਪ੍ਰਗਾਸੁ ॥
ਭਰਮ ਲੋਭ ਮੋਹ ਮਾਇਆ ਵਿਕਾਰ ॥
ਭ੍ਰਮ ਛੂਟੇ ਤੇ ਏਕੰਕਾਰ ॥੩॥
ਓਹੁ ਅਬਿਨਾਸੀ ਬਿਨਸਤ ਨਾਹੀ ॥
ਨਾ ਕੋ ਆਵੈ ਨਾ ਕੋ ਜਾਹੀ ॥
ਗੁਰਿ ਪੂਰੈ ਹਉਮੈ ਮਲੁ ਧੋਈ ॥
ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ (ਪੰਨਾ ੭੩੬)

ਸੋਰਠਿ

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥
ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥
ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥
ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥
ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥

(ਪੰਨਾ ੬੫੮)

ਰਾਂਧਿ—ਪਕਾਉਣੀ। ਮਾਧਵੇ—ਹੇ ਪ੍ਰਮੇਸ਼ਵਰ। ਫਾਂਕਿਓ—ਫਾਂਕਾਂ ਕੀਤੀਆਂ। ਜੈਸੀ ਤੈਸੀ—ਜੇਹੋ ਜੇਹੀ। ਪਟਲ—ਪਰਦਾ। ਬਾਢੀ—ਦ੍ਰਿੜ੍ਹ ਕੀਤੀ।

ਮੋਹ ਫਾਸ

ਰੱਬ ਆਪ ਬਹੁਤ ਚੰਗਾ ਹੈ। "ਆਪ ਭਲਾ ਕਰਤੂਤਿ ਅਤਿ ਨੀਕੀ" ਇਸ ਲਈ ਉਸਦੇ ਕੰਮ ਵੀ ਬਹੁਤ ਚੰਗੇ ਹਨ। ਉਸਨੇ ਹਰ ਕੰਮ ਸਾਡੇ ਭਲੇ ਲਈ ਕੀਤਾ ਹੈ, ਪਰ ਸਾਡੀ ਸ਼ੈਤਾਨੀ ਸੋਚ ਨੇ ਅੰਮ੍ਰਿਤ ਨੂੰ ਵੀ ਜ਼ਹਿਰ ਬਣਾ ਲਿਆ। ਉਸਨੇ ਅੰਗੂਰ ਜਾਂ ਗੰਨਾ ਦਿੱਤਾ, ਸਿਆਣੇ ਹੱਥ ਆਇਆ, ਸਿਆਣੇ ਨੇ ਖੰਡ, ਮਿੱਠਾ, ਮਿਸ਼ਰੀ ਤੇ ਹੋਰ ਅਨੇਕਾਂ ਮਿਠੀਆਈਆਂ ਬਣਾ ਕੇ ਮਨੁੱਖਤਾ ਦੀਆਂ ਖੁਸ਼ੀਆਂ ਨੂੰ ਚਾਰ ਗੁਣਾ ਕਰ ਦਿੱਤਾ। ਸ਼ੈਤਾਨ ਨੇ ਹੱਥ ਆਏ ਇਹੋ ਪਦਾਰਥਾਂ ਨੂੰ ਜ਼ਹਿਰ ਭਾਵ ਸ਼ਰਾਬ ਬਣਾ ਦਿੱਤਾ। ਇਸਨੇ ਮਨੁੱਖਤਾ ਦੀਆਂ ਖੁਸ਼ੀਆਂ ਉਜਾੜ ਦਿੱਤੀਆਂ।

ਇਸੇ ਤਰ੍ਹਾਂ ਰੱਬ ਨੇ ਮੋਹ ਪੈਦਾ ਕੀਤਾ ਕਿ ਮੋਹ ਮਮਤਾ ਕਾਰਨ ਜੀਵ ਇਕ ਦੂਜੇ ਦੀ ਜ਼ਿੰਦਗੀ ਵਿੱਚ ਕੰਮ ਆ ਕੇ ਉਸਦੇ ਦੁੱਖਾਂ ਸੁੱਖਾਂ ਦਾ ਸਾਥੀ ਬਣਿਆ ਰਹੇ। ਇਥੇ ਸਾਰੇ ਰਿਸ਼ਤੇ ਮੋਹ ਕਾਰਨ ਹੀ ਹਨ, ਨਹੀਂ ਤਾਂ ਜ਼ਿੰਦਗੀ ਬੇਰਸੀ ਹੋ ਜਾਣੀ ਸੀ। ਹੁਣ ਸਾਨੂੰ ਕਿਸੇ ਦੇ ਦੁੱਖਾਂ ਸੁੱਖਾਂ ਵਿੱਚ ਕੇਵਲ ਮੋਹ ਹੀ ਸ਼ਰੀਕ ਬਣਾਉਂਦਾ ਹੈ, ਨਹੀਂ ਤਾਂ ਕੋਈ ਕਿਸੇ ਲਈ ਕਿਉਂ ਤੜਫ਼ੇ?

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥
ਝੂਠੈ ਮੋਹਿ ਭਰਮਿ ਭੁਲਾਈ ॥੧॥ (ਪੰਨਾ ੩੫੭)

ਹੁਣ ਜਿਹਨਾਂ ਨੂੰ ਇਹ ਗੱਲ ਸਮਝ ਲੱਗ ਗਈ, ਉਹਨਾਂ ਨੇ ਤਾਂ ਰੱਬ ਦਾ ਵੀ ਇਹ ਕਹਿਕੇ ਸ਼ੁਕਰ ਕੀਤਾ ਕਿ ਮੈਂ ਤੈਥੋਂ ਕੁਰਬਾਨ ਜਾਂਦਾ ਹਾਂ। ਜਿਹਨਾਂ ਨੇ ਮੋਹ ਮਿੱਠਾ ਕਰਕੇ ਮੰਨਿਆ ਹੈ ਉਸ ਕਰਕੇ ਜੀਵ ਆਪਣੇ ਅੰਦਰ ਦੀ ਖਿੱਚ ਕਰਕੇ ਹੀ ਇੱਕ ਦੂਜੇ ਦਾ ਮੱਦਦਗਾਰ ਬਣਿਆ ਹੋਇਆ ਹੈ, ਨਹੀਂ ਤਾਂ ਜਿਵੇਂ ਇਹ ਨਾਮ ਜਪਣ ਤੋਂ ਬਾਗ਼ੀ ਬਣਿਆ ਫਿਰਦਾ ਹੈ, ਇਸੇ ਤਰ੍ਹਾਂ ਇਸ ਨੇ ਇੱਕ ਦੂਜੇ ਦੇ ਕੰਮ ਆਉਣ ਵਾਲੇ ਨਿਯਮ ਤੋਂ ਬਾਗ਼ੀ ਹੋ ਜਾਣਾ ਸੀ। ਮੋਹ ਦਾ ਮਿੱਠਾਪਣ ਇਸਦੇ ਆਪਣੇ ਅੰਦਰ ਦੀ ਇੱਕ ਖਿੱਚ ਹੈ। ਜਿਸ ਨਾਲ ਮੋਹ ਨਹੀਂ, ਉਸ ਦੇ ਕੰਮ ਵੀ ਨਹੀਂ:

ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥

(ਪੰਨਾ ੯੧੭)

ਪਰ ਮਨੁੱਖੀ ਸੋਚ ਨੇ ਇਸ ਦੀਆਂ ਖਿੱਚਾਂ ਇਤਨੀਆਂ ਵਧਾ ਦਿੱਤੀਆਂ ਕਿ ਇਹ ਇੱਕ ਫਾਹੀ ਬਣ ਗਿਆ ਜਾਂ ਦੂਜੇ ਸ਼ਬਦਾਂ ਵਿੱਚ ਇੱਕ ਚਿੱਕੜ ਬਣ ਗਿਆ, ਜਿਸ ਵਿੱਚ ਆਪ ਫਸ ਵੀ ਗਿਆ ਤੇ ਦਾਗ਼ੀ ਵੀ ਹੋ ਗਿਆ, ਹੁਣ ਮੋਹ ਫਾਹੀ ਬਣ ਜਾਣ ਕਾਰਨ:

ਜੇਤਾ ਮੋਹੁ ਪਰੀਤਿ ਸੁਆਦ ॥
ਸਭਾ ਕਾਲਖ ਦਾਗਾ ਦਾਗ ॥
ਦਾਗ ਦੋਸ ਮੁਹਿ ਚਲਿਆ ਲਾਇ ॥
ਦਰਗਹ ਬੈਸਣ ਨਾਹੀ ਜਾਇ ॥੩॥ (ਪੰਨਾ ੬੬੨)

ਮੋਹ ਦੀ ਫਾਹੀ ਨੇ ਅੱਗੇ ਜਮ ਦੀ ਫਾਹੀ ਪਵਾ ਦਿੱਤੀ, ਜਮ ਨੇ ਅੱਗੇ ਜਨਮ ਮਰਨ ਦੀ ਫਾਹੀ ਪਾ ਦਿੱਤੀ। ਇਸ ਤਰ੍ਹਾਂ ਜਗਤ ਮੋਹ ਦੀ ਫਾਹੀ ਵਿੱਚ ਭਟਕਦਾ ਹੈ:

ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥੪॥ (ਪੰਨਾ ੩੫੬)

ਇਸ ਮੋਹ ਦੀ ਭਟਕਣਾ ਵਿੱਚ ਡੁੱਬੇ ਹੋਏ ਸੰਸਾਰ ਵਿੱਚੋਂ ਕੋਈ ਪੈਗ਼ੰਬਰੀ ਰੂਹ ਹੀ ਮੁਕਤਿ ਹੁੰਦੀ ਹੈ:

ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥੩॥ (ਪੰਨਾ ੩੫੬)

ਕੋਈ ਵਿਰਲਾ ਅਜਿਹਾ ਪ੍ਰਗਟ ਹੁੰਦਾ ਹੈ ਜਿਹੜਾ ਰੱਬ ਦੇ ਨਾਮ ਨਾਲ ਪਹਿਲਾਂ ਆਪਣੇ ਮੋਹ ਦੀ ਫਾਹੀ ਕੱਟ ਕੇ ਉਸ ਨੂੰ ਮੁੜ ਪ੍ਰੇਮ ਦਾ ਬੰਧਨ ਬਣਾਕੇ ਰੱਬ ਨੂੰ ਹੀ ਭਾਵ ਮੋਹ ਦੀ ਫਾਹੀ ਵਿੱਚ ਪਾਉਣ ਵਾਲੇ ਨੂੰ ਹੀ ਪ੍ਰੇਮ ਦੇ ਬੰਧਨ ਵਿੱਚ ਬੰਨ੍ਹ ਲੈਂਦਾ ਹੈ ਜਿਥੋਂ ਰੱਬ ਵੀ ਨਹੀਂ ਛੁੱਟ ਸਕਦਾ ਕਿਉਂਕਿ ਤੂੰ ਕਿਸੇ ਤਰ੍ਹਾਂ ਵੱਸ ਵਿੱਚ ਨਹੀਂ ਆਉਂਦਾ ਪਰ ਭਗਤਾਂ ਕੋਲ ਤੇਰਾ ਜ਼ੋਰ ਹੋਣ ਕਰਕੇ, ਤੇਰੇ ਜ਼ੋਰ ਦਾ ਹੀ ਭਾਵ ਤੇਰੇ ਭਰੋਸੇ ਦਾ ਹੀ ਬੰਧਨ ਬਣਾਕੇ ਤੈਨੂੰ ਹੀ ਬੰਨ੍ਹ ਲਿਆ ਜਿਸ ਵਿੱਚੋਂ ਹੁਣ ਰੱਬ ਮੁਕਤ ਨਹੀਂ ਹੋ ਸਕਦਾ:

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥ (ਪੰਨਾ ੯੬੨)

ਜਿਸ ਕਰਕੇ "ਬਾਧੈ ਭਗਤ ਨ ਛੂਟੈ ਮੋਹਿ"॥ ਅੰਮ੍ਰਿਤ ਬਚਨ ਦੀਆਂ ਪਹਿਲੀਆਂ ਪੰਕਤੀਆਂ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥
(ਪੰਨਾ ੬੫੮)

ਹੇ ਨਿਰੰਕਾਰ! ਜੇਕਰ ਤੁਸੀਂ ਸਾਨੂੰ ਮੋਹ ਦੀ ਫਾਹੀ ਪਾਈ ਸੀ, ਉਹ ਤਾਂ ਅਸੀਂ ਤੇਰਾ ਨਾਮ ਜਪ ਕੇ ਕੱਟ ਦਿੱਤੀ ਪਰ ਜਿਹੜਾ ਅਸੀਂ ਪ੍ਰੇਮ ਦਾ ਬੰਧਨ ਪਾਇਆ ਹੈ, ਉਹ ਤੁਸੀਂ ਕੱਟ ਨਹੀਂ ਸਕੋਗੇ ਕਿਉਂਕਿ ਇਹ ਲਾਡ ਅਸੀਂ ਤੇਰੇ ਭਰੋਸੇ 'ਤੇ ਹੀ ਲਡਾਇਆ:

ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ (ਪੰਨਾ ੬੫੮)

ਹੇ ਨਿਰੰਕਾਰ ਜੀ! ਤੁਸੀਂ ਹਰ ਜੀਵ ਦੇ ਅੰਦਰ ਦੀ ਜਾਣਦੇ ਹੋ ਇਸ ਲਈ ਇਹ ਵੀ ਜਾਣਦੇ ਹੋ ਕਿ ਸਾਡੀ ਪ੍ਰੀਤ ਕੈਸੀ ਹੈ ਭਾਵ ਇਹ ਉਹ ਪ੍ਰੀਤ ਨਹੀਂ ਜਿਹੜੀ ਕਿ **"ਮਨ ਨਹੀ ਪ੍ਰੀਤ ਮੁਖਹੁ ਗੰਢ ਲਾਵਤ"** ਹੋਵੇ। ਅਜਿਹੀ ਪ੍ਰੀਤ ਹੁੰਦਿਆਂ ਤੁਸੀਂ ਕੀ ਕਰੋਗੇ। ਆਪਣੀ ਪ੍ਰੀਤ ਦੀ ਇੱਕ ਉਦਾਹਰਣ ਦਿੱਤੀ ਹੈ ਕਿ:

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥
(ਪੰਨਾ ੬੫੮)

ਮੱਛੀ ਨੂੰ ਪਕੜ ਕੇ, ਫਾਂਕਾਂ ਕਰਕੇ ਫਿਰ ਅੱਗੇ ਹੋਰ ਟੋਟੇ ਕਰਕੇ, ਮਸਾਲੇ ਲਾ ਕੇ ਫਿਰ ਖਾਣ ਵਾਲੇ ਨੇ ਚਿੱਥ-ਚਿੱਥ, ਦਬਾ-ਦਬਾ ਕੇ ਖਾਧੀ। ਹੈਰਾਨੀ ਦੀ ਗੱਲ, ਜਿਵੇਂ ਮੱਛੀ ਪਾਣੀ ਲਈ ਤੜਫਦੀ ਸੀ, ਉਸ ਤਰ੍ਹਾਂ ਹੀ ਹੁਣ ਮੱਛੀ ਖਾਣ ਵਾਲਾ ਪਾਣੀ ਲਈ ਤੜਫਦਾ ਹੈ। ਥੋੜ੍ਹੇ ਚਿਰ ਮਗਰੋਂ ਫਿਰ ਪਾਣੀ ਸ਼ਾਂਤੀ ਨਾਲ ਨਾ ਬੈਠ ਸਕਦਾ ਹੈ ਅਤੇ ਨਾ ਹੀ ਸੌਂ ਸਕਦਾ ਹੈ। ਇਸ ਤਰ੍ਹਾਂ ਦੀ ਸਾਡੀ ਤੁਹਾਡੇ ਨਾਲ ਪ੍ਰੀਤ ਹੈ, ਭਾਈ ਗੁਰਦਾਸ ਜੀ ਦਾ ਬਚਨ ਹੈ ਕਿ:

ਮਛਲੀ ਦੇ ਪਰਵਾਰ ਜਿਉ ਮਰਣ ਜੀਵਣ ਨਹਿ ਬਿਸਰੈ ਪਾਨੀ ॥

ਹੇ ਵਾਹਿਗੁਰੂ ਜੀ! ਤੁਹਾਡਾ ਸੁਭਾਅ ਅਜਿਹਾ ਹੈ ਕਿ ਤੁਸੀਂ ਪ੍ਰੇਮ ਕਰਨ ਵਾਲੇ ਦੇ ਹੀ ਹੁੰਦੇ ਹੋ। ਤੁਸੀਂ ਤਾਂ ਕੇਵਲ ਪ੍ਰੇਮ ਦੇ ਭੁੱਖੇ ਹੋ। ਇਸੇ ਲਈ **ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥** ਪ੍ਰੇਮ ਕਰਨ ਵਾਲਾ ਤੁਹਾਡੀ ਪ੍ਰਾਪਤੀ ਕਰ ਲੈਂਦਾ ਹੈ, ਨਹੀਂ ਤਾਂ ਰੱਬ ਕਿਸੇ ਦੇ ਪਿਉ ਦਾ ਥੋੜ੍ਹਾ ਹੈ ਕਿ ਜਿਹੜਾ ਮਰਜ਼ੀ ਲੈ ਗਿਆ। ਇਸੇ ਲਈ ਤਾਂ ਸਾਰਾ ਜਗਤ ਮੋਹਿ ਦੇ ਪੜਦੇ ਕਾਰਨ ਫਾਹੀ ਵਿੱਚ ਫਸਿਆ ਬੈਠਾ ਹੈ। ਭਗਤੀ ਨੇ ਮੋਹ ਨੂੰ ਪ੍ਰੇਮ ਵਿੱਚ ਬਦਲ ਦਿੱਤਾ, ਜਿਸ ਕਰਕੇ ਇਹ ਸੰਤਾਪ ਤੇਰੇ ਭਗਤ ਨਹੀਂ ਭੋਗਦੇ, ਉਹ ਤਾਂ ਸਗੋਂ ਹੁਣ ਤੇਰੇ ਨਾਲ ਪ੍ਰੀਤਾਂ ਪਾ ਕੇ ਸਦਾ ਬਸੰਤ ਵਰਗੀ ਜ਼ਿੰਦਗੀ ਦਾ ਅਨੰਦ ਲੈਂਦੇ ਹਨ, ਬਚਨ ਹੈ:

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥

(ਪੰਨਾ ੬੫੮)

ਆਖ਼ਰੀ ਬਚਨ ਹੈ:

ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥
ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥

(ਪੰਨਾ ੬੫੮)

ਹੇ ਨਿਰੰਕਾਰ ਜੀ! ਅਸੀਂ ਤਾਂ ਕੇਵਲ ਆਪ ਜੀ ਦੀ ਭਗਤੀ ਹੀ ਦ੍ਰਿੜ੍ਹ ਕੀਤੀ ਹੈ, ਇਸ ਲਈ ਇਹ ਦੁੱਖ ਅਸੀਂ ਕਿਸੇ ਹੋਰ ਨੂੰ ਨਹੀਂ ਦਸ ਸਕਦੇ ਭਾਵ ਕਿਸਨੂੰ ਦੱਸੀਏ, ਸੋ ਜਿਸ ਕਰਕੇ ਤੁਹਾਡੀ ਬੰਦਗੀ ਕੀਤੀ ਹੈ, ਉਹ ਮੋਹ ਦਾ ਦੁੱਖ ਅਸੀਂ ਜੀਵਾਂ ਨੂੰ ਸਤਾਉਂਦਾ ਹੈ। ਤੁਸੀਂ ਹੁਣ ਕਿਰਪਾ ਕਰਕੇ ਆਪਣੇ ਵਿੱਚ ਅਭੇਦਤਾ ਬਖ਼ਸ਼ੋ।

ਤੱਤਸਾਰ

ਰੱਬੀ ਬੰਦਗੀ ਰੱਬ ਵਿੱਚ ਅਤੇ ਬੰਦਗੀ ਕਰਨ ਵਾਲੇ ਵਿਚਲਾ ਫ਼ਰਕ ਮਿਟਾ ਦਿੰਦੀ ਹੈ। ਦੋਵੇਂ ਇੱਕ ਮਿੱਕ ਹੋ ਜਾਂਦੇ ਹਨ, ਜਿਸ ਨਾਲ ਰੱਬੀ ਸੁਭਾਅ ਦੀ ਪਹਿਚਾਣ ਹੋ ਜਾਂਦੀ ਹੈ। ਰੱਬ ਦਾ ਸੁਭਾਅ ਹੈ ਕਿ:

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥

(ਪੰਨਾ ੧੨੫੨-੫੩)

ਮੇਰੀਆਂ ਪਾਈਆਂ ਹੋਈਆਂ ਫਾਹੀਆਂ ਨੂੰ ਪ੍ਰਮੇਸ਼ਰ ਦਾ ਪਿਆਰਾ ਤਾਂ ਕੱਟ ਕੇ ਮੁਕਤ ਹੋ ਵੀ ਸਕਦਾ ਹੈ ਅਤੇ ਮੁਕਤ ਕਰ ਵੀ ਸਕਦਾ ਹੈ, ਪਰ ਜਿਹੜਾ ਮੇਰਾ ਹੀ ਤਾਣ ਭਾਵ ਜ਼ੋਰ ਲੈ ਕੇ ਮੇਰੇ ਵਾਸਤੇ ਹੀ ਮੇਰੇ ਹੀ ਭਰੋਸੇ ਬੰਧਨ ਬਣਾ ਕੇ ਪਾ ਦਿੱਤਾ, ਮੈਂ ਉਸਨੂੰ ਨਹੀਂ ਤੋੜ ਸਕਦਾ, ਕਿਉਂਕਿ ਇਸ ਨਾਲ ਮੇਰੇ ਪਿਆਰੇ ਦਾ ਭਰੋਸਾ ਟੁੱਟ ਜਾਵੇਗਾ। ਮੈਂ ਉਸਦੇ ਪ੍ਰੇਮ ਬੰਧਨ ਵਿੱਚ ਬੰਨ੍ਹਿਆ ਤਾਂ ਰਹਿ ਸਕਦਾ ਹਾਂ, ਪਰ ਉਸਦਾ ਭਰੋਸਾ ਨਹੀਂ ਤੋੜ ਸਕਦਾ।

ਸੋਰਠਿ

ਦੂਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥
ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ ਰਹਾਉ ॥
ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ
ਬੁਧਿ ਪਰਮਾਰਥ ਪਰਵੇਸ ਨਹੀ ॥੨॥
ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥

(ਪੰਨਾ ੬੫੮)

ਅਬਿਬੇਕੈ—ਵਿਚਾਰ ਤੋਂ ਬਿਨਾਂ। ਸਬਲ—ਬਲ ਵਾਲਾ। ਪਰਵੇਸ—ਪਹੁੰਚ, ਰਸਾਈ, ਦਖ਼ਲ। ਅਚਰੀਅਤ—ਕਰਦੇ। ਪਰਹਰਿ—ਤਿਆਗ ਕੇ। ਕੋਪੁ—ਰੋਸ।

ਬਿਨੁ ਹਰਿ ਭਗਤਿ

ਸੰਸਾਰ ਅੰਦਰ ਦੋ ਤਰ੍ਹਾਂ ਦੀਆਂ ਜੂਨੀਆਂ ਹਨ। ਇਕ ਭੋਗ ਜੂਨੀ, ਜਿਸਨੇ ਕੇਵਲ ਸਮਾਂ ਪਾਸ ਕਰਨਾ ਹੈ ਭਾਵ ਜਨਮ ਅਤੇ ਜੂਨੀਆਂ ਦੇ ਸਮੇਂ ਨੂੰ ਤਹਿ ਕਰਕੇ ਮਨੁੱਖਾ ਜੂਨੀ ਤੱਕ ਪਹੁੰਚਣਾ ਹੈ। ਦੂਜੀ ਕਿਸਮ ਦੀ ਜੂਨੀ ਵਿੱਚ ਕੇਵਲ ਮਨੁੱਖ ਹੈ, ਜਿਸਨੇ ਜੀਵਨ ਦਾ ਸਮਾਂ ਕੇਵਲ ਬਤੀਤ ਨਹੀਂ ਕਰਨਾ ਬਲਕਿ ਪ੍ਰਭੂ ਮਿਲਾਪ ਦੀ ਜ਼ਿੰਮੇਵਾਰੀ ਨੂੰ ਵੀ ਪੂਰਿਆਂ ਕਰਨਾ ਹੈ। ਅਸੀਂ ਸੰਸਾਰ ਵਿੱਚ ਆਮ ਕਰਕੇ ਇਹ ਦੇਖਦੇ ਹਾਂ ਕਿ ਜਿਸ ਦੀ ਜਿੰਨੀ ਵੀ ਜ਼ਿੰਮੇਵਾਰੀ ਜ਼ਿਆਦਾ ਹੁੰਦੀ ਹੈ ਉਤਨੀਆਂ ਹੀ ਉਸ ਨੂੰ ਸਹੂਲਤਾਂ ਵੀ ਜ਼ਿਆਦਾ ਮਿਲਦੀਆਂ ਹਨ। ਅਸਲ ਵਿੱਚ ਤਾਂ ਇਹ ਸਹੂਲਤਾਂ ਇਸ ਲਈ ਜ਼ਿਆਦਾ ਹੁੰਦੀਆਂ ਹਨ ਕਿ ਜ਼ਿੰਮੇਵਾਰ ਹਰ ਜ਼ਿੰਮੇਵਾਰੀ ਨੂੰ ਸਹੀ ਢੰਗ ਅਤੇ ਸੌਖੇ ਤਰੀਕੇ ਨਾਲ ਨਿਭਾਅ ਸਕੇ। ਜਿਸ ਨੇ ਇਹ ਸਭ ਕੁਝ ਸਮਝ ਕੇ ਆਪਣੇ ਸਾਰੇ ਫ਼ਰਜ਼ਾਂ ਦੀ ਪੂਰਤੀ ਕੀਤੀ, ਉਸ ਦਾ ਤਾਂ ਫਿਰ ਉੱਚ ਪੱਧਰ ਉੱਤੇ ਸਨਮਾਨ ਵੀ ਕੀਤਾ ਜਾਂਦਾ ਹੈ ਅਤੇ ਫਿਰ ਸਹੂਲਤਾਂ ਦੀ ਬਜਾਇ ਉਸ ਲਈ ਹਰ ਖ਼ਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ ਜਾਂਦਾ ਹੈ। ਪਹਿਲਾਂ ਵੀ ਉਹ ਜੋ ਕੁਝ ਮੰਗਦਾ ਸੀ ਉਹ ਦਿੱਤਾ ਜਾਂਦਾ ਸੀ, ਪਰ ਹੁਣ ਤਾਂ ਕੋਈ ਲੇਖਾ ਜੋਖਾ ਵੀ ਨਹੀਂ ਕਿਉਂਕਿ ਕਿਸੇ ਵੀ ਫ਼ਰਜ਼ ਵਿੱਚ ਕੁਤਾਹੀ ਨਹੀਂ ਕੀਤੀ।

ਦੂਜੇ ਪਾਸੇ ਅਜਿਹੇ ਲੋਕ ਵੀ ਦੇਖਦੇ ਹਾਂ ਜਿਹੜੇ ਕਿਸੇ ਜ਼ਿੰਮੇਵਾਰ ਦੀ ਕੁਰਸੀ 'ਤੇ ਬੈਠਕੇ ਸਹੂਲਤਾਂ ਵਿੱਚ ਹੀ ਉਲਝ ਕੇ ਆਪਣੇ ਫ਼ਰਜ਼ ਦੀ ਪਹਿਚਾਣ ਭੁੱਲ ਜਾਂਦੇ ਹਨ। ਸਹੂਲਤਾਂ ਤਾਂ ਦਿਨ ਰਾਤ ਹੋਰ ਤੋਂ ਹੋਰ ਮੰਗਦੇ ਰਹਿੰਦੇ ਹਨ, ਪਰ ਫ਼ਰਜ਼ਾਂ ਪ੍ਰਤੀ ਸੁਚੇਤ ਨਹੀਂ ਹੁੰਦੇ। ਜੇਕਰ ਕੋਈ ਚੇਤਾ ਵੀ ਕਰਵਾਵੇ ਤਾਂ ਸਗੋਂ ਉਸ ਤੋਂ ਵੀ ਬਾਗ਼ੀ ਹੋ ਜਾਂਦੇ ਹਨ। ਅਜਿਹੇ ਲੋਕ ਫਿਰ ਸਨਮਾਨ ਦੀ ਥਾਂ ਅਪਮਾਨ ਦੇ ਭਾਗੀ ਬਣਦੇ ਹਨ। ਉਹਨਾਂ ਕੋਲੋਂ ਫਿਰ ਸਗੋਂ ਹਰ ਸਹੂਲਤ ਦਾ ਵੀ ਲੇਖਾ ਜੋਖਾ ਲਿਆ ਜਾਂਦਾ ਹੈ। ਬੱਸ ਇਹੋ ਜਿਹੀ ਹੀ ਵਿਚਾਰ ਦਾਸ ਨੂੰ ਤੁੱਛ ਮਾਤਰ ਗੁਰੂ ਬਖ਼ਸ਼ੀ ਅਕਲ ਨਾਲ ਲੱਭੀ ਹੈ। ਮੁਬਾਰਿਕ ਬਚਨ ਵਿੱਚ ਦਿੱਤੇ ਗਿਆਨ ਦਾ ਅੰਤ ਨਹੀਂ, ਪਰ ਮੇਰੀ ਮਤਿ ਥੋਰੀ ਹੋਣ ਕਰਕੇ ਮੈਨੂੰ ਸਮਝ ਹੀ ਇਤਨਾ ਆਇਆ ਹੈ। ਆਉ ਇਸ ਵੀਚਾਰ ਦੇ ਇਰਦ ਗਿਰਦ ਰਹਿ ਕੇ ਹੀ ਇਸ ਅੰਮ੍ਰਿਤ ਬਚਨ ਦੀ ਵੀਚਾਰ ਕਰੀਏ :

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥
(ਪੰਨਾ ੬੫੮)

ਜਿਤਨਾ ਬਿਖਮ ਰੱਬ ਦੀ ਪ੍ਰਾਪਤੀ ਕਰਨਾ ਹੈ ਉਤਨਾ ਹੀ ਦੁੱਲਭ ਇਹ ਮਨੁੱਖਾ ਜਾਮਾ ਜੀਵ ਨੂੰ ਬਖ਼ਸ਼ਿਆ ਕਿਉਂਕਿ ਮਹਿੰਗੀ ਚੀਜ਼ ਦਾ ਮੁੱਲ ਵੀ ਮਹਿੰਗਾ ਹੁੰਦਾ ਹੈ। ਮਨੁੱਖੀ ਜਾਮੇ ਵਿੱਚ ਜੀਵ ਨੂੰ ਦੁੱਖਾਂ, ਭੁੱਖਾਂ, ਆਲ੍ਹਣਿਆਂ ਅਤੇ ਖੁੱਡਾਂ ਵਿੱਚੋਂ ਕੱਢ ਕੇ ਅਤਿਅੰਤ ਸੁੱਖਾਂ ਭਰਿਆ ਜੀਵਨ ਬਖ਼ਸ਼ਿਆ। ਬਹੁਤ ਸੁਹਣੇ ਘਰ, ਕਾਇਨਾਤ ਵਿੱਚ ਕਰਤੇ ਪੁਰਖ ਨੇ ਅਨੇਕਾਂ ਤਰ੍ਹਾਂ ਦੇ ਸ਼ਿੰਗਾਰ ਕਰਕੇ ਕੁਦਰਤਿ ਨੂੰ ਸ਼ਿੰਗਾਰਿਆ। ਹੋਰ ਖਾਣ ਪੀਣ, ਰਹਿਣ-ਸਹਿਣ, ਹਰ ਗੱਲ ਤੋਂ ਉੱਚਾ ਚੁੱਕ ਕੇ ਹਰ ਤਰ੍ਹਾਂ ਦੀ ਸਹੂਲਤ ਦਿੱਤੀ, ਪਰ ਇਹ ਸਭ ਕੁਝ ਇਸ ਲਈ ਸੀ ਕਿ ਇਹ ਪ੍ਰਭੂ ਪ੍ਰਾਪਤੀ ਦੀ ਜ਼ਿੰਮੇਵਾਰੀ ਨੂੰ ਸਮਝ ਕੇ ਨਿਭਾਅ ਸਕੇ, ਬੰਦਗੀ ਕਰਕੇ ਅਭੇਦ ਹੋ ਸਕੇ, ਪਰ ਮਨੁੱਖ ਸਭ ਕੁਝ ਭੁੱਲ ਕੇ ਕੇਵਲ ਸਹੂਲਤਾਂ ਵਿੱਚ ਹੀ ਉਲਝ ਗਿਆ। ਇਹ ਤਾਂ ਚੇਤੇ ਹੈ ਕਿ ਮੇਰੇ ਕੋਲ ਕੀ ਨਹੀਂ ਤੇ ਮੈਂ ਮੰਗਣਾ ਹੈ, ਪਰ ਪ੍ਰਭੂ ਦਾ ਨਾਮ ਭੁੱਲ ਗਿਆ। ਰੱਬ ਨੇ ਫਿਰ ਤਰਸ ਕਰਕੇ ਇਸਨੂੰ ਗੁਰੂ ਦਿੱਤਾ, ਜਿਹੜਾ ਸਹੂਲਤਾਂ ਵੀ ਦੇਵੇਗਾ, ਪਰ ਨਾਲ ਹੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਕਰਵਾਵੇਗਾ, ਪਰ ਇਹ ਸਹੂਲਤਾਂ ਹੀ ਮੰਗਦਾ ਰਿਹਾ, ਜ਼ਿੰਮੇਵਾਰੀ ਭਾਵ ਬੰਦਗੀ ਲਈ ਇਸ ਕੋਲ ਵਕਤ ਨਹੀਂ ਰਹਿੰਦਾ ਰਿਹਾ। ਕੁਝ ਅਜਿਹੇ ਲੋਕ ਵੀ ਗੁਰੂ ਕੋਲ ਆਉਂਦੇ ਦੇਖਦਾ ਹੈ ਜਿਹੜੇ ਦਿੱਤੀਆਂ ਸਹੂਲਤਾਂ ਦਾ ਧੰਨਵਾਦ ਵੀ ਕਰਦੇ ਹਨ ਅਤੇ ਫ਼ਰਜ਼ਾਂ ਦੀ ਵੀ ਪੂਰਤੀ ਕਰਦੇ ਹਨ, ਪਰ ਇਹ ਗੁਰੂ ਕੋਲੋਂ ਵੀ ਬਾਗ਼ੀ ਹੋ ਗਿਆ। ਹੁਣ ਬੰਦਗੀ ਤੋਂ ਟੁੱਟੇ ਨੂੰ ਮਾਲਿਕ ਸਵਾਲ ਪੁੱਛਦਾ ਹੈ ਕਿ ਇਤਨਾ ਦੁਲਭ ਜਨਮ ਪਾ ਕੇ ਰਾਜਿਆਂ ਵਰਗੇ ਤਖ਼ਤ ਤੇ ਘਰਾਂ ਵਿੱਚ ਰਹਿ ਕੇ ਮੌਜਾਂ ਮਾਨਣ ਵਾਲਿਆ, ਭਗਤੀ ਤੋਂ ਬਿਨਾਂ ਇਹ ਕਿਸ ਲੇਖੇ ਹਨ? ਬਿਨਾਂ ਵੀਚਾਰ ਤੋਂ ਅਜਾਈਂ ਗਵਾ ਰਿਹਾ ਹੈਂ:

ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥
ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥
(ਪੰਨਾ ੭੦੭)

ਅੱਗੇ ਪਾਵਨ ਪਵਿੱਤਰ ਬਖ਼ਸ਼ਿਸ਼ ਹੈ ਕਿ:

ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥
ਜਿਹ ਰਸ ਅਨਰਸ ਬੀਸਰਿ ਜਾਹੀ ॥੧॥ ਰਹਾਉ ॥ *(ਪੰਨਾ ੬੫੮)*

ਜਿਹੜੇ ਰਸਾਂ ਵਿੱਚ ਤੂੰ ਉਲਝ ਗਿਆ ਇਹ ਤਾਂ ਕੁਝ ਵੀ ਨਹੀਂ, ਜੇ ਕਿਧਰੇ ਰੱਬ ਦੀ ਭਗਤੀ ਦਾ ਰਸ ਮਾਣ ਲੈਂਦਾ, ਫਿਰ ਤੈਨੂੰ ਇਹ ਰਸ ਵਿਸਰ ਜਾਣੇ

ਸਨ। ਰੱਬੀ ਬੰਦਗੀ ਦਾ ਰਸ ਹੋਰ ਸਾਰੇ ਵਿਕਾਰੀ ਰਸਾਂ ਤੋਂ ਕਿਤੇ ਮਹਾਨ ਉੱਤਮ ਰਸ ਹੈ :

ਆਨ ਰਸਾ ਜੇਤੇ ਤੈ ਚਾਖੇ ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥
ਚਾਖਤ ਹੋਇ ਰਹਹਿ ਬਿਸਮਾਦੁ ॥੧॥ (ਪੰਨਾ ੧੮੦)

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥
(ਪੰਨਾ ੬੫੮)

ਇੱਕ ਉਹ ਅਨਜਾਣ ਹੁੰਦੇ ਹਨ ਜਿਹਨਾਂ ਕੋਲ ਜਾਣਕਾਰੀ ਨਾ ਹੋਵੇ, ਪਰ ਦੂਜੇ ਅਨਜਾਣ ਉਹ ਹੁੰਦੇ ਹਨ ਜਿਹੜੇ ਜਾਣ ਬੁਝ ਕੇ ਅਨਜਾਣ ਬਣ ਜਾਣ। ਸਾਹਿਬ ਆਖਦੇ ਹਨ ਕਿ ਤੂੰ ਭਾਈ ਜਾਣਦਾ ਬੁਝਦਾ ਹੋਇਆ ਅਨਜਾਣ ਹੈਂ ਇਸ ਲਈ ਸਜ਼ਾ ਦਾ ਹੱਕਦਾਰ ਹੈਂ। ਭਗਤੀ ਕਰਾਂ ਕਿ ਹਾਲੇ ਹੋਰ ਠਹਿਰ ਕੇ ਕਰਾਂ, ਇਸ ਸੋਚ ਅਸੋਚ ਵਿੱਚ ਹੀ ਦਿਵਸ ਭਾਵ ਜ਼ਿੰਦਗੀ ਬਤੀਤ ਹੋ ਰਹੀ ਹੈ। ਜਿਹਨਾਂ ਨੂੰ ਵੀਚਾਰਾਂ ਨਾਲ ਨਿਰਬਲ ਕਰਨਾ ਸੀ ਉਹਨਾਂ ਨੂੰ ਤਾਕਤਵਰ ਕਰਨ ਵਿੱਚ ਲੱਗਿਆ ਹੋਇਆ ਹੈਂ ਅਤੇ ਜਿਸਨੂੰ ਤਾਕਤਵਰ ਕਰਨਾ ਸੀ ਉਸਨੂੰ ਕਮਜ਼ੋਰ ਕਰਨ ਲੱਗਿਆ ਹੋਇਆ ਹੈਂ ਜਿਸ ਕਰਕੇ ਪਰਮਾਰਥ ਤੱਕ ਪਹੁੰਚ ਨਹੀਂ ਪਹੁੰਚਦੀ। ਆਖ਼ਰੀ ਬਚਨ :

ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥ (ਪੰਨਾ ੬੫੮)

ਹੇ ਰੱਬਾ ! ਇਸ ਜੀਵ ਨੇ ਪਾਪਾਂ ਦੀ ਉਦੋਂ ਹੱਦ ਕਰ ਦਿੱਤੀ ਜਦੋਂ ਇਹ ਇੱਕ ਪਾਸੇ ਤਾਂ ਬੰਦਗੀ ਦੀ ਜ਼ਿੰਮੇਵਾਰੀ ਤੋਂ ਬਾਗ਼ੀ ਹੈ, ਆਪਣਾ ਫ਼ਰਜ਼ ਨਹੀਂ ਪਹਿਚਾਣਦਾ, ਦੂਜੇ ਪਾਸੇ ਫਿਰ ਕਹਿੰਦਾ ਕੁਝ ਹੋਰ ਹੈ ਅਤੇ ਕਰਦਾ ਕੁਝ ਹੋਰ ਹੈ ਭਾਵ ਕਰਦਾ ਪਾਪ ਹੈ ਪਰ ਪ੍ਰਗਟ ਪੁੰਨ ਕਰਦਾ ਹੈ। ਵਾਹਿਗੁਰੂ ਜੀ ! ਇਹ ਅਸਲ ਵਿਚ ਹੱਕਦਾਰ ਤਾਂ ਸਜ਼ਾ ਦਾ ਹੈ, ਪਰ ਫਿਰ ਵੀ ਮੈਂ ਇਸ ਦੀ ਥਾਂ 'ਤੇ ਅਰਦਾਸ ਕਰਦਾ ਹਾਂ ਕਿ ਹੇ ਨਿਰੰਕਾਰ ! ਆਪਣਾ ਕੋਪ ਛੱਡਕੇ ਇਸ ਪਰ ਦਇਆ ਹੀ ਕਰੋ। ਰਵਿਦਾਸ ਜੀ ਮਹਾਰਾਜ ਆਖਦੇ ਹਨ ਕਿ ਇਸ ਵੱਲ ਦੇਖਕੇ ਮੇਰਾ ਚਿੱਤ ਉਦਾਸ ਹੈ ਕਿ ਇਸ ਨੇ ਜ਼ਿੰਮੇਵਾਰੀ ਨਹੀਂ ਨਿਭਾਈ, ਪਰ ਤੁਸੀਂ ਇਸਨੂੰ ਇਹ ਸਵਾਲ ਕਿ "ਬਿਨੁ ਹਰਿ ਭਗਤਿ ਕਹਹੁ ਕਿਹ ਲੇਖੇ" ਪੁੱਛਣ ਦੀ ਬਜਾਇ ਦਇਆ ਕਰਕੇ ਬਖ਼ਸ਼ ਲਵੋ ਜੀ।

ਤੱਤਸਾਰ

ਗੁਰੂ ਪਿਆਰ ਵਾਲਿਓ! ਆਪਾਂ ਸੋਚੀਦਾ ਹੈ ਕਿ ਅਜਿਹਾ ਮਹਾਨ ਸਤਿਗੁਰੂ ਹੋਰ ਕੌਣ ਹੋ ਸਕਦਾ ਹੈ ਜਿਹੜਾ ਜ਼ਿੰਮੇਵਾਰੀ ਦਾ ਅਹਿਸਾਸ ਵੀ ਕਰਵਾਉਂਦਾ ਹੈ ਅਤੇ ਨਾਲ ਹੀ ਰੱਬ ਦੇ ਦਰ 'ਤੇ ਸਾਡੀ ਅਰਦਾਸ ਵੀ ਕਰਦਾ ਹੈ ਕਿ ਇਹ ਤਾਂ ਕਰਦਾ ਕੁਝ ਹੋਰ ਤੇ ਕਹਿੰਦਾ ਕੁਝ ਹੋਰ ਹੈ, ਇਸ ਲਈ ਇਸਨੂੰ ਬਖ਼ਸ਼ ਲਵੋ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ:

ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥

(ਪੰਨਾ ੧੩੦੧)

ਮਾਰੂ

ਸੁਖ ਸਾਗਰ ਸੁਰਿਤਰੁ ਚਿੰਤਾਮਨਿ
ਕਾਮਧੇਨ ਬਸਿ ਜਾ ਕੇ ਰੇ ॥
ਚਾਰਿ ਪਦਾਰਥ ਅਸਟ ਮਹਾ ਸਿਧਿ
ਨਵ ਨਿਧਿ ਕਰ ਤਲ ਤਾ ਕੈ ॥੧॥
ਹਰਿ ਹਰਿ ਹਰਿ ਨ ਜਪਸਿ ਰਸਨਾ ॥
ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥
ਨਾਨਾ ਖਿਆਨ ਪੁਰਾਨ ਬੇਦ
ਬਿਧਿ ਚਉਤੀਸ ਅਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥
ਸਹਜ ਸਮਾਧਿ ਉਪਾਧਿ ਰਹਤ
ਹੋਇ ਬਡੇ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਉਦਾਸ ਦਾਸ
ਮਤਿ ਜਨਮ ਮਰਨ ਭੈ ਭਾਗੀ ॥੩॥੨॥੧੫॥

(ਪੰਨਾ ੧੧੦੬)

(ਇਹ ਸ਼ਬਦ ਸੋਰਠਿ ਰਾਗ ਵਿਚ ਵੀ ਆ ਚੁੱਕਾ ਹੈ।

ਅਸਟ ਮਹਾ ਸਿਧਿ—ਅਠਾਰਾਂ ਸਿੱਧੀਆਂ ਵਿੱਚੋਂ ਅੱਠ ਵੱਡੀਆਂ ਸਿੱਧੀਆਂ। ਉਦਾਸ ਦਾਸ ਮਤਿ—ਦਾਸ ਦੀ ਮਤਿ ਸੰਸਾਰ ਵੱਲੋਂ ਉਪਰਾਮ ਹੋ ਗਈ ਹੈ।

ਸੁਰਿਤਰੁ—ਕਲਪ ਬ੍ਰਿੱਖ। ਨਵ ਨਿਧਿ—ਨੌ ਖ਼ਜ਼ਾਨੇ। ਧਨ ਦੇ ਦੇਵਤਾ ਕੁਬੇਰ ਦੇ ਨੌ ਖ਼ਜ਼ਾਨੇ ਹਨ, ਭਾਵ ਸਭ ਬਰਕਤਾਂ ਤੋਂ ਹੈ। ਕਰ ਤਲ—ਹੱਥ ਦੀ ਤਲੀ। ਖਿਆਨ—ਪ੍ਰਸੰਗ। ਬਿਧਿ—ਬ੍ਰਹਮਾ। ਚਉਤੀਸ ਅਛਰ—ਦੇਵ ਨਾਗਰੀ ਵਿਯੰਜਨਾਂ ਵਿੱਚੋਂ ਥ ਸ਼ ਛੱਡ ਕੇ ਤਿੰਨ ਹਸ੍ਵ ਸ੍ਵਰ ਅ ਇ ਤ ਮਿਲਾਇਆਂ ਚੌਂਤੀ ਅੱਖਰ ਬਣਦੇ ਹਨ, ਇਹ ਲਗਭਗ ਪ੍ਰਾਕ੍ਰਿਤ ਦੀ ਵਰਣਮਾਲਾ ਸੀ। ਬਿਆਸ ਬੀਚਾਰਿ—ਭਾਗਵਤ ਪੁਰਾਨ ਦੇ ਅਰੰਭ ਵਿਚ ਲਿਖਿਆ ਹੈ, ਜਦੋਂ ਬਿਆਸ ਜੀ ਵੇਦ, ਸ਼ਾਸਤਰ ਆਦਿ ਚੰਗੀ ਤਰ੍ਹਾਂ ਘੋਖ ਚੁੱਕੇ ਤਾਂ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਨਾ ਆਈ। ਨਾਰਦ ਨੇ ਆਣਕੇ ਫਿਰ ਭਗਤੀ ਦਾ ਉਪਦੇਸ਼ ਦਿੱਤਾ ਤਾਂ ਚਿੱਤ ਸ਼ਾਂਤਿ ਹੋਇਆ। ਉਪਾਧਿ ਰਹਤ—ਬਿਨਾ ਵਿਖੇਪ।

ਬਚਨ ਰਚਨਾ

ਦੁਨੀਆਂ ਵਿੱਚ ਹਰ ਜੀਵ ਆਪਣੀਆਂ ਲੋੜਾਂ ਦਾ ਗ਼ੁਲਾਮ ਹੈ। ਦੂਜੀ ਗੱਲ ਇਹ ਹੈ ਕਿ ਇਹ ਲੋੜਾਂ ਵੀ ਕਿਧਰੇ ਨਾ ਕਿਧਰੇ ਜਾ ਕੇ ਪੂਰੀਆਂ ਹੋ ਜਾਂਦੀਆਂ, ਪਰ ਇਹ ਲੋੜਾਂ ਤਨ ਦੀਆਂ ਨਹੀਂ ਜਿਤਨੀਆਂ ਮਨ ਦੀਆਂ ਹਨ। ਮਨ ਦੀਆਂ ਲੋੜਾਂ ਕਦੇ ਪੂਰੀਆਂ ਨਹੀਂ ਹੁੰਦੀਆਂ। ਭਾਈ ਗੁਰਦਾਸ ਜੀ ਦਾ ਇੱਕ ਬਚਨ ਬਹੁਤ ਨਿਰਾਲਾ ਹੈ, ਉਹ ਆਖਦੇ ਹਨ ਕਿ ਜੀਵਨ ਦੇ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਅੱਖਾਂ ਨੇ ਦੇਖਿਆ, ਕੰਨਾਂ ਨੇ ਸੁਣਿਆ, ਨੱਕ ਨੇ ਬਾਸ਼ਨਾ ਲਈ, ਜਿਹਵਾ ਨੇ ਹਰ ਉਹ ਰੱਸ ਚੱਖ ਵੇਖਿਆ, ਜਿਥੋਂ ਤੱਕ ਇਸਦਾ ਵਸ ਚੱਲਿਆ ਇਸਨੇ ਚਲਾਇਆ, ਹੁਣ ਉਸ ਆਖ਼ਰੀ ਪੜਾਅ 'ਤੇ ਪਹੁੰਚੇ ਮਨੁੱਖ ਨੂੰ ਕੋਈ ਪੁੱਛੇ ਕਿ ਭਲਿਆ, 70-80 ਸਾਲ ਕਰੀਬ ਉਮਰ ਭੋਗ ਕੇ ਚਲਿਆ ਹੈਂ ਤੇ ਅੰਦਰ ਦੀ ਤ੍ਰਿਪਤੀ ਬਾਰੇ ਮੈਂ ਜਾਨਣਾ ਚਾਹੁੰਦਾ ਹਾਂ। ਭਾਈ ਗੁਰਦਾਸ ਜੀ ਆਖਦੇ ਹਨ ਕਿ ਉਸ ਮਨੁੱਖ ਦਾ ਇਹੋ ਜਵਾਬ ਹੋਵੇਗਾ ਕਿ ਇਹ ਸਾਰੇ ਹੀ ਕੂੜ ਦੇ ਭਰੋਸੇ ਹਨ ਕਿ ਤੈਨੂੰ ਰਜਾ ਦਿੱਤਾ ਜਾਵੇਗਾ ਭਾਵ ਤੈਨੂੰ ਤ੍ਰਿਪਤ ਕਰ ਦਿੱਤਾ ਜਾਵੇਗਾ, ਪਰ ਸੱਚ ਇਹ ਹੈ ਕਿ ਮੇਰੀਆਂ ਅੱਖਾਂ, ਨੱਕ, ਕੰਨ, ਮਨ ਸਭ ਕੁਝ ਅੰਦਰੋਂ ਭੁੱਖਾ ਹੀ ਹੈ। ਇਹ ਭੁੱਖ ਵੱਧ ਤਾਂ ਗਈ ਪਰ ਤ੍ਰਿਪਤੀ ਦਾ ਕੋਈ ਸਾਧਨ ਨਹੀਂ। ਪਿਆਰੇ ਬਚਨ ਹਨ:

ਅਖੀ ਵੇਖ ਨ ਰਜੀਆ ਬਹੁ ਰੰਗ ਤਮਾਸੇ ॥
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ ॥
ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਬਾਸੇ ॥
ਰਜ ਨ ਕੋਈ ਜੀਵਿਆ, ਕੂੜੇ ਭਰਵਾਸੇ ॥
ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ ॥

ਆਖ਼ਿਰ ਮਨੁੱਖੀ ਬਿਰਤੀ ਦੇ ਰੱਜ ਜਾਣ ਦਾ ਬਸ ਇੱਕੋ ਸਾਧਨ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਜਿਹਨਾਂ ਨੇ ਨਾਮ ਦੀ ਕਮਾਈ ਕੀਤੀ, ਉਹਨਾਂ ਦੀ ਬਾਹਰੀ ਅਤੇ ਅੰਦਰਲੀ ਤਸਵੀਰ ਨੂੰ ਗੁਰੂ ਕੀ ਬਾਣੀ ਨੇ ਪ੍ਰਗਟ ਕੀਤਾ ਹੈ ਕਿ ਬਾਹਰੋਂ ਲੋਕ ਗ਼ਰੀਬੀ ਦੇਖਕੇ ਹੱਸਦੇ ਹਨ ਕਿ ਇਹਨਾਂ ਦੇ ਘਰ ਸੰਸਾਰਿਕ ਲੋੜਾਂ ਵੀ

ਪੂਰੀਆਂ ਨਹੀਂ, ਇਹ ਅੰਦਰੋਂ ਕਿੰਨੇ ਭੁੱਖੇ ਹੋਵਣਗੇ। ਜਦਕਿ ਸੱਚ ਇਹ ਹੈ ਕਿ ਉਹ ਅੰਦਰੋਂ ਇੰਨੇ ਰੱਜੇ ਹੋਏ ਹਨ ਕਿ ਉਨ੍ਹਾਂ ਦੀ ਤਲੀ ਉੱਤੇ ਪ੍ਰਮੇਸ਼ਰ ਜੀ ਨੇ ਨੌਂ ਨਿਧੀਆਂ ਭਾਵ ਖ਼ਜ਼ਾਨੇ, ਅਠਾਰਹ ਸਿਧੀਆਂ ਸਭ ਕੁਝ ਰੱਖਿਆ ਹੋਇਆ ਹੈ। ਉਹਨਾਂ ਨੇ ਕਦੇ ਵਰਤ ਕੇ ਵੀ ਨਹੀਂ ਦੇਖੀਆਂ। ਅੰਦਰੋਂ ਤ੍ਰਿਪਤ ਹੋਏ ਮਨ ਦੀ ਪ੍ਰਤੱਖ ਤਸਵੀਰ ਹੈ ਕਿ ਕੋਈ ਪਾਰਸ ਆਪਣੇ ਹੱਥ ਨਾਲ ਰੱਖ ਜਾਵੇ ਤਾਂ ਸਾਡੇ ਬਾਅਦ ਉਹਨਾਂ ਨੂੰ ਆਪਣੇ ਹੱਥ ਨਾਲ ਹੀ ਚੁੱਕਣਾ ਪਿਆ ਹੋਵੇ। ਮਨ ਦੇ ਰੱਜਿਆਂ ਨੇ ਉਸਨੂੰ ਕਦੇ ਚੁੱਕ ਕੇ ਵੀ ਨਾ ਦੇਖਿਆ ਹੋਵੇ। ਸੱਚ ਇਹ ਹੈ ਕਿ ਜਿਤਨਾ ਬੰਦਾ ਬਾਹਰੋਂ ਪੈਸੇ ਵਾਲਾ ਜਾਂ ਅਮੀਰ ਹੋਵੇਗਾ, ਉਤਨਾ ਹੀ ਅੰਦਰੋਂ ਭੁੱਖਾ ਹੋਵੇਗਾ। ਪਾਵਨ ਪਵਿੱਤਰ ਬਚਨ ਹਨ :

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥

(ਪੰਨਾ ੮੫੮)

ਮਨ ਦੇ ਭੁੱਖਿਆਂ ਨੇ ਐਸੀਆਂ ਕੁਝ ਚੀਜ਼ਾਂ ਮਿੱਥ ਲਈਆਂ, ਜਿਵੇਂ ਕਾਮਧੇਨ ਗਾਂ, ਕਲਪ ਬ੍ਰਿਛ, ਚਿੰਤਾਮਨਿ ਪੱਥਰ ਆਦਿਕ। ਇਹਨਾਂ ਸਾਰਿਆਂ ਦਾ ਇੱਕੋ ਕੰਮ ਹੈ ਕਿ ਜਦੋਂ ਵੀ ਜੀਵ ਇਹਨਾਂ ਕੋਲ ਬੈਠ ਕੇ ਕੁਝ ਮੰਗੇ ਤਾਂ ਇਹ ਹਰ ਮੰਗ ਪੂਰੀ ਕਰ ਦਿੰਦੇ ਹਨ। ਇਸ ਲਈ ਪੁਰਾਤਨ ਧਾਰਮਿਕ ਦੁਨੀਆਂ ਜਾਂ ਧਾਰਮਿਕ ਗ੍ਰੰਥਾਂ ਵਿੱਚ ਇਹਨਾਂ ਦੀ ਬੜੀ ਮਹਾਨ ਚਰਚਾ ਸੀ।

ਗੁਰਮਤਿ ਦਾ ਇਕ ਨਿਵੇਕਲਾ ਮਾਰਗ ਹੈ। ਇਥੇ ਤਾਂ ਹਰ ਇਕ ਵੀਚਾਰ ਨੂੰ ਕਿਸੇ ਤੱਤ ਤੱਕ ਪਹੁੰਚਾਇਆ ਹੈ। ਕੀ ਮਨ ਰੱਜ ਸਕਦਾ ਹੈ ? ਐਸੇ ਸਾਰੇ ਵੀਚਾਰ ਕੇਵਲ ਇੱਕੋ ਪੰਕਤੀ ਵਿੱਚ ਸਪੱਸ਼ਟ ਹੋ ਜਾਂਦੇ ਹਨ ਕਿ :

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ (ਪੰਨਾ ੧)

ਜਿਹੋ ਜਿਹਾ ਮੈਂ ਤੁਰਿਆ, ਸਾਰਾ ਪੰਧ ਮੁਕਾ ਕੇ ਮੈਂ ਸਗੋਂ ਉਸ ਤੋਂ ਵੀ ਭੁੱਖਾ ਹੋ ਗਿਆ। ਰੱਜ ਵਾਲੀ, ਤ੍ਰਿਪਤੀ ਵਾਲੀ 'ਮੇਰੀ' ਮੰਗ ਸਗੋਂ ਹੋਰ ਦੂਰ ਹੋ ਗਈ। ਫਿਰ ਐਸੇ ਧਰਮ ਕਰਮ ਦਾ ਕੀ ਲਾਭ ਹੋਇਆ ? ਜੇਕਰ ਅੰਦਰੋਂ ਰੱਜਕੇ ਰਾਜਿਆਂ ਵਾਲਾ ਜੀਵਨ ਗੁਜ਼ਾਰਨਾ ਹੈ ਤਾਂ ਫਿਰ ਇਹ ਸਾਰੀਆਂ ਕਲਪਿਤ ਚੀਜ਼ਾਂ ਵਿੱਚੋਂ ਨਿਕਲ ਕੇ ਸਦੀਵ ਸੱਚ ਪ੍ਰਮੇਸ਼ਰ ਦੀ ਬੰਦਗੀ ਕਰੀਏ, ਪ੍ਰਮੇਸ਼ਰ ਦੇ ਬਚਨਾਂ ਨਾਲ ਰਚਨ ਵਾਲਾ ਕੇਵਲ ਮਨ ਦੀ ਹੀ ਭੁੱਖ ਨਹੀਂ ਦੂਰ ਕਰ ਲੈਂਦਾ ਸਗੋਂ ਜਨਮ ਮਰਨ ਦੀ ਫਾਹੀ ਕੱਟ ਕੇ ਪ੍ਰਲੋਕ ਵੀ ਸੁਆਰ ਲੈਂਦਾ ਹੈ :

ਹਰਿ ਹਰਿ ਹਰਿ ਨ ਜਪਸਿ ਰਸਨਾ ॥
ਅਵਰ ਸਭ ਛਾਡਿ ਬਚਨ ਰਚਨਾ ॥੧॥ ਰਹਾਉ ॥ (ਪੰਨਾ ੧੧੦੬)

ਹੇ ਰਸਨਾ ! ਤੂੰ ਸਭ ਕੁਝ ਤਿਆਗ ਕੇ ਹਰੀ ਦੇ ਅੰਮ੍ਰਿਤ ਬਚਨਾਂ ਨਾਲ

ਰੱਚ ਕੇ ਵੇਖ ਭਾਵ ਹਰੀ ਹਰੀ ਜਪ ਕੇ ਵੇਖ, ਤੇਰਾ ਅੰਤਰਆਤਮਾ ਇਤਨਾ ਤ੍ਰਿਪਤ ਹੋ ਜਾਵੇਗਾ, ਫਿਰ ਇੱਕੋ ਹੀ ਮੰਗ ਰਹਿ ਜਾਵੇਗੀ ਕਿ:

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ (ਪੰਨਾ ੯੫੮)

ਪ੍ਰਮੇਸ਼ਰ ਦਾ ਨਾਮ ਹਰ ਤਰ੍ਹਾਂ ਦੀ ਤ੍ਰਿਪਤੀ ਕਰ ਦਿੰਦਾ ਹੈ:

ਸੁਖ ਸਾਗਰੁ ਸੁਰਿਤਰੁ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ਰੇ ॥
ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ ॥੧॥
(ਪੰਨਾ ੧੧੦੬)

ਰੱਬੀ ਬੰਦਗੀ ਦਾ ਪੁਜਾਰੀ ਇਹਨਾਂ ਮਨ ਦੀਆਂ ਇੱਛਾਵਾਂ ਪੂਰੀਆਂ ਕਰ ਦੇਣ ਵਾਲੇ ਕੂੜ ਭਰਵਾਸੇ 'ਤੇ ਜੀਊਣ ਦੀ ਬਜਾਏ, ਇੱਕੋ ਨਾਮ ਨਾਲ ਆਪਣਾ ਮਨ ਜੋੜ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸ ਨੂੰ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਇਹ ਸਭ ਕੁਝ ਤਾਂ ਉਸ ਪ੍ਰਮੇਸ਼ਰ ਜੀ ਦੇ ਅਧੀਨ ਹੈ:

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ (ਪੰਨਾ ੬੬੯-੭੦)

ਕਾਮਧੇਨ, ਕਲਪ ਬ੍ਰਿਛ, ਚਾਰ ਪਦਾਰਥ, ਅਠਾਰਹ ਸਿੱਧੀਆਂ, ਨੌਂ ਖ਼ਜ਼ਾਨੇ ਇਹ ਤਾਂ ਸਭ ਕੁਝ ਪ੍ਰਮੇਸ਼ਰ ਜੀ ਤਲੀ 'ਤੇ ਰੱਖੀ ਬੈਠੇ ਹਨ ਭਾਵ ਬੰਦਗੀ ਵਾਲੇ ਲਈ ਇਹ ਬਖ਼ਸ਼ਿਸ਼ਾਂ ਮਾਮੂਲੀ ਹਨ। ਨਾਮ ਦਾ ਵਣਜਾਰਾ ਇਹਨਾਂ ਦਾ ਮੁਤਲਾਸ਼ੀ ਨਹੀਂ ਹੁੰਦਾ:

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥
(ਪੰਨਾ ੧੧੦੬)

ਪੁਰਾਤਨ ਹਵਾਲਾ ਦੇ ਕੇ ਸਾਹਿਬ ਜੀ ਨੇ ਸਮਝਾਇਆ ਕਿ ਬਿਆਸ ਜੀ ਦੇ ਪੁਰਾਣਾਂ ਦੇ ਪ੍ਰਸੰਗ, ਬ੍ਰਹਮੇ ਦੇ ਬੇਦ ਅਤੇ ਹੋਰ ਵੀ ਜੋ ਇਹਨਾਂ ਚੌਂਤੀ ਅੱਖਰਾਂ ਦੀ ਪਕੜ ਵਿੱਚ ਆ ਸਕਿਆ, ਉਹ ਸਭ ਕੁਝ ਵੀਚਾਰ ਕੇ ਇੱਕ ਤੱਤ ਕੱਢਿਆ ਹੈ ਕਿ ਰੱਬੀ ਬੰਦਗੀ ਦੀ ਬਰਾਬਰਤਾ ਹੋਰ ਕੋਈ ਵੀ ਨਹੀਂ ਕਰ ਸਕਦਾ। ਬੰਦਗੀ ਹੀ ਉੱਤਮ ਹੈ:

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥ (ਪੰਨਾ ੨੬੫)

ਜਦੋਂ ਹੋਰ ਕਿਸੇ ਵੀ ਸਾਧਨ ਨਾਲ ਮਨ ਤ੍ਰਿਪਤ ਨਹੀਂ ਹੋ ਸਕਦਾ ਤਾਂ ਕਿਉਂ ਨਾ ਫਿਰ ਉਸ ਵਾਹਿਗੁਰੂ ਜੀ ਦੇ ਸਿਮਰਨ ਵਿੱਚ ਲੱਗ ਜਾਈਏ, ਜਿਸ ਬਾਰੇ ਸਤਿਗੁਰੂ ਜੀ ਬਾਰ-ਬਾਰ ਪ੍ਰੇਰਨਾ ਦਿੰਦੇ ਹਨ:

ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥੩॥੨॥੧੫॥
(ਪੰਨਾ ੧੧੦੬)

ਪਰਮਾਤਮਾ ਦੀ ਯਾਦ ਸਭ ਤੋਂ ਪਹਿਲਾਂ ਮਨ ਦੀ ਹੀ ਭਟਕਣਾ ਖ਼ਤਮ ਕਰਕੇ ਸਹਜ ਪੈਦਾ ਕਰਦੀ ਹੈ, ਸਹਜ ਵੀ ਸਮਾਧੀ ਵਾਲਾ ਜਿਸ ਨਾਲ ਉਪਾਧ ਭਾਵ ਕਲੇਸ਼ ਖ਼ਤਮ ਹੋ ਜਾਂਦੇ ਹਨ, ਪ੍ਰਮੇਸ਼ਰ ਨਾਲ ਲਿਵ ਲੱਗ ਜਾਂਦੀ ਹੈ। ਇਥੇ ਹੀ ਬੱਸ ਨਹੀਂ, ਹਿਰਦੇ ਵਿੱਚ ਚਾਨਣ ਅਤੇ ਜਨਮ ਮਰਨ ਦਾ ਡਰ ਖ਼ਤਮ ਹੋ ਜਾਂਦਾ ਹੈ। ਤ੍ਰਿਪਤੀ ਹੀ ਵਿਕਾਰਾਂ ਤੋਂ ਖ਼ਲਾਸੀ, ਤ੍ਰਿਪਤੀ ਹੀ ਮਾਇਆ ਤੋਂ ਖ਼ਲਾਸੀ, ਤ੍ਰਿਪਤੀ ਹੀ ਭਟਕਣਾ ਤੋਂ ਖ਼ਲਾਸੀ ਦਿਵਾ ਕੇ ਜਨਮ ਮਰਨ ਤੋਂ ਮੁਕਤ ਕਰਵਾ ਸਕਦੀ ਹੈ, ਇਸ ਲਈ "ਪ੍ਰਭ ਕਾ ਸਿਮਰਨ ਸਭ ਤੇ ਊਚਾ" ਹੈ।

ਤੱਤਸਾਰ

ਜੀਵਨ ਦੀ ਇੱਛਾ ਇਸ ਲੋਕ ਦਾ ਸੁੱਖ ਤੇ ਪ੍ਰਲੋਕ ਲਈ ਮੌਤ ਖ਼ਤਮ ਕਰ ਕੇ ਰੱਬ ਦਾ ਰੂਪ ਹੋਣਾ ਹੈ। ਇਸ ਦੀ ਪ੍ਰਾਪਤੀ ਨਿਰੰਕਾਰ ਦੇ ਸਿਮਰਨ ਵਿੱਚੋਂ ਹੁੰਦੀ ਹੈ, ਬਾਕੀ ਕਲਪਿਤ ਚੀਜ਼ਾਂ ਮਨ ਨੂੰ ਭਟਕਾ ਕੇ ਜਨਮ ਤੁਮਾਰੇ ਲੇਖੇ ਲਾਉਣ ਦੇ ਮਨੋਰਥ ਤੋਂ ਦੂਰ ਲੈ ਜਾਂਦੀਆਂ ਹਨ। ਇਸ ਲਈ ਮਨ ਨੂੰ ਬਚਨੀ ਤੋਰ ਮੋਰ ਮਨ ਮਾਨੈ ਭਾਵ ਤੇਰੇ ਬਚਨਾਂ 'ਤੇ ਮੇਰਾ ਮਨ ਮੰਨ ਜਾਵੇ ਦੇ ਰਾਹ 'ਤੇ ਤੋਰਨਾ ਚਾਹੀਦਾ ਹੈ।

ਸੋਰਠਿ

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥
ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥

(ਪੰਨਾ ੬੫੮-੫੯)

ਗਿਰਿਵਰ—ਸ੍ਰੇਸ਼ਟ ਪਹਾੜ। ਜਾਤੀ—ਯਾਤਰੂ। ਤੁਮ ਸੋ—ਤੇਰੇ ਵਰਗਾ। ਠਾਕੁਰੁ—ਮਾਲਕ। ਤੁਮਰੇ ਭਜਨ—ਤੇਰੀ ਬੰਦਗੀ। ਹੇਤ—ਲਈ।

ਸਾਚੀ ਪ੍ਰੀਤਿ

ਅਤਿਅੰਤ ਸਿਆਣੇ ਦਾਨੇ ਪੁਰਖ ਉਹੋ ਹੀ ਹਨ ਜਿਹੜੇ ਸਮੁੱਚੇ ਧਾਰਮਿਕ ਗ੍ਰੰਥਾਂ, ਮਹਾਤਮਾ, ਗੁਰੂ ਪੀਰਾਂ ਦੇ ਨਿਰੋਲ ਪਰਖੇ ਸੱਚ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਕੇ ਆਪਣੇ ਜੀਵਨ ਦੀ ਸ਼ੁਰੂਆਤ ਕਰਦੇ ਹਨ। ਸਭ ਪਾਕਿ ਦਿਲਾਂ ਦੀ ਲੋਅ ਵਿੱਚੋਂ ਇੱਕ ਪਰਖਿਆ ਪ੍ਰਕਾਸ਼ ਸੱਚ ਹੈ ਕਿ ਰੱਬ ਕਿਸੇ ਕਰਮ ਧਰਮ, ਭੇਟਾ, ਭੇਖ, ਜਪ-ਤਪ, ਪੂਜਾ-ਪਾਠ ਜਾਂ ਹੀਰੇ ਮੋਤੀਆਂ, ਮਨ ਦੀਆਂ ਚਲਾਕੀਆਂ, ਸਿਆਣਪਾਂ ਆਦਿ ਨਾਲ ਵੱਸ ਵਿੱਚ ਆਉਣ ਵਾਲਾ ਨਹੀਂ। ਉਹ ਤਾਂ ਪ੍ਰੀਤਾਂ ਦਾ ਵਣਜਾਰਾ ਕੇਵਲ ਪ੍ਰੇਮ ਬੰਧਨਾਂ ਵਿੱਚ ਹੀ ਬੰਨ੍ਹਿਆ ਜਾ ਸਕਦਾ ਹੈ। ਉਹ ਤਾਂ ਪ੍ਰੀਤਵਾਨਾਂ ਨੂੰ ਹੀ ਅਭੇਦਤਾ ਦੀ ਦਾਤਿ ਬਖ਼ਸ਼ਦਾ ਹੈ।

ਇਸ ਕਰਕੇ ਹੀ ਤਾਂ ਪਾਕਿ ਮੁਹੱਬਤ ਦੇ ਵਣਜਾਰਿਆਂ ਨੇ ਉਸ ਦੀ ਝੂਠੀ ਪੂਜਾ, ਝੂਠੀ ਭੇਟਾ ਤੋਂ ਉਪਰ ਉੱਠਕੇ ਉਸ ਨਾਲ ਸਾਚੀ ਪ੍ਰੀਤ ਦਾ ਧਰਮ ਧਾਰਨ ਕੀਤਾ ਹੈ। ਸਾਚੀ ਪ੍ਰੀਤ ਨੇ ਹੀ ਇਤਨੀ ਖਿੱਚ ਪਾਈ ਕਿ ਤਲਵੰਡੀ ਵਿੱਚ ਪ੍ਰਕਾਸ਼ੇ ਗੁਰੂ ਨਾਨਕ ਸਾਹਿਬ ਜੀ ਨੂੰ ਆਪਣੀ ਦਹਿਲੀਜ਼ 'ਤੇ ਖਿੱਚ ਲਿਆਂਦਾ, ਕਿਉਂਕਿ ਇਧਰ ਵੀ "ਪ੍ਰੇਮ ਖੇਲਨ ਕਾ ਚਾਉ" ਸੀ ਅਤੇ ਉਧਰ ਵੀ ਸਾਚੀ ਪ੍ਰੀਤ ਦਾ ਵਣਜਾਰਾ ਸੀ, ਫਿਰ ਇਨ੍ਹਾਂ ਦੀ ਨੇੜਤਾ ਨੂੰ ਕੌਣ ਰੋਕ ਸਕਦਾ ਸੀ। ਇਹਨਾਂ ਹੋਰਾਂ ਨੂੰ ਵੀ ਨਾਲ ਲੈ ਕੇ ਇੱਕ ਅਜਿਹਾ ਪ੍ਰੇਮ ਦਾ ਮਹੱਲ ਬਣਾਇਆ, ਜਿਥੋਂ ਛੱਤੀ ਰੱਬੀ ਰੂਹਾਂ ਹਰ ਰੋਜ਼ ਇਹੋ ਹੀ ਹੋਕਾ ਰੋਜ਼ ਦਿੰਦੀਆਂ ਹਨ ਕਿ :

ਸਾਚ ਕਹੂੰ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਜੇ ਦੁਨੀਆਂਦਾਰਾਂ ਦੇ ਜਗਤ ਵਿੱਚ ਕੇਵਲ ਦੂਨੀ ਵਾਲੀ ਪ੍ਰੀਤ ਕਰਦਿਆਂ :

ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ ॥
ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨ ਆਖੋ ਕੋਈ ॥

ਹੋ ਸਕਦੀ ਹੈ ਤਾਂ ਫਿਰ ਇਹ ਤਾਂ ਸੱਚੀ ਪ੍ਰੀਤ ਦੀ ਗੱਲ ਹੈ, ਇਥੇ ਫਿਰ ਤੂੰ ਤੂੰ ਕਰਤਾ ਤੂੰ ਹੂਆ ਕਿਉਂ ਨਹੀਂ ਹੋ ਸਕਦਾ ? ਤੂੰ ਹੋਣਾ ਹੀ ਤਾਂ ਮੰਜ਼ਿਲ ਹੈ। ਇਥੇ ਹੀ ਤਾਂ ਮਨੁੱਖਤਾ ਪਹੁੰਚਣ ਲਈ ਭਟਕ ਰਹੀ ਹੈ।

ਸਤਿਗੁਰੂ ਜੀ ਨੇ ਬਹੁਤੀਆਂ ਉਦਾਹਰਣਾਂ ਵੀ ਪ੍ਰੀਤ ਦੀਆਂ ਹੀ ਦਿੱਤੀਆਂ ਹਨ, ਕੁਝ ਕੁ ਇਸ਼ਾਰੇ ਮਾਤਰ ਜ਼ਿਕਰ ਹੈ। ਕਿਧਰੇ ਮੱਛੀ, ਕਮਲ ਫੁੱਲ, ਭਉਰਾ, ਮ੍ਰਿਗ, ਚੰਦ, ਚਕੋਰ, ਚਕਵੀ, ਪਤੀ ਪਤਨੀ, ਮਾਤਾ ਪਿਤਾ ਤੇ ਔਲਾਦ, ਸੇਵਕ ਮਾਲਿਕ, ਗੁਰੂ, ਸਿੱਖ, ਊਠ ਤੇ ਬੈਲ, ਕੰਜੂਸ ਦੀ ਪੈਸੇ ਨਾਲ, ਵਿਕਾਰੀ ਦੀ ਵਿਕਾਰ ਨਾਲ, ਦੁੱਧ ਦੀ ਮਿਸਾਲ ਭਾਵ ਹਰ ਪਾਸੇ ਪ੍ਰੀਤ ਦੀਆਂ ਹੀ ਉਦਾਹਰਣਾਂ ਦੇ ਕੇ ਪ੍ਰੀਤ ਹੀ ਤਾਂ ਕਰਨੀ ਸਿਖਾਈ ਹੈ। ਤਰਲਾ ਵੀ ਅਜਿਹਾ ਹੀ ਲਿਆ ਹੈ ਕਿ:

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥

(ਪੰਨਾ ੬੯੪)

ਆਉ ਸੱਚੀ ਪ੍ਰੀਤ ਦੇ ਵਣਜਾਰੇ ਸਤਿਗੁਰੂ ਜੀ ਦਾ ਅੰਮ੍ਰਿਤ ਬੋਲ ਇਸ ਭਾਵ ਨਾਲ ਵੀਚਾਰੀਏ ਕਿ ਸਾਡੇ ਕਠੋਰ ਹਿਰਦਿਆਂ ਵਿੱਚ ਵੀ ਸਾਈਂ ਦੀ ਪ੍ਰੀਤ ਪੈਦਾ ਹੋਵੇ:

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥ (ਪੰਨਾ ੬੫੮)

ਪ੍ਰੀਤ ਭਾਵੇਂ ਦੋ ਤਰਫ਼ੀ ਹੈ, ਸਾਡੇ ਅੰਦਰ ਵੀ ਪ੍ਰੀਤ ਹੈ ਅਤੇ ਵਾਹਿਗੁਰੂ ਜੀ ਤੁਸੀਂ ਵੀ ਪ੍ਰੀਤ ਕਰਦੇ ਹੋ, ਪਰ ਅਸੀਂ ਅਲਪਗ ਹਾਂ ਤੇ ਤੁਸੀਂ ਸਰਬਗ ਹੋ। ਇਸ ਲਈ ਸਾਡੀ ਪ੍ਰੀਤ ਦੀ ਜ਼ਿੰਮੇਵਾਰੀ ਵੀ ਤੁਹਾਡੇ ਸਿਰ 'ਤੇ ਹੀ ਹੈ। "ਤੁਮ ਨ ਤੋਰਹੁ" ਭਾਵ "ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ" ਸਾਡੀ ਪ੍ਰੀਤ ਦੀ ਵੀ ਪਾਲਣਾ ਤੁਸਾਂ ਹੀ ਕਰਨੀ ਹੈ। **ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ** ਦੇ ਮਹਾਂਵਾਕ ਅਨੁਸਾਰ ਮੈਂ ਵਿਸਾਰ ਸਕਦਾ ਹਾਂ, ਪਰ ਤੁਸੀਂ ਵਿਸਰੋ ਹੀ ਨਾ, ਮੈਨੂੰ ਇਸ ਅਉਖੀ ਘੜੀ ਤੋਂ ਬਚਾ ਕੇ ਰੱਖੋ। "ਤਉ ਹਮ ਨਹੀ ਤੋਰਹਿ" ਦਾ ਭਾਵ ਹੈ ਅਸੀਂ ਤਾਂ ਤੋੜਨਾ ਹੀ ਨਹੀਂ ਚਾਹੁੰਦੇ ਕਿਉਂਕਿ ਅਸੀਂ ਤੁਹਾਡੇ ਬਿਨਾਂ ਫਿਰ ਕਿਸ ਨਾਲ ਜੋੜਾਂਗੇ। ਸਾਡੇ ਵਰਗੇ ਤੇਰੇ ਕੋਲ ਬਹੁਤ ਹਨ, ਪਰ ਸਾਡੇ ਕੋਲ ਤੇਰੇ ਵਰਗਾ ਹੋਰ ਕੋਈ ਵੀ ਨਹੀਂ:

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥
ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥

(ਪੰਨਾ ੭੯੧-੯੨)

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥ (ਪੰਨਾ ੬੫੮)

ਇਸ ਜਨਮ ਵਿੱਚ ਜਾਂ ਇਸ ਰੂਪ ਵਿੱਚ ਤਾਂ ਅਸੀਂ ਪ੍ਰੀਤ ਕੀ ਤੋੜਨੀ ਹੈ, ਅਸੀਂ ਤਾਂ ਜੇਕਰ ਤੁਸੀਂ ਆਪਣਾ ਰੂਪ ਵੀ ਵਟਾ ਲਵੋ ਤਦ ਵੀ ਪ੍ਰੀਤ ਤੋੜਨ ਦੀ ਬਜਾਇ ਆਪ ਜੀ ਦੇ ਬਦਲੇ ਹੋਏ ਰੂਪ ਨਾਲ ਪਿਆਰ ਕਰਨ ਵਾਲਾ ਜਾਮਾ ਧਾਰ ਕੇ ਫਿਰ ਵੀ ਪ੍ਰੀਤ ਕਰਾਂਗੇ। ਮੇਰੀ ਨਜ਼ਰ ਵਿੱਚ ਪ੍ਰੀਤ ਕੀਮਤੀ ਹੈ। ਤੁਹਾਡੀ ਪ੍ਰੀਤ ਬਿਨਾ ਮਨੁੱਖਾ ਜਾਮਾ ਵੀ ਤਿਆਗ ਦਿਆਂਗਾ। ਇਹ ਕਿਸ ਕੰਮ ਜੇ ਤੁਹਾਡੇ ਨਾਲ ਪ੍ਰੀਤ ਹੀ ਨਹੀਂ ਰੱਖ ਸਕਿਆ। ਇਸ ਲਈ ਜੇ ਤੁਸੀਂ ਪਹਾੜ ਬਣ ਜਾਉ ਤਾਂ ਮੈਂ ਮੋਰ ਬਣ ਜਾਵਾਂ। ਜੇ ਤੁਸੀਂ ਚੰਦ ਹੋ ਤਾਂ ਮੈਂ ਚਕੋਰ ਹਾਂ। ਮੈਂ ਸਰੀਰ ਬਦਲਾ ਸਕਦਾ ਹਾਂ ਪਰ ਪ੍ਰੀਤ ਨਹੀਂ ਬਦਲਾ ਸਕਦਾ:

ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥੨॥ (ਪੰਨਾ ੬੫੮-੫੯)

ਜੇਕਰ ਤੁਸੀਂ ਦੀਵਾ ਹੋ ਤਾਂ ਮੈਂ ਤੁਹਾਡੇ ਤੋਂ ਕੁਰਬਾਨ ਹੋਣ ਵਾਲੀ ਬੱਤੀ ਬਣ ਜਾਵਾਂ, ਕਿਉਂਕਿ ਬੱਤੀ ਮੁੱਕ ਜਾਵੇ ਦੁਬਾਰਾ ਪਾ ਲੈਂਦੇ ਹਨ ਪਰ ਦੀਵਾ ਹੀ ਨਾ ਹੋਵੇ ਤਾਂ ਬੱਤੀ ਨੂੰ ਕੌਣ ਸੰਭਾਲ ਕੇ ਰੱਖਦਾ ਹੈ। ਮੇਰੀ ਕੀਮਤ ਬੱਤੀ ਰੂਪ ਵਿੱਚ ਦੀਵੇ ਕਰਕੇ ਹੈ। ਜੇਕਰ ਤੁਸੀਂ ਤੀਰਥ ਬਣ ਜਾਉ ਤਾਂ ਮੈਂ ਯਾਤਰੀ ਹੋਵਾਂ। ਮੈਨੂੰ ਉਹੋ ਜਾਮਾ ਚਾਹੀਦਾ ਹੈ ਜਿਹੜਾ ਤੁਹਾਡੇ ਬਦਲਵੇਂ ਰੂਪ ਨਾਲ ਪਿਆਰ ਪ੍ਰੀਤ ਕਰਨ ਵਾਲਾ ਹੋਵੇ:

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥ (ਪੰਨਾ ੬੫੯)

ਅਸੀਂ ਤਾਂ ਸੱਚੀ ਪ੍ਰੀਤ ਤੁਹਾਡੇ ਨਾਲ ਹੀ ਪਾਈ ਹੈ ਤੇ ਹੋਰਾਂ ਨਾਲੋਂ ਤੋੜ ਲਈ ਹੈ, ਕਿਉਂਕਿ ਤੁਹਾਡੇ ਚਰਨਾਂ ਵਿੱਚੋਂ ਹੀ ਪਤਾ ਲੱਗਦਾ ਹੈ ਕਿ ਬਾਕੀ ਕਿਸੇ ਨਾਲ ਵੀ ਕੀਤੀ ਪ੍ਰੀਤ ਸੱਚੀ ਨਹੀਂ ਹੁੰਦੀ। ਇਹ ਤਾਂ ਇਥੇ ਦੁੱਖਾਂ ਦੇ ਵੇਲੇ ਹੀ ਸਾਥ ਛੱਡ ਜਾਂਦੇ ਹਨ, ਪਰ ਤੁਹਾਡੀ ਪ੍ਰੀਤ ਤਾਂ ਸਗੋਂ ਸਾਨੂੰ ਆਪਣਾ ਰੂਪ ਹੀ ਬਣਾ ਦਿੰਦੀ ਹੈ। ਸਾਡਾ ਰੂਪ ਕਿਹੜਾ ਸੀ, ਸਾਨੂੰ ਇਹੋ ਜਿਹਾ ਰੂਪ ਤੁਹਾਡੀ ਪ੍ਰੀਤ ਕਾਰਨ ਹੀ ਤਾਂ ਮਿਲਿਆ ਹੈ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥ (ਪੰਨਾ ੪੮੬)

ਅਜਿਹੇ ਪਰਉਪਕਾਰੀ ਨੂੰ ਅਸੀਂ ਕਿਵੇਂ ਵਿਸਾਰ ਕੇ ਕਿਸੇ ਹੋਰ ਨਾਲ ਪ੍ਰੀਤ ਲਾ ਸਕਦੇ ਹਾਂ:

ਜਹ ਜਹ ਜਾਉ ਤਹਾ ਤੇਰੀ ਸੇਵਾ ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ (ਪੰਨਾ ੬੫੯)

ਸਾਨੂੰ ਨਿਮਾਣਿਆਂ ਨੂੰ ਗਲ ਨਾਲ ਲਾ ਕੇ "ਨੀਚਹੁ ਊਚ ਕਰੈ ਮੇਰਾ ਗੋਬਿੰਦ" ਦੇ ਮਹਾਂਵਾਕ ਅਨੁਸਾਰ ਹੋਰ ਕੌਣ ਹੋ ਸਕਦਾ ਹੈ, ਇਸ ਲਈ ਮੈਂ ਜਿਥੇ ਵੀ ਜਾਂਦਾ ਹਾਂ ਉਥੇ ਆਪ ਜੀ ਦੀ ਹੀ ਸੇਵਾ ਕਰਦਾ ਹਾਂ। ਬਾਕੀ ਦੇਵੀ ਦੇਵਤਿਆਂ ਦੀ ਭਾਵੇਂ ਧਾਰਮਿਕ ਦੁਨੀਆਂ ਵਿੱਚ ਭੀੜ ਬਹੁਤ ਹੈ, ਪਰ ਤੁਹਾਡੇ ਵਰਗਾ ਕੋਈ ਵੀ ਨਹੀਂ। ਇਹਨਾਂ ਕੋਲ ਜਾਇਆਂ ਇਹਨਾਂ ਦੇ ਮੰਦਰਾਂ ਨੂੰ ਪਵਿੱਤਰਤਾ ਦਾ ਫ਼ਿਕਰ ਪੈ ਜਾਂਦਾ ਹੈ, ਪਰ ਹੁਣ ਜਦੋਂ ਦੀ ਸਾਚੀ ਪ੍ਰੀਤ ਤੁਹਾਡੇ ਨਾਲ ਪਾਈ ਹੈ, ਉਦੋਂ ਤੋਂ ਸਗੋਂ ਪਤਿਤ ਨੂੰ ਵੀ ਪਵਿੱਤਰ ਕਰਨ ਦੀ ਸੇਵਾ ਮਿਲੀ ਹੈ, ਇਸ ਲਈ ਤੁਹਾਡੇ ਵਰਗਾ ਹੋਰ ਕੋਈ ਦੇਵੀ ਦੇਵਤਾ ਨਹੀਂ:

ਤੁਮਰੇ ਭਜਨ ਕਟਹਿ ਜਮ ਫਾਂਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥ (ਪੰਨਾ ੬੫੯)

ਇੱਕ ਕੇਵਲ ਤੁਹਾਡੀ ਬੰਦਗੀ ਹੈ ਜਿਹੜੀ ਜਮ ਦੀ ਫਾਹੀ ਕੱਟ ਸਕਦੀ ਹੈ, ਹੋਰ ਕਿਸੇ ਕੋਲ ਅਜਿਹੀ ਤਾਕਤ ਨਹੀਂ, ਜਿਸ ਦੀ ਪ੍ਰਾਪਤੀ ਵਾਸਤੇ ਮੈਂ ਸਾਚੀ ਪ੍ਰੀਤ ਪਾ ਕੇ ਦਿਨ ਰਾਤ ਤੁਹਾਡੇ ਗੁਣ ਗਾਉਂਦਾ ਹਾਂ।

ਤੱਤਸਾਰ

ਪ੍ਰਮੇਸ਼ਰ ਪ੍ਰੇਮ ਸਰੂਪ ਹੈ। ਉਸ ਦੀ ਪ੍ਰਾਪਤੀ ਲਈ ਕੋਈ ਦੁਨਿਆਵੀ ਭੇਟ ਨਹੀਂ ਬਲਕਿ ਹਿਰਦੇ ਦੇ ਮੰਦਰ ਵਿੱਚ ਉਸ ਦੀ ਪ੍ਰੀਤ ਦਾ ਸੱਚਾ ਦੀਪਕ ਜਗਾਉਣਾ ਚਾਹੀਦਾ ਹੈ। ਸਾਚੀ ਪ੍ਰੀਤ ਦੇ ਵਣਜਾਰੇ ਦੇ ਹਿਰਦੇ ਰੂਪ ਮੰਦਰ ਨੂੰ ਹੀ ਇਕ ਦਿਨ ਉਹ ਆਪਣਾ ਘਰ ਬਣਾ ਕੇ ਬੈਠ ਜਾਂਦਾ ਹੈ। ਸਾਚੀ ਪ੍ਰੀਤ "ਮੈ" ਨੂੰ "ਤੂੰ" ਵਿੱਚ ਬਦਲਕੇ "ਜਬ ਹਮ ਹੋਤੇ ਤਬ ਤੂ ਨਾਹੀ, ਅਬ ਤੂ ਹੀ ਮੈ ਨਾਹੀ॥" (ਪੰਨਾ ੬੫੭) ਦੀ ਅਵਸਥਾ ਬਣ ਜਾਂਦੀ ਹੈ।

ਸੋਰਠਿ

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥
ਰਾਖਹੁ ਕੰਧ ਉਸਾਰਹੁ ਨੀਵਾਂ ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥
ਬੰਕੇ ਬਾਲ ਪਾਗ ਸਿਰਿ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥
ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥

(ਪੰਨਾ ੬੫੯)

ਭੀਤਿ—ਕੰਧ। ਰਕਤ—ਲਹੂ, ਰੱਤ। ਸੀਵਾਂ—ਹੱਦ। ਡੇਰੀ—ਖੱਬੀ, ਵਿੰਗੀ। ਕਮੀਨੀ—ਲੋਕਾਂ ਦੀਆਂ ਨਜ਼ਰਾਂ ਵਿਚ ਨੀਵੀਂ। ਰਾਜਾ ਰਾਮ ਚੰਦ—ਪ੍ਰਕਾਸ਼ਮਾਨ ਪ੍ਰਭੂ।

ਪੰਖਿ ਬਸੇਰਾ

ਕੁਦਰਤ ਦੀ ਨਗਰੀ ਵਿੱਚੋਂ ਕੋਈ ਕੀਮਤੀ ਜਾਮਾ ਵੇਖਣਾ ਹੋਵੇ ਤਾਂ ਹਰ ਵਾਰੀ ਮਨੁੱਖੀ ਜਾਮੇ ਦੀ ਗੱਲ ਆਉਂਦੀ ਹੈ ਪਰ ਜੇਕਰ ਚੰਗੇ ਗੁਣਾਂ ਦੀ ਗੱਲ ਕਰੀਏ ਤਾਂ ਮਨੁੱਖ ਨਾਲੋਂ ਕਿਤੇ ਚੰਗੇ ਗੁਣ ਹੋਰਾਂ ਜਨਮਾਂ ਦੇ ਜਾਮੇ ਵਿੱਚ ਵੀ ਮਿਲ ਜਾਂਦੇ ਹਨ। ਜਿਵੇਂ ਮਾਲਿਕ ਦੀ ਵਫ਼ਾਦਾਰੀ ਦੀ ਗੱਲ ਕਰੀਏ ਤਾਂ ਪਸ਼ੂ ਚੰਗੇ ਹਨ ਜਿਹੜੇ ਜਿਊਂਦੇ ਜੀ ਘਾਹ ਫੂਸ ਖਾ ਕੇ ਅੰਮ੍ਰਿਤ ਵਰਗਾ ਦੁੱਧ ਦਿੰਦੇ ਹਨ, ਮਰਨ ਮਗਰੋਂ ਖੱਲ ਦੀਆਂ ਜੁੱਤੀਆਂ ਬਣਾਉਣ ਤੱਕ ਕੰਮ ਆਉਂਦੇ ਹਨ। ਵਫ਼ਾਦਾਰੀ ਵਿੱਚ ਕੁੱਤੇ ਦਾ ਵੀ ਮੁਕਾਬਲਾ ਨਹੀਂ। ਮਿੱਠਾ ਬੋਲਣ ਲਈ ਕੋਇਲ ਪ੍ਰਸਿੱਧ ਹੈ, ਅੰਮ੍ਰਿਤ ਵੇਲੇ ਲਈ ਚਿੜੀ ਦੀ ਮਿਸਾਲ ਹੈ, ਬਹਾਦਰੀ ਲਈ ਸ਼ੇਰ, ਪ੍ਰੀਤ ਲਈ ਮੱਛੀ ਇਤਿਆਦਿਕ ਹਨ। ਇਸ ਤਰ੍ਹਾਂ ਹੀ ਸੰਸਾਰ ਵਿੱਚ ਰਹਿਣਾ ਕਿਵੇਂ ਚਾਹੀਦਾ ਹੈ, ਇਹ ਵੀ ਹਜ਼ੂਰ ਨੇ ਮਨੁੱਖ ਨੂੰ ਪੰਛੀ ਕੋਲੋਂ ਸਿੱਖਣ ਦੀ ਮਿਸਾਲ ਦਿੱਤੀ ਹੈ। ਪੰਛੀ ਬਹੁਤ ਮਿਹਨਤ ਕਰਕੇ ਆਲ੍ਹਣਾ ਬਣਾਉਂਦਾ ਹੈ, ਬਹੁਤ ਪਿਆਰ ਨਾਲ ਰਹਿੰਦਾ ਹੈ, ਪਰ ਸਾਰੇ ਦਰਖ਼ਤ ਉੱਤੇ ਮਾਲਕੀ ਲਈ ਕਦੇ ਲੜਦਾ ਨਹੀਂ ਵੇਖਿਆ। ਇੱਕ ਹੀ ਦਰਖ਼ਤ ਉੱਤੇ ਭਾਵੇਂ ਸੌ ਪੰਛੀ ਆਲ੍ਹਣਾ ਪਾ ਲੈਣ, ਪਰ ਦੂਜਾ ਕਦੇ ਇਤਰਾਜ਼ ਨਹੀਂ ਕਰਦਾ, ਸਗੋਂ ਖ਼ੁਸ਼ੀ ਜ਼ਾਹਿਰ ਕਰੇਗਾ।

ਦੂਜਾ ਕਦੇ ਹੰਕਾਰ ਨਹੀਂ ਕਰੇਗਾ ਕਿ ਮੇਰਾ ਆਲ੍ਹਣਾ ਇਤਨੇ ਵੱਡੇ ਦਰਖ਼ਤ ਉੱਤੇ ਹੈ। ਘਰ ਰਹਿਣ ਲਈ ਹੁੰਦਾ ਹੈ, ਇਸ ਲਈ ਪੰਛੀ ਲਾਲਚ ਵੱਸ ਆਲ੍ਹਣੇ ਨੂੰ ਕਦੇ ਰੋਜ਼ਾਨਾ ਦੇ ਵਰਤੋਂ ਵਾਲੇ ਸਾਮਾਨ ਨਾਲ ਨਹੀਂ ਭਰਦਾ। ਹੈਰਾਨੀ ਦੀ ਗੱਲ ਹੈ ਕਿ ਜੇਕਰ ਕਿਧਰੇ ਕੋਈ ਹਨੇਰੀ ਝੱਖੜ ਢਾਹ ਵੀ ਦੇਵੇ ਤਾਂ ਰੋ-ਰੋ ਕੇ ਨਹੀਂ ਮਰਦਾ, ਹੋਰ ਬਣਾ ਕੇ ਫਿਰ ਜ਼ਿੰਦਗੀ ਦੀ ਸ਼ੁਰੂਆਤ ਕਰ ਲੈਂਦਾ ਹੈ। ਆਖ਼ਰੀ ਤੱਤ ਹੈ ਕਿ ਉਸ ਲਈ ਦਰੱਖ਼ਤ ਅਤੇ ਆਲ੍ਹਣਾ ਕਦੇ ਜੰਜਾਲ ਨਹੀਂ ਬਣਦੇ।

ਮਨੁੱਖ ਵੀਚਾਰ ਕਰਕੇ ਪੰਛੀਆਂ ਤੋਂ ਸਿਆਣਾ ਹੈ, ਪਰ ਉਸਨੇ ਸਮਾਜ ਦੇ, ਧਰਮ ਦੇ, ਕੁਦਰਤ ਦੇ, ਹਰ ਪਾਸੇ ਦੇ ਅਸੂਲ ਤੋੜ ਕੇ ਕੁਦਰਤ ਦੀ ਨਗਰੀ ਨੂੰ ਨਰਕ ਦਾ ਰੂਪ ਦਿੱਤਾ ਹੈ ਤਾਂ ਇਹ ਕੇਵਲ ਮਨੁੱਖ ਦੇ ਕਾਰਨ ਹੈ। ਹਰ ਪਾਸੇ ਕਲੇਸ਼ ਖੜਾ ਕਰ ਲਿਆ। ਜਿਹੋ ਜਿਹਾ ਮੈਂ ਪਹਿਨਾਂ, ਕਿਸੇ ਹੋਰ ਕੋਲ ਨਾ ਹੋਵੇ, ਜਿਹੋ ਜਿਹਾ ਮੇਰਾ ਘਰ ਹੋਵੇ, ਹੋਰ ਕਿਸੇ ਦਾ ਨਾ ਹੋਵੇ। ਜਿਥੇ ਮੈਂ ਰਹਾਂ ਉਥੇ

ਮੇਰੀ ਮਲਕੀਅਤ ਹੋਵੇ, ਹਜ਼ਾਰਾਂ ਕਤਲ ਇਸ ਵਾਸਤੇ ਹੀ ਹੁੰਦੇ ਹਨ। ਸਿਰਫ਼ ਇਸ ਦੀ ਮੇਰ ਤੇਰ ਨੇ ਹੀ ਅਨੇਕਾਂ ਪਾਪ ਕਰਵਾਏ, ਪਾਬੰਦੀਆਂ ਲਗਵਾਈਆਂ, ਫ਼ੌਜਾਂ ਜਾਂ ਹੋਰ ਅਜਿਹੇ ਅਨੇਕਾਂ ਸਾਧਨ ਬਣਾਉਣੇ ਪਏ ਕਿਉਂਕਿ ਇਸ ਦੀ ਮੇਰ-ਤੇਰ ਦੀ ਭੁੱਖ ਮਿੱਟ ਨਹੀਂ ਸਕਦੀ। ਜਿਵੇਂ ਪੰਛੀ ਦਾ ਬਸੇਰਾ ਸਦੀਵ ਨਹੀਂ, ਫਿਰ ਇਸ ਦਾ ਲਗਾਵ ਵੀ ਨਹੀਂ। ਮਨੁੱਖ ਦਾ ਬਸੇਰਾ ਵੀ ਸਦੀਵ ਨਹੀਂ ਪਰ ਇਸ ਦਾ ਲਗਾਵ ਬਹੁਤ ਹੈ। ਘਰ ਬਣਾਉਣ ਲੱਗਾ ਵੀ ਜ਼ਿੰਦਗੀ ਦਾ ਬਹੁਤ ਹਿੱਸਾ ਖ਼ਰਚ ਲੈਂਦਾ ਹੈ, ਘਰ ਬਣ ਜਾਏ ਫਿਰ ਹੰਕਾਰੀ ਹੁੰਦਾ ਹੈ। ਆਖ਼ਿਰ ਜਾਣ ਲੱਗਿਆਂ ਸੁਰਤਿ ਘਰ ਵਿੱਚ ਹੀ ਅਟਕ ਜਾਣ ਕਰਕੇ ਫਿਰ ਜਨਮ ਮਰਨ ਦਾ ਗੇੜ ਪੈਦਾ ਕਰ ਲੈਂਦਾ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥ (ਪੰਨਾ ੫੨੬)

ਸਿਰਫ਼ ਘਰ ਵਾਸਤੇ ਹੀ ਅਨੇਕਾਂ ਬਚਨ ਹਨ ਕਿ:

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥ (ਪੰਨਾ ੧੩੮੦)

ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥ (ਪੰਨਾ ੬੫੯)

ਹੇ ਬੰਦੇ! ਕਿਉਂ ਤੂੰ ਮੇਰ ਅਤੇ ਤੇਰ ਦੀ ਹਨੇਰੀ ਚਲਾਈ ਹੋਈ ਹੈ, ਆਪ ਵੀ ਆਪਣਾ ਜੀਵਨ ਬਰਬਾਦ ਕਰ ਲਿਆ, ਦੂਜਿਆਂ ਦੀ ਜ਼ਿੰਦਗੀ ਵੀ ਕਲੇਸ਼ ਨਾਲ ਭਰ ਦਿੱਤੀ। ਸੋਚ! ਅੱਜ ਤੱਕ ਕੋਈ ਨਾਲ ਲੈ ਕੇ ਗਿਆ ਹੈ? ਇਹ ਤਾਂ ਇਥੇ ਹੀ ਪੰਛੀ ਵਾਂਗੂੰ ਇੱਕ ਰਾਤ ਦਾ ਬਸੇਰਾ ਹੈ। ਤੈਨੂੰ ਤਾਂ ਇਹ ਹਕੀਕਤ ਸਮਝਣੀ ਚਾਹੀਦੀ ਹੈ:

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥

(ਪੰਨਾ ੧੩੮੨)

ਤੈਨੂੰ ਗੁਰਮਤਿ ਕੂਕ ਕੂਕ ਕੇ ਕਹਿੰਦੀ ਹੈ ਕਿ ਧਰਤੀ ਦੇ ਸਿਕਦਾਰੀ! ਤੂੰ ਦੂਜੇ ਦੇ ਹੱਕ ਖੋਹਣ ਨਹੀਂ ਆਇਆ ਬਲਕਿ ਇਕ ਦੂਜੇ ਨਾਲ ਵੰਡ ਕੇ ਖ਼ੁਸ਼ੀਆਂ ਪ੍ਰਾਪਤ ਕਰ:

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ (ਪੰਨਾ ੬੫੯)

ਪੱਕੀਆਂ ਨੀਂਹਾਂ ਰੱਖਣ ਵਾਲਿਆ! ਆਪਣੀ ਖ਼ੁਦ ਦੀ ਜ਼ਿੰਦਗੀ ਵੱਲ

ਵੇਖ, ਇਸ ਦੀ ਬਣਤਰ ਪਾਣੀ ਦੀ ਕੰਧ ਵਾਂਗ ਹੈ (ਪਾਣੀ ਦੀ ਕੰਧ ਕਿਧਰੇ ਵੀ ਨਹੀਂ ਹੁੰਦੀ ਪਰ ਚਲੋ ਬਰਫ਼ ਰੂਪ ਬਣਾਕੇ ਬਣਾ ਵੀ ਲਈ) ਇਸ ਦਾ ਸਹਾਰਾ ਇਸ ਦਾ ਵਿਰੋਧੀ ਹੈ। ਬਰਫ਼ ਨੂੰ ਹਵਾ ਤੋਂ ਬਚਾ ਕੇ ਰੱਖਣਾ ਪੈਂਦਾ ਹੈ, ਪਰ ਇਥੇ ਪਵਨ ਸੁਆਸ ਹਨ। ਲਹੂ ਦੀਆਂ ਬੂੰਦਾਂ ਬਿੰਦ ਦਾ ਗਾਰਾ ਹੈ। ਹੱਡ ਮਾਸ ਨਾੜੀਆਂ ਦੇ ਪਿੰਜਰ ਵਿੱਚ ਪੰਛੀ ਦਾ ਹੀ ਤਾਂ ਬਸੇਰਾ ਹੈ। ਪੰਛੀ ਵਾਂਗ ਜਿਵੇਂ ਉਹ ਆਲ੍ਹਣਾ ਦਰਖ਼ਤ ਸਭ ਕੁਝ ਛੱਡ ਤੁਰਦਾ ਹੈ ਬਸ ਇਸੇ ਤਰ੍ਹਾਂ ਇਹ ਪੰਛੀ ਸਰੀਰ ਨੂੰ ਛੱਡ ਕੇ ਤੁਰ ਜਾਂਦਾ ਹੈ:

ਰਾਖਹੁ ਕੰਧ ਉਸਾਰਹੁ ਨੀਵਾਂ ॥
ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ (ਪੰਨਾ ੬੫੯)

ਕੰਧ ਕਿਤਨਾ ਸਮਾਂ ਰੱਖਣੀ ਹੈ, ਇਸਨੂੰ ਵੀਚਾਰਕੇ ਨੀਂਹਾਂ ਦੀ ਉਸਾਰੀ ਕਰਦੇ ਹਾਂ। ਜਿਹੜੀ ਕੰਧ ਲੰਮਾ ਸਮਾਂ ਨਾ ਰੱਖਣੀ ਹੋਵੇ ਤਾਂ ਨੀਂਹ ਦੀ ਉਸਾਰੀ ਵੀ ਨਹੀਂ ਕਰਦਾ, ਪਰ ਕੰਧ ਲੰਮਾ ਸਮਾਂ ਰੱਖਣੀ ਹੈ ਭਾਵ ਉੱਤੇ ਉੱਤੇ ਹੋਰ ਬਣਾਉਣਾ ਹੈ ਤਾਂ ਨੀਂਹ ਦੀ ਉਸਾਰੀ ਬਹੁਤ ਡੂੰਘੀ ਕਰਦੇ ਹਾਂ, ਪਰ ਸੱਚ ਇਹ ਹੈ ਕਿ ਜਿਥੇ ਤੇਰੀ ਦੇਹੀ ਸਦੀਵ ਲਈ ਦਬਾਈ ਜਾਂ ਸਾੜੀ ਜਾਣੀ ਹੈ ਉਹ ਜ਼ਮੀਨ ਕੇਵਲ ਸਾਢੇ ਤਿੰਨ ਹੱਥ ਤੇਰੇ ਕੰਮ ਆਉਣੀ ਹੈ। ਹੈਰਾਨੀ ਦੀ ਗੱਲ ਹੈ ਕਿ ਉਸਨੂੰ ਸੁਆਰਨਾ ਤਾਂ ਇੱਕ ਪਾਸੇ, ਉਸਨੂੰ ਕਦੇ ਦੇਖਣ ਵੀ ਨਹੀਂ ਜਾਂਦਾ। ਪੰਖ ਬਸੇਰਾ ਭੁੱਲ ਕੇ ਸਨੇਹਲਾ ਵਾਂਗ:

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ (ਪੰਨਾ ੪੩)

ਬੰਕੇ ਬਾਲ ਪਾਗ ਸਿਰਿ ਡੇਰੀ ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ (ਪੰਨਾ ੬੫੯)

ਆਪਣੇ ਸ਼ਿੰਗਾਰ ਵਿੱਚ ਪੈ ਕੇ ਕਦੇ ਵਾਲਾਂ ਨੂੰ ਸ਼ਿੰਗਾਰਦਾ ਹੈ, ਕਦੇ ਟੇਢੀ ਭਾਵ ਹੰਕਾਰੀਆਂ ਵਰਗੀ ਦਿੱਖ ਵਾਲੀ ਪੱਗੜੀ ਬੰਨ੍ਹਦਾ ਹੈ, ਪਰ ਹਕੀਕਤ ਇਹ ਹੈ ਕਿ ਇਸ ਤਨ ਨੇ ਮਿੱਟੀ ਦੀ ਢੇਰੀ ਹੋ ਜਾਣਾ ਹੈ:

ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥
ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥ (ਪੰਨਾ ੩੩੦)

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥
(ਪੰਨਾ ੧੩੭੯)

ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨੁ ਬਾਜੀ ਹਾਰੀ ॥੪॥ (ਪੰਨਾ ੬੫੯)

ਰਾਮ ਨਾਮ ਜਪ ਕੇ ਜੀਵਨ ਦੀ ਬਾਜ਼ੀ ਨੂੰ ਜਿੱਤਣ ਵਾਲਾ ਦੋ ਚੀਜ਼ਾਂ ਪਿੱਛੇ ਮਨੁੱਖੀ ਜਾਮਾ ਭਾਵ ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦਾ ਹੈ। ਇੱਕ ਕਾਰਨ ਹੈ ਮੇਰਾ ਘਰ ਸਭ ਤੋਂ ਨਿਰਾਲਾ ਦਿਸੇ, ਉੱਚੇ ਘਰ ਨੇ ਮੇਰੇ ਹੰਕਾਰ ਨੂੰ ਵੀ ਉੱਚਾ ਕਰਨਾ ਹੈ; ਦੂਜਾ ਕਾਰਨ ਇਸਤਰੀ ਦੀ ਸੁੰਦਰਤਾ ਨੇ ਜੀਵਨ ਉਜਾੜ ਦਿੱਤਾ। ਅੱਖ ਦੀ ਵਿਕਾਰੀ ਭੁੱਖ ਨੇ ਕਦੇ ਇਸ ਸੰਸਾਰ ਨੂੰ ਹਰੀ ਦਾ ਰੂਪ ਦਿੱਸਣ ਹੀ ਨਹੀਂ ਦਿੱਤਾ :

ਰਾਜੁ ਕਮਾਵੈ ਦਹ ਦਿਸ ਸਾਰੀ ॥
ਮਾਣੈ ਰੰਗ ਭੋਗ ਬਹੁ ਨਾਰੀ ॥
ਜਿਉ ਨਰਪਤਿ ਸੁਪਨੈ ਭੇਖਾਰੀ ॥੩॥ *(ਪੰਨਾ ੧੭੬)*
ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥
(ਪੰਨਾ ੬੫੯)

ਸ਼ਬਦ ਦੇ ਆਖ਼ਰੀ ਬੰਦ ਵਿੱਚ ਪਾਵਨ ਉਪਦੇਸ਼ ਹੈ। ਹੇ ਪ੍ਰਮੇਸ਼ਰ ਜੀਉ! ਦੁਨੀਆਂ ਦੀਆਂ ਨਜ਼ਰਾਂ ਵਿੱਚ ਮੇਰੀ ਜਾਤ ਵੀ ਹਲਕੀ, ਇੱਜ਼ਤ ਵੀ ਹਲਕੀ, ਜਨਮ ਭੀ ਤੁੱਛ ਜਿਹਾ ਹੈ, ਪਰ ਮੈਂ ਸਭ ਕੁਝ ਕਰਣ ਕਾਰਣ ਪ੍ਰਮੇਸ਼ਰ ਜੀਉ! ਤੁਹਾਡੀ ਸ਼ਰਨ ਵਿੱਚ ਆ ਗਿਆ ਹਾਂ ਜਿਥੇ ਕੁਝ ਨਹੀਂ ਵਿਚਾਰਿਆ ਜਾਂਦਾ :

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥
(ਪੰਨਾ ੬੫੯)

ਤੱਤਸਾਰ

ਇਸ ਮੇਰ ਤੇਰ ਦੀ ਪਕੜ ਵਿੱਚੋਂ ਨਿਕਲ ਕੇ ਜ਼ਿੰਦਗੀ ਦੇ ਮਕਸਦ ਨੂੰ ਸਾਹਮਣੇ ਰੱਖ ਕੇ ਨਿਰੰਕਾਰ ਦੀ ਯਾਦ ਵਿੱਚ ਜ਼ਿੰਦਗੀ ਗੁਜ਼ਾਰਨਾ ਹੀ ਅਸਲ ਵਿੱਚ ਸੁਖੀ ਜੀਵਨ ਹੈ। ਸੰਸਾਰ ਵਿੱਚ ਕੁਝ ਬਣ ਕੇ ਦਿਖਾ ਜਾਵਾਂ ਦੀ ਥਾਂ, ਪੰਖਿ ਬਸੇਰਾ ਸਮਝ ਕੇ ਸਭ ਨਾਲ ਪਿਆਰ ਪਾਕੇ ਸੰਸਾਰ ਨੂੰ ਬੇਗਮਪੁਰੇ ਦੀ ਨਗਰੀ ਬਣਾ ਦੇਵਾਂ, ਜਿਥੇ ਆਇਆ ਹਰ ਜੀਵ ਕੁਦਰਤ ਦੇ ਮਹਿਮਾਨ ਵਾਂਗ ਖ਼ੁਸ਼ੀਆਂ ਭਰਿਆ ਜੀਵਨ ਬਸਰ ਕਰੇ।

ਸੋਰਠਿ

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥

(ਪੰਨਾ ੬੫੯)

ਪਨਹੀ—ਜੁੱਤੀਆਂ। ਠਾਉ ਰੋਪਉ—ਥਾਂ ਪੂਰਾ ਕਰਾਂ, ਟਾਕੀ ਲਾਵਾਂ।

ਲੋਗੁ ਗਠਾਵੈ ਪਨਹੀ

ਬਨਾਰਸ ਦੀ ਧਰਤੀ ਸਨਾਤਨੀ ਧਰਮ ਦਾ ਅਸਥਾਨ ਹੋਣ ਕਰਕੇ ਇਥੇ ਬ੍ਰਾਹਮਣੀ ਮਤ ਦਾ ਬਹੁਤ ਹੀ ਪ੍ਰਭਾਵ ਹੈ। ਇਹ ਕੁਦਰਤਿ ਦਾ ਅਦੁੱਤੀ ਖੇਲ ਹੈ ਕਿ ਅਜਿਹੇ ਕਰਮ-ਕਾਂਡੀਆਂ ਅਤੇ ਹੰਕਾਰੀਆਂ ਦੇ ਝੂਠੇ ਹੰਕਾਰ ਤੋੜ ਕੇ ਉਹਨਾਂ ਨੂੰ ਜਾਂ ਉਹਨਾਂ ਦੇ ਜਾਮੇ ਵਿੱਚ ਫਸੇ ਮਨੁੱਖ ਨੂੰ ਸੱਚ ਦਾ ਰਾਹ ਦਿਖਾਉਣ ਲਈ ਪ੍ਰਮੇਸ਼ਰ ਜੀ ਨੇ ਰਵਿਦਾਸ, ਕਬੀਰ ਸਾਹਿਬ ਜੀ ਵਰਗੇ ਮਹਾਨ ਕ੍ਰਾਂਤੀਕਾਰੀਆਂ ਨੂੰ ਉਥੇ ਹੀ ਪ੍ਰਗਟ ਕੀਤਾ, ਜਿਹਨਾਂ ਨੇ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਰਾਹ ਕਰਤੇ ਪੁਰਖ ਦੀ ਸਿਫ਼ਤ ਸਲਾਹ ਦੱਸਿਆ। ਇਹਨਾਂ ਨੂੰ ਜਿਹੜਾ ਸਭ ਤੋਂ ਵੱਧ ਮੁਕਾਬਲਾ ਕਰਨਾ ਪਿਆ, ਉਹ ਜਾਤਿ ਹੰਕਾਰੀਆਂ ਦਾ ਸੀ। ਦੋ ਗੱਲਾਂ ਸਮਝਣ ਵਾਲੀਆਂ ਹਨ। ਇੱਕ ਹੈ ਜਾਤਿ ਦਾ ਹੰਕਾਰ; ਦੂਜਾ ਹੈ ਜਾਤਿ ਉੱਤੇ ਮਾਣ। ਬ੍ਰਾਹਮਣ ਉੱਚੀ ਜਾਤਿ ਦਾ ਹੰਕਾਰ ਕਰਦਾ ਹੈ, ਪਰ ਭਗਤ ਕਬੀਰ ਜੀ, ਰਵਿਦਾਸ ਜੀ ਮਾਣ ਕਰਦੇ ਹਨ ਕਿ ਸਾਨੂੰ ਤਾਂ ਸਗੋਂ ਅਜਿਹੀ ਜਾਤ ਉੱਤੇ ਮਾਣ ਹੈ ਜਿਸ ਵਿੱਚ ਰਹਿ ਕੇ ਅਸੀਂ ਪ੍ਰਮੇਸ਼ਰ ਦੀ ਇਬਾਦਤ ਕਰਕੇ ਪਰਮਾਤਮਾ ਦਾ ਹੀ ਰੂਪ ਹੋ ਗਏ। ਇਸੇ ਲਈ ਇਹਨਾਂ ਨੇ ਆਪ ਖ਼ੁਦ ਮਾਣ ਨਾਲ ਅਨੇਕਾਂ ਥਾਵਾਂ 'ਤੇ ਆਪਣੇ ਆਪ ਨੂੰ ਜੁਲਾਹਾ ਜਾਂ ਚਮਾਰ ਕਹਿ ਕੇ ਸੰਬੋਧਨ ਕੀਤਾ ਹੈ। ਵੈਸੇ ਵੀ ਗੁਰਮਤਿ ਜਾਤ ਦਾ ਪੂਰਨ ਖੰਡਨ ਕਰਦੀ ਹੈ:

ਆਗੈ ਜਾਤਿ ਰੂਪੁ ਨ ਜਾਇ ॥
ਤੇਹਾ ਹੋਵੈ ਜੇਹੇ ਕਰਮ ਕਮਾਇ ॥ (ਪੰਨਾ ੩੬੩)

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥
(ਪੰਨਾ ੪੨੬)

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪੰਨਾ ੧੩੩੦)

ਸੋ ਜਿਵੇਂ ਕਬੀਰ ਸਾਹਿਬ ਨੇ ਆਖਿਆ ਹੈ ਕਿ ਜੇਕਰ ਸੂਤ ਦੇ ਪਾਉਣ ਨਾਲ ਤੂੰ ਉੱਤਮ ਜਾਤੀ ਦਾ ਹੋ ਸਕਦਾ ਹੈਂ ਤਾਂ ਸਾਡੇ ਘਰ ਤਾਂ ਹਰ ਪਾਸੇ ਹੀ ਸੂਤ ਹੀ ਸੂਤ ਟੰਗਿਆ ਪਿਆ ਹੈ ਫਿਰ ਤਾਂ ਮੈਂ ਵੱਡਾ ਬ੍ਰਾਹਮਣ ਹੋਇਆ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥

(ਪੰਨਾ ੪੮੨)

ਇਸੇ ਤਰ੍ਹਾਂ ਰਵਿਦਾਸ ਜੀ ਨੇ ਆਖਿਆ ਕਿ ਜੇਕਰ ਚੰਮ ਦੀ ਕਦਰ ਕਰਨ ਵਾਲਾ ਚਮਾਰ ਹੈ ਤਾਂ ਸਭ ਤੋਂ ਵੱਡੇ ਤੁਸੀਂ ਚਮਾਰ ਹੋ। ਤੁਸੀਂ ਹੀ ਤਾਂ ਚੰਮ ਦੀ ਕਦਰ ਕਰਕੇ ਮਨੁੱਖਤਾ ਵਿੱਚ ਵੰਡੀ ਪਾਈ ਹੈ। ਹਰ ਇੱਕ ਦਾ ਚੰਮ ਤੁਸੀਂ ਪੂਰਨ ਧਿਆਨ ਨਾਲ ਪਰਖਦੇ ਹੋ, ਤੁਹਾਡੇ ਤੋਂ ਵੱਡਾ ਚਮਾਰ ਦੁਨੀਆਂ ਵਿੱਚ ਲੱਭਣਾ ਔਖਾ ਹੈ। ਸਾਨੂੰ ਮਾਣ ਹੈ ਕਿ ਅਸੀਂ ਤਾਂ ਬ੍ਰਹਮ ਦੀ ਪਹਿਚਾਣ ਕਰਨ ਵਾਲੇ ਬ੍ਰਾਹਮਣ ਹਾਂ। ਇਸ ਸ਼ਬਦ ਵਿੱਚ ਸਰੀਰ ਰੂਪ ਚੰਮ ਨਾਲ ਹੀ ਜੁੜ ਕੇ ਜਨਮ ਗਵਾ ਰਹੇ ਲੋਕਾਂ ਦਾ ਜ਼ਿਕਰ ਹੈ। ਇਹ ਸ਼ਬਦ ਜਿੰਨਾ ਸੁਖੈਨ ਜਾਪਦਾ ਹੈ ਅਸਲ ਵਿੱਚ ਉੱਨਾ ਹੀ ਗਹਿਰਾ ਹੈ:

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥ *(ਪੰਨਾ ੬੫੯)*

ਮਾਨੋ, ਇੱਕ ਬੰਦੇ ਨੇ ਚੰਮ ਦੀ ਜੁੱਤੀ ਲਈ। ਉਹ ਜੁੱਤੀ ਨਾਲ ਇਹਨਾਂ ਕੁ ਪ੍ਰੇਮ ਕਰਨ ਲੱਗ ਪਿਆ ਕਿ ਜਦੋਂ ਜਦੋਂ ਇਹ ਜੁੱਤੀ ਪੁਰਾਣੀ ਹੋ ਕੇ ਟੁੱਟਦੀ ਜਾਂਦੀ ਹੈ, ਤਿਉਂ-ਤਿਉਂ ਉਹ ਬੰਦਾ ਇਸ ਦੀ ਮੁਰੰਮਤ ਕਰਵਾਉਂਦਾ ਹੈ। ਇਸ ਨੂੰ ਤਿਆਗ ਕੇ ਹੋਰ ਜੁੱਤੀ ਲੈਣ ਲਈ ਤਿਆਰ ਨਹੀਂ ਬਲਕਿ ਇਸੇ ਨੂੰ ਵਾਰ-ਵਾਰ ਕੋਸ਼ਿਸ਼ ਕਰਦਾ ਹੈ ਕਿ ਮੇਰੇ ਕੋਲੋਂ ਇਸ ਦਾ ਵਿਛੋੜਾ ਨਾ ਪਵੇ। ਹੁਣ ਸੋਚੋ ਉਹ ਬੰਦਾ ਚੰਮ ਨਾਲ ਕਿੰਨਾ ਪਿਆਰ ਕਰਦਾ ਹੈ ਅਤੇ ਚੰਮ ਨਾਲ ਪ੍ਰੇਮ ਕਰਨ ਕਰਕੇ ਇੱਕ ਨੰਬਰ ਦਾ ਚਮਾਰ ਹੈ। ਬਸ ਇਸੇ ਤਰ੍ਹਾਂ ਆਤਮਾ ਨੂੰ ਪਰਮਾਤਮਾ ਦੇ ਦਰ 'ਤੇ ਜਾਣ ਲਈ ਮਨੁੱਖਾ ਸਰੀਰ ਇੱਕ ਚੰਮ ਦਾ ਅਕਾਰ ਹੈ। ਜਿਉਂ-ਜਿਉਂ ਇਹ ਪੁਰਾਣਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਫ਼ਿਕਰ ਵੱਧਦਾ ਜਾਂਦਾ ਹੈ। ਇਸਨੂੰ ਗੰਢ ਤਰੁੱਪ ਕਰਕੇ ਹੋਰ ਲਮੇਰਾ ਸਮਾਂ ਰੱਖਣਾ ਚਾਹੁੰਦਾ ਹੈ। ਇਸ ਨਾਲ ਪ੍ਰੇਮ ਹੋਣ ਕਰਕੇ ਤਿਆਗਣਾ ਨਹੀਂ ਚਾਹੁੰਦਾ। ਮੈਂ ਚਮਾਰ ਹੋ ਕੇ ਵੀ ਚੰਮ ਵਿੱਚੋਂ ਮੁਕਤ ਹੋ ਗਿਆ ਹਾਂ, ਤੂੰ ਬ੍ਰਾਹਮਣ ਹੋ ਕੇ ਚੰਮ ਵਿੱਚ ਫਸੀ ਬੈਠਾ ਹੈਂ, ਫਿਰ ਆਪ ਸੋਚ ਚੰਮ ਨਾਲ ਪ੍ਰੇਮ ਕਰਕੇ ਚਮਾਰ ਕੌਣ ਹੋਇਆ। ਮੈਂ ਚਮਾਰ ਹੋ ਕੇ ਵੀ ਇਸ ਸਰੀਰ ਰੂਪੀ ਜੁੱਤੀ ਨੂੰ ਗੰਢਣਾ ਨਹੀਂ ਜਾਣਦਾ, ਤੂੰ ਬ੍ਰਾਹਮਣ ਹੋ ਕੇ ਇਸ ਨੂੰ ਥਾਂ ਪਰ ਥਾਂ ਗੰਢਾਂ ਲਗਵਾਉਣ ਦੀ ਕੋਸ਼ਿਸ਼ ਕਰਦਾ ਹੈਂ। "ਲੋਗੁ ਗਠਾਵੈ ਪਨਹੀ" ਦਾ ਅਰਥ ਹੈ ਲੋਕ ਇਸ ਸਰੀਰ ਰੂਪ ਜੁੱਤੀ ਨੂੰ ਗੰਢਾਉਣ ਦੇ ਚੱਕਰ ਵਿੱਚ ਹਨ ਨਾ ਕਿ ਰੱਬ ਦੀ ਭਗਤੀ ਕਰਕੇ ਇਸ ਤੋਂ ਮੁਕਤ ਹੋਣਾ ਚਾਹੁੰਦੇ ਹਨ। ਮੈਂ ਇਸ ਜੁੱਤੀ ਵਿੱਚੋਂ ਪ੍ਰੇਮ ਕੱਢ ਭਾਵ ਸਰੀਰ ਦਾ ਮੋਹ ਤਿਆਗ ਕੇ ਰੱਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਨੂੰ ਇਸ ਸਰੀਰ ਰੂਪ ਚੰਮ ਦੀ ਲੋੜ

ਨਹੀਂ। ਇਹ ਭਾਵੇਂ ਖ਼ਤਮ ਹੋ ਜਾਵੇ ਪਰ ਮੇਰੇ ਕੋਲੋਂ ਤੇਰੇ ਚਰਨਾਂ ਦਾ ਵਿਛੋੜਾ ਨਾ ਪਵੇ:

ਚਰਣ ਨ ਛਾਡਉ ਸਰੀਰ ਕਲ ਜਾਈ ॥੨॥ (ਪੰਨਾ ੩੪੫)

ਭਲਿਆ, ਚੰਮ ਦੀ ਪਕੜ ਤੇਰੇ ਮਨ ਵਿੱਚ ਹੈ, ਮੇਰੇ ਮਨ ਵਿੱਚ ਤਾਂ ਰੱਬੀ ਪ੍ਰੇਮ ਦੀ ਪਕੜ ਹੈ:

ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥੧॥ (ਪੰਨਾ ੬੫੯)

ਜਦੋਂ ਜੁੱਤੀ ਕਿਤੋਂ ਟੁੱਟ ਜਾਂਦੀ ਸੀ ਤਾਂ ਉਸ ਵਿੱਚੋਂ ਛੇਕ ਕਰਕੇ ਇੱਕ ਔਜ਼ਾਰ ਜਿਸਨੂੰ ਆਰ ਕਹਿੰਦੇ ਹਨ, ਨਾਲ ਹੀ ਉਸ ਵਿਚ ਧਾਗਾ ਪਾ ਕੇ ਸੀਅ ਦਿੱਤੀ ਜਾਂਦੀ ਸੀ। ਜਦੋਂ ਕਦੇ ਇਹ ਛੇਕ ਭਾਵ ਜੁੱਤੀ ਬਹੁਤੀ ਟੁੱਟ ਜਾਵੇ ਤਾਂ ਉਸ ਉੱਤੇ ਫੱਟੇ ਹੋਏ ਕੱਪੜੇ ਵਾਂਗ ਹੋਰ ਕੱਪੜਾ ਰੱਖਕੇ, ਸੀਅ ਕੇ ਟਾਕੀ ਲਾਈ ਜਾਂਦੀ ਹੈ। ਇਸੇ ਤਰ੍ਹਾਂ ਟੁੱਟੀ ਜੁੱਤੀ ਨੂੰ ਵੀ ਹੋਰ ਚੰਮ ਦਾ ਟੁੱਕੜਾ ਰੱਖਕੇ ਸੀਅ ਦਿੱਤਾ ਜਾਂਦਾ ਸੀ। ਜਿਸ ਨਾਲ ਚੰਮ ਦੀ ਟੁਕੜੀ ਕੱਟੀ ਜਾਂਦੀ ਹੈ, ਉਸ ਨੂੰ ਰੰਬੀ ਆਖਦੇ ਹਨ। ਹੁਣ ਮੁਸ਼ਕਲ ਇਹ ਹੈ ਕਿ ਨਾ ਤਾਂ ਰੰਬੀ ਹੀ ਹੈ ਅਤੇ ਨਾ ਹੀ ਸਰੀਰ ਰੂਪ ਜੁੱਤੀ ਨੂੰ ਟਾਕੀ ਲਾਉਣ ਵਾਲਾ ਹੋਰ ਚਮੜਾ ਹੈ। ਇਨ੍ਹਾਂ ਪਾਵਨ ਪੰਗਤੀਆਂ ਦਾ ਭਾਵ ਹੈ ਕਿ ਇਹ ਸਰੀਰ ਰੂਪ ਜੁੱਤੀ ਦੀ ਮੁਰੰਮਤ ਨਹੀਂ ਹੋ ਸਕਦੀ, ਮੂਰਖ ਮਨਾ! ਇਸਨੂੰ ਤਿਆਗਣ ਦੀ ਤਿਆਰੀ ਕਰ, ਆਪਣੀ ਬਿਰਤੀ ਸਰੀਰ ਵਿੱਚੋਂ ਕੱਢ ਕੇ ਪ੍ਰਮੇਸ਼ਰ ਦੇ ਨਾਮ ਨਾਲ ਲਾ, ਸੱਚਾ ਬ੍ਰਹਮ ਪਹਿਚਾਣ ਕੇ ਬ੍ਰਾਹਮਣ ਬਣ, ਚਮੜੇ ਦੇ ਸਰੀਰ ਨਾਲ ਜੁੜ ਕੇ ਚਮਾਰ ਨਾ ਬਣ। ਮੈਂ ਤੇਰੇ ਕਹਿਣ ਅਨੁਸਾਰ ਚਮਾਰਾਂ ਦੇ ਘਰ ਜਨਮ ਲੈ ਕੇ ਚਮੜੇ ਦਾ ਕਾਰੋਬਾਰ ਕਰਕੇ ਇੱਕ ਅਜਿਹਾ ਬ੍ਰਾਹਮਣ ਬਣ ਗਿਆ ਜਿਸਨੂੰ ਆਮ ਦੁਨੀਆਂ ਤਾਂ ਕੀ, ਤੇਰੇ ਹੀ ਭਰਾ ਮੈਨੂੰ ਨਮਸਕਾਰਾਂ ਕਰਦੇ ਹਨ:

ਬਿਪ੍ਰ ਕਰਹਿ ਡੰਡਉਤਿ ॥ (ਪੰਨਾ ੧੨੯੩)

ਪਰ ਤੈਨੂੰ ਬ੍ਰਾਹਮਣਾਂ ਦੇ ਘਰ ਜਨਮ ਲੈ ਕੇ ਬ੍ਰਾਹਮਣਾਂ ਵਾਲੇ ਕਰਮ ਕਰਕੇ ਵੀ ਲੋਕ ਬਨਾਰਸ ਦਾ ਠੱਗ ਕਹਿੰਦੇ ਹਨ। ਤੂੰ ਅਸਲ ਵਿੱਚ ਚਮਾਰਾਂ ਤੋਂ ਵੀ ਮਾੜਾ ਹੈਂ:

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥ (ਪੰਨਾ ੬੫੯)

ਲੋਕ ਦਿਨ ਰਾਤ ਹੋਰ ਜੀਉਣ ਦੀ ਆਸ ਨਾਲ ਹਰ ਰੋਜ਼ ਇਸ ਚੰਮ ਨੂੰ ਸੰਭਾਲ ਸੰਭਾਲ ਰੱਖਦੇ ਹਨ। ਇਸ ਨਾਲ ਪ੍ਰੀਤ ਪਾ ਕੇ ਰੱਬ ਤੋਂ ਟੁੱਟ ਕੇ ਬਹੁਤ

ਹੀ ਖ਼ੁਆਰ ਹੋ ਰਹੇ ਹਨ ਪਰ ਅਸੀਂ ਤਾਂ ਇਸ ਦੀ ਗੰਢ ਤਰੁੱਪ ਕਰਨ ਦੀ ਬਜਾਇ ਪ੍ਰਭੂ ਮਿਲਾਪ ਦੇ ਮਕਸਦ ਨੂੰ ਮੁੱਖ ਰੱਖਕੇ ਇਸ ਨਾਲ ਬੰਦਗੀ ਕਰਕੇ ਪ੍ਰਮੇਸ਼ਰ ਜੀ ਨਾਲ ਸਾਚੀ ਪ੍ਰੀਤ ਪਾ ਲਈ ਹੈ :

ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥ *(ਪੰਨਾ ੬੫੯)*

ਮੈਂ ਰਵਿਦਾਸ ਨੇ ਤਾਂ ਰੱਬੀ ਬੰਦਗੀ ਕਰਕੇ ਪਰਮਾਤਮਾ ਨਾਲ ਮਿਲਾਪ ਕਰ ਲਿਆ ਜਿਸ ਕਰਕੇ ਮੇਰਾ ਹੁਣ ਜਮ ਨਾਲ ਵੀ ਕੋਈ ਵਾਸਤਾ ਨਹੀਂ ਰਹਿ ਗਿਆ, ਪਰ ਐ ਦੁਨੀਆਂ ਦੇ ਲੋਕੋ! ਚੰਮ ਦੀ ਪ੍ਰੀਤ ਛੱਡ ਕੇ ਰੱਬ ਨਾਲ ਪ੍ਰੀਤ ਪਾਈਏ, ਨਹੀਂ ਤਾਂ ਅੱਗੇ ਫਿਰ ਚਮੜਿਆਂ ਦੇ ਹੀ ਬਣੇ ਸਰੀਰਾਂ ਭਾਵ ਜੰਮਣ ਮਰਨ ਵਿੱਚ ਭਟਕਣਾ ਪਵੇਗਾ।

ਤੱਤਸਾਰ

ਜਨਮ ਰੱਬ ਦੀ ਦੇਣ ਹੈ, ਇਸ ਲਈ ਰੱਬੀ ਦਰਬਾਰ ਵਿੱਚ ਜਨਮ ਦੀ ਵੀਚਾਰ ਨਹੀਂ ਹੁੰਦੀ। ਕਰਮ ਮਨੁੱਖੀ ਵਤੀਰਾ ਹੈ ਇਸ ਲਈ **ਕਰਮੀ ਕਰਮੀ ਹੋਇ ਵੀਚਾਰ ॥ ਸਚਾ ਆਪ ਸਚਾ ਦਰਬਾਰ ॥** ਕੋਈ ਵੀ ਜਨਮ ਕਰਕੇ ਉੱਚਾ ਨੀਵਾਂ ਨਹੀਂ ਬਲਕਿ ਕਰਮਾਂ ਕਰਕੇ ਹੈ। ਜੇਕਰ ਕੋਈ ਬ੍ਰਾਹਮਣ ਦੇ ਘਰ ਜਨਮ ਲੈ ਕੇ ਵੀ ਮਾੜੇ ਕਰਮ ਕਰਦਾ ਹੈ ਤਾਂ ਉਹ ਨੀਚ ਜਾਤ ਹੈ ਪਰ ਜੇਕਰ ਕੋਈ ਮਿਹਨਤੀ ਲੋਕਾਂ ਦੇ ਘਰ ਜਨਮ ਲੈ ਕੇ ਕਰਮ ਚੰਗੇ ਕਰਦਾ ਹੈ ਤਾਂ ਉਹ ਬ੍ਰਾਹਮਣਾਂ ਤੋਂ ਵੀ ਉੱਤਮ ਹੈ। ਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ :

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥੨॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥
(ਪੰਨਾ ੭੩੩)

ਧਨਾਸਰੀ ਭਗਤ ਰਵਿਦਾਸ ਜੀ ਕੀ॥

ੴ ਸਤਿਗੁਰ ਪ੍ਰਸਾਦਿ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ॥੨॥੧॥

(ਪੰਨਾ ੬੯੪)

ਪਤੀਆਰੁ—ਪਰਤਾਵਾ। ਅਬੋਲ—ਚੁਪ। ਕਾਰਨੇ—ਲਈ, ਤੋਂ। ਆਸ—ਭਰੋਸਾ। ਚਿਰ ਭਇਓ—ਲਮੇਰਾ ਸਮਾਂ।

ਕਾਰਨ ਕਵਨ ਅਬੋਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਸਲ ਵਿੱਚ ਉਹਨਾਂ ਪਾਕਿ ਦਿਲਾਂ ਦਾ ਕਲਾਮ ਹੈ ਜਿਹਨਾਂ ਨੇ ਪਰਮਾਤਮ ਦੇਵ ਨਾਲ ਅਤੇ ਆਤਮਾ ਨਾਲ ਸਿੱਧਾ ਵਾਰਤਾਲਾਪ ਕੀਤਾ ਹੈ। ਆਤਮਾ ਦੇ ਬੋਲਾਂ ਦਾ ਨਾਂ ਅਰਦਾਸ ਬਣ ਗਿਆ। ਰੱਬ ਵੱਲੋਂ ਦਿੱਤੇ ਜਵਾਬਾਂ ਦਾ ਨਾਂ "ਹੁਕਮਾਉ ਜੀਉ" ਭਾਵ ਰੱਬੀ ਹੁਕਮ ਬਣ ਗਿਆ। ਕਹੁ ਨਾਨਕ, ਕਹੁ ਰਵਿਦਾਸ ਜਾਂ ਕਹੁ ਕਬੀਰ ਆਦਿਕ ਬਚਨ ਅਜਿਹੇ ਸੱਚੀ ਮਿਸਾਲ ਲਈ ਹਨ ਜਦੋਂ ਪ੍ਰਮੇਸ਼ਰ ਜੀ ਨੇ ਗੁਰੂ ਨਾਨਕ ਸਾਹਿਬ, ਰਵਿਦਾਸ ਸਾਹਿਬ ਜੀ ਨੂੰ ਜਾਂ ਕਬੀਰ ਸਾਹਿਬ ਜੀ ਨੂੰ ਆਖਿਆ ਕਿ ਇਹ ਗੱਲ ਮਨੁੱਖਤਾ ਨੂੰ ਕਹੁ ਅਤੇ ਉਹ ਦਰਵੇਸ਼ੀ ਚੋਲਿਆਂ ਵਿੱਚ ਵਸਦੀਆਂ ਪਾਕਿ ਰੂਹਾਂ ਉਸ ਤਰ੍ਹਾਂ ਹੀ ਬੋਲੀਆਂ। ਲਿਖਣ ਤੋਂ ਭਾਵ ਹੈ ਕਿ ਇਥੇ ਸਿੱਧੀਆਂ ਰੱਬ ਨਾਲ ਗੱਲਾਂ ਹੋਈਆਂ ਹਨ। ਸੱਚੀਆਂ ਪ੍ਰੀਤਾਂ ਦੇ ਵਣਜਾਰਿਆਂ ਨਾਲ ਕਦੇ ਨਾ ਬਚਨ ਸਾਂਝੇ ਹੋਏ ਹੋਣ, ਉਹ ਤਾਂ ਫਿਰ ਕੁਰਲਾ ਉਠਦੇ ਹਨ। ਹਿਰਦੇ ਦੀ ਦੁਨੀਆਂ ਠੰਡੇ ਹਉਕੇ ਭਰ ਕੇ ਕਹਿੰਦੀ ਹੈ ਕਿ "ਕਾਰਨ ਕਵਨ ਅਬੋਲ"।

ਜਿਹਨਾਂ ਨੇ ਰੱਬ ਨਾਲ ਗੱਲਾਂ ਕੀਤੀਆਂ, ਉਹਨਾਂ ਨੇ ਹੀ ਤਾਂ ਦੱਸਿਆ ਹੈ ਕਿ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥

(ਪੰਨਾ ੭੮੪)

ਜਾਂ ਫਿਰ ਅੰਮ੍ਰਿਤ ਬਚਨ ਹੈ ਕਿ :

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ (ਪੰਨਾ ੯੬)

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥ (ਪੰਨਾ ੭੨੭)

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥੧੯੭॥

(ਪੰਨਾ ੧੩੭੫)

ਹੁਣ ਸਾਈਂ ਬੋਲਿਆ ਹੋਵੇਗਾ ਤਦ ਹੀ ਮਿੱਠ ਬੋਲੜੇ ਦਾ ਪਤਾ ਲੱਗਾ, ਤਦ ਹੀ ਪਤਾ ਲੱਗਾ ਕਿ:

ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੁੋਲਾਈਆ ॥ (ਪੰਨਾ ੧੦੯੮)

ਜੇ ਸਾਈਂ ਬੋਲਦਾ ਹੋਵੇਗਾ ਤਦ ਹੀ ਕਬੀਰ ਸਾਹਿਬ ਨਾਲ ਝਗੜਾ ਹੋਇਆ ਹੋਵੇਗਾ। ਇਸੇ ਤਰ੍ਹਾਂ ਹੀ ਰਵਿਦਾਸ ਜੀ ਨਾਲ ਹਰ ਰੋਜ਼ ਬੋਲਣ ਵਾਲਾ ਜੇ ਕਦੇ ਨਾ ਬੋਲਿਆ ਹੋਵੇਗਾ ਤਦ ਹੀ ਦਿਲ ਦੀ ਪੁਕਾਰ ਬਣਕੇ ਇਹ ਸ਼ਬਦ ਨਿਕਲੇ ਕਿ ਹੇ ਪਿਆਰੇ ਜੀਉ "ਕਾਰਨ ਕਵਨ ਅਬੋਲ"।

ਭਗਤ ਨਾਮਦੇਵ ਜੀ ਅਤੇ ਤ੍ਰਿਲੋਚਨ ਜੀ ਦੀ ਇੱਕ ਬਹੁਤ ਸੋਹਣੀ ਵਾਰਤਾ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ ਕਿ ਦੋਵੇਂ ਜਣੇ ਇਕੱਠੇ ਰੱਬ ਦੀ ਬੰਦਗੀ ਕਰਦੇ ਹਨ ਪਰ ਨਾਮਦੇਵ ਜੀ ਰੱਬ ਨਾਲ ਹੋਈਆਂ ਗੱਲਾਂ ਦੱਸਦੇ ਤਾਂ ਤ੍ਰਿਲੋਚਨ ਜੀ ਨੇ ਬੇਨਤੀ ਕੀਤੀ ਕਿ ਮੇਰੀ ਵੀ ਬੇਨਤੀ ਰੱਬ ਨੂੰ ਕਰੀਂ ਕਿ ਮੈਂ ਤੇਰੇ ਦੀਦਾਰ ਕਿਵੇਂ ਕਰ ਸਕਦਾ ਹਾਂ? ਨਾਮਦੇਵ ਜੀ ਪੁੱਛ ਕੇ ਜੋ ਠਾਕੁਰ ਜੀ ਨੇ ਹੱਸਕੇ ਜਵਾਬ ਦਿੱਤਾ, ਉਹ ਵੀ ਦੱਸਦੇ ਹਨ। ਪਵਿੱਤਰ ਬਚਨ ਹੈ:

ਦਰਸਨ ਦੇਖਣ ਨਾਮਦੇਉ ਭਲਕੇ ਉਠ ਤ੍ਰਿਲੋਚਨ ਆਵੈ ॥
ਭਗਤਿ ਕਰਨਿ ਮਿਲ ਦੋਇ ਜਣੈ ਨਾਮਦੇਉ ਹਰਿ ਚਲਾਤ ਸੁਣਾਵੈ ॥
ਮੇਰੀ ਭੀ ਕਰਿ ਬੇਨਤੀ ਦਰਸਨ ਦੇਖਾਂ ਜਿ ਤਿਸ ਭਾਵੈ ॥
ਠਾਕੁਰ ਜੀ ਨੂੰ ਪੁਛਿਓਸ ਦਰਸਨ ਕਿਵੇ ਤ੍ਰਿਲੋਚਨ ਪਾਵੈ ॥
ਹੱਸਕੇ ਠਾਕੁਰ ਬੋਲਿਆ ਨਾਮਦੇਉ ਨੂੰ ਕਹਿ ਸਮਝਾਵੈ ॥
ਹਥ ਨ ਆਵੈ ਭੇਟ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ ॥
ਹਉ ਅਧੀਨ ਹਾਂ ਭਗਤਿ ਦੇ ਪਹੁੰਚ ਨ ਹੰਘਾ ਭਗਤੀ ਦਾਵੈ ॥
ਹੋਇ ਵਿਚੋਲਾ ਆਣ ਮਿਲਾਵੈ ॥

ਭਗਤ ਨਾਮਦੇਵ ਜੀ ਦਾ ਵਰਤਾਲਾਪ ਰੱਬੀ ਬਾਣੀ ਵਿੱਚ ਵੀ ਅੰਕਿਤ ਹੈ। ਅਜਿਹੇ ਬਚਨ ਭਾਵੇਂ ਰਮਜ਼ਾਂ ਭਰੇ ਹਨ ਪਰ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਆਤਮਾ ਦਾ ਪਰਮਾਤਮਾ ਨਾਲ ਵਰਤਾਲਾਪ ਹੈ। ਇਸ ਲਈ ਇੱਕ ਤੜਪ ਪੈਦਾ ਹੋਈ ਤੇ ਅਰਦਾਸ ਬਣੀ ਕਿ:

ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥ (ਪੰਨਾ ੬੯੪)

ਮੈਂ ਬਲਿਹਾਰ ਜਾਂਦਾ ਹਾਂ, ਮੈਂ ਸਦਕੇ ਜਾਂਦਾ ਹਾਂ, ਕੀ ਸਬੱਬ ਹੈ ਅੱਜ ਤੁਸੀਂ ਬੋਲਦੇ ਨਹੀਂ? ਮੈਂ ਤੁਹਾਡੇ ਤੋਂ ਬਿਨਾਂ ਨਹੀਂ ਰਹਿ ਸਕਦਾ:

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥ (ਪੰਨਾ ੬੯੪)

ਬੋਲਾਂ ਦੀ ਸਾਂਝ ਦਾ ਟੁੱਟਣਾ ਨਰਾਜ਼ਗੀ ਦਾ ਪ੍ਰਗਟਾਵਾ ਹੁੰਦਾ ਹੈ। ਨਰਾਜ਼ਗੀ ਦੂਰ ਕਰਨ ਲਈ ਮਿੰਨਤ ਹੀ ਇੱਕੋ ਇੱਕ ਸਾਧਨ ਹੈ, ਫਿਰ ਮਿੰਨਤ ਤਰਲਾ ਵੀ ਅਜਿਹੇ ਢੰਗ ਦਾ ਹੋਵੇ ਜਿਥੇ ਸਾਰੀਆਂ ਗ਼ਲਤੀਆਂ ਆਪਣੀਆਂ ਮੰਨ ਕੇ ਸਾਂਈਂ ਵਿੱਚ ਸਾਰੇ ਗੁਣਾਂ ਦਾ ਜ਼ਿਕਰ ਕਰਨਾ ਕਿਉਂਕਿ ਭੁੱਲ ਕਰਨਾ ਸਾਡਾ ਸੁਭਾਅ ਹੈ, ਉਸਦਾ ਤਾਂ ਸਾਡੀਆਂ ਭੁੱਲਾਂ ਮਾਫ਼ ਕਰਨ ਦਾ ਸੁਭਾਅ ਹੈ। ਇਸ ਲਈ ਮੈਂ ਕਬੂਲ ਕਰਦਾ ਹਾਂ ਕਿ ਮੇਰੇ ਵਰਗਾ ਦੀਨ ਅਤੇ ਤੇਰੇ ਵਰਗਾ ਦਇਆਲੂ ਕੋਈ ਨਹੀਂ। ਹੁਣ ਫਿਰ ਇਸ ਤੋਂ ਉੱਤੇ ਹੋਰ ਕਿਸ ਗੱਲ ਦਾ ਪਰਤਾਵਾ ਕਰਨਾ ਹੈ ਭਾਵ ਵੀਚਾਰਨ ਵਾਲਾ ਕੁਝ ਵੀ ਨਹੀਂ ਰਹਿ ਜਾਂਦਾ। ਫਿਰ ਅਗਲੀ ਗੱਲ ਇਹ ਹੈ ਕਿ ਤੁਸੀਂ ਜੋ ਵੀ ਕਹੋਗੇ ਮੈਨੂੰ ਪ੍ਰਵਾਨ ਹੈ ਕਿਉਂਕਿ ਤੁਹਾਡੇ ਬੋਲਾਂ ਨਾਲ ਮੇਰਾ ਮਨ ਮੰਨਦਾ ਹੈ, ਖ਼ੁਸ਼ ਹੁੰਦਾ ਹੈ। ਫਿਰ ਹੁਣ ਤੁਸੀਂ ਕਿਰਪਾ ਕਰਕੇ ਆਪਣੇ ਸੇਵਕ ਨੂੰ ਪੂਰਨ ਦੀਦਾਰ ਤੇ ਅੰਮ੍ਰਿਤ ਬੋਲਾਂ ਦੀ ਸਾਂਝ ਬਖ਼ਸ਼ੋ ਜੀ। ਅਜਿਹਾ ਹੀ ਬਚਨ ਭਾਈ ਗੁਰਦਾਸ ਜੀ ਵੀ ਆਖਦੇ ਹਨ ਕਿ ਮੰਨਿਆ ਸਾਡੇ ਔਗੁਣਾਂ ਦਾ ਅੰਤ ਨਹੀਂ ਪਰ ਤੇਰੀ ਬਖ਼ਸ਼ਿਸ਼ ਦਾ ਵੀ ਤਾਂ ਅੰਤ ਨਹੀਂ, ਬੇ-ਸ਼ੁਮਾਰ ਹੈ:

ਤੋ ਸੋ ਨਾਥ ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ॥
ਮੋ ਸੋ ਨ ਦੀਨ ਦਯਾਲ ਨ ਤੋਸਰ, ਮੋ ਸੋ ਅਗਿਆਨ ਨ ਤੋ ਸੋ ਵੀਚਾਰੀ॥
ਮੋ ਸੋ ਨ ਪਤਿਤ ਪਾਵਨ ਨ ਤੋਸਰ, ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ॥
ਮੇਰੇ ਹੈ ਅਵਗੁਨ ਤੂੰ ਗੁਨ ਸਾਗਰ, ਜਾਤ ਰਸਾਤਲ ਓਟ ਤੁਹਾਰੀ॥

ਦੁਨੀਆਂ ਵਿੱਚ ਝਗੜਾ ਹੀ ਉਦੋਂ ਵੱਧਦਾ ਹੈ ਜਦੋਂ ਆਪਣੇ ਔਗੁਣ ਨਾ ਕਬੂਲੇ ਜਾਣ। ਇਥੇ ਤਾਂ ਔਗੁਣ ਕਬੂਲ ਕੇ ਵੀ ਅਰਦਾਸ ਕਰਨੀ ਦੱਸਦੇ ਹਨ ਕਿ:

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥੨॥੧॥
(ਪੰਨਾ ੬੯੪)

ਹੇ ਮਾਧੋ ਜੀ! ਅੱਗੇ ਹੀ ਵਿਛੋੜੇ ਨੇ ਕਈ ਜਨਮਾਂ ਵਿੱਚ ਭਟਕਾਈ ਰੱਖਿਆ ਹੈ, ਹੁਣ ਸਾਨੂੰ ਕਿਸੇ ਗੱਲੋਂ ਡਰ ਨਹੀਂ ਲੱਗਦਾ, ਪਰ ਵਿਛੋੜੇ ਦੀ ਗੱਲ ਸੁਣਕੇ ਹੀ ਜੀਅ ਕੰਬ ਜਾਂਦਾ ਹੈ, ਵਿਛੋੜਾ ਪੈਣਾ ਤਾਂ ਦੂਰ ਦੀ ਗੱਲ ਹੈ। ਅਸੀਂ ਸਾਰਾ ਜੀਵਨ ਹੀ ਆਪ ਜੀ ਦੇ ਲੇਖੇ ਲਾਇਆ ਹੈ, ਸੋ ਕਿਰਪਾ ਕਰੋ, ਬਹੁਤ ਜਨਮਾਂ ਦੇ ਵਿਛੁੜਿਆਂ ਨੂੰ ਕਿਰਪਾ ਕਰਕੇ ਮਿਲਾ ਲਵੋ ਜੀ। ਦਰਸ਼ਨ ਲੰਮੇ ਸਮੇਂ ਤੋਂ ਨਹੀਂ ਹੋਏ, ਦਰਸ਼ਨਾਂ ਦੀ ਦਾਤਿ ਬਖ਼ਸ਼ੋ ਜੀ। ਸਾਡੀ ਤਾਂ ਇਹੋ ਹੀ ਅਰਦਾਸ ਹੈ:

ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥
(ਪੰਨਾ ੮੫੬)

ਤੱਤਸਾਰ

ਹਰ ਜਨਮ ਦਾ ਦੁੱਖ ਖਿੜੇ ਮੱਥੇ ਝੱਲਦੇ ਰਹੇ ਹਾਂ ਕਿਉਂਕਿ ਇੱਕ ਬਹੁਤ ਵੱਡੀ ਆਸ ਸੀ ਕਿ ਮਨੁੱਖਾ ਜਨਮ ਧਾਰ ਕੇ, ਦੀਦਾਰ ਕਰਕੇ, ਤੇਰੇ ਨਾਲ ਬਚਨਾਂ ਦੀ ਸਾਂਝ ਕਰਕੇ ਮਿਲਾਪ ਲਈ ਅਰਦਾਸ ਕਰਾਂਗੇ, ਪਰ ਇਥੇ ਪਹੁੰਚ ਕੇ :

ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥ *(ਪੰਨਾ ੭੯੩)*

ਸਾਡੀਆਂ ਭੁੱਲਾਂ ਭੁਲਾ ਕੇ ਦੀਦਾਰਾਂ ਦੀ ਖ਼ੈਰ ਪਾਵੋ ਜੀ।

ਧਨਾਸਰੀ

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥
ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥

(ਪੰਨਾ ੬੯੪)

ਅਵਿਲੋਕਨੋ—ਦੇਖਣਾ, ਦਰਸ਼ਨ। ਮਧੁਕਰ—ਭੌਰਾ। ਜਿਨਿ—ਨਾਹ। ਸਟੈ—ਬਦਲੇ। ਭਾਖਉ—ਆਖਾਂ।

ਮੇਰੀ ਪ੍ਰੀਤਿ

ਆਮ ਜ਼ਿੰਦਗੀ ਦੀ ਨਿਰੰਤਰ ਤੋਰ ਵਿੱਚੋਂ ਇੱਕ ਉਦਾਹਰਣ ਹੈ। ਜਿਸ ਘਰ ਵਿੱਚ ਕੋਈ ਬਹੁਤ ਕੀਮਤੀ ਚੀਜ਼ ਰੱਖੀ ਹੋਈ ਹੋਵੇ ਤਾਂ ਉਸ ਘਰ ਵਿੱਚ ਹਰ ਆਉਣ ਜਾਣ ਵਾਲੇ ਉੱਤੇ ਨਜ਼ਰ ਅਤੇ ਹਰ ਦਰਵਾਜ਼ੇ ਉੱਤੇ ਪਹਿਰਾ ਹੁੰਦਾ ਹੈ। ਹੀਰਿਆਂ ਦੀ ਦੁਕਾਨ ਜਾਂ ਸੁਨਿਆਰਿਆਂ ਦੀਆਂ ਦੁਕਾਨਾਂ ਉੱਤੇ ਅਕਸਰ ਕੈਮਰੇ ਲੱਗੇ ਹੋਏ ਦੇਖਦੇ ਹਾਂ। ਅੰਦਰਲੀ ਕੀਮਤੀ ਚੀਜ਼ ਦੇ ਕਾਰਨ ਅਜਿਹਾ ਸਭ ਕੁਝ ਕਰਨਾ ਪੈਂਦਾ ਹੈ। ਜਿਹੜੀਆਂ ਆਮ ਦੁਕਾਨਾਂ ਹੁੰਦੀਆਂ ਹਨ, ਉਹਨਾਂ 'ਤੇ ਵੀ ਭਾਵੇਂ ਨਜ਼ਰ ਤਾਂ ਹੁੰਦੀ ਹੈ ਪਰ ਇਤਨੀ ਸਖ਼ਤੀ ਨਹੀਂ ਹੁੰਦੀ। ਹੀਰਾ ਇੱਕ ਵੀ ਗੁਆਚ ਜਾਵੇ ਤਾਂ ਬਹੁਤ ਘਾਟਾ ਪੈ ਸਕਦਾ ਹੈ, ਇਸ ਲਈ ਮਾਲਿਕ ਕਦੇ ਅਜਿਹੀ ਗ਼ਲਤੀ ਨਹੀਂ ਕਰਦੇ, ਹਰ ਦਰਵਾਜ਼ੇ 'ਤੇ ਕਰੜੀ ਨਜ਼ਰ ਅਤੇ ਸਖ਼ਤ ਪਹਿਰਾ ਹੁੰਦਾ ਹੈ। ਬਸ ਇਸੇ ਤਰ੍ਹਾਂ ਮਨੁੱਖਾ ਜਾਮਾ ਆਪ ਖ਼ੁਦ ਹੀਰੇ ਵਰਗਾ ਹੈ। ਫਿਰ ਇਸ ਵਿੱਚ ਵੀ **ਮਤਿ ਵਿਚਿ ਰਤਨ ਜਵਾਹਰ ਮਾਣਿਕ** ਹੋਣ ਕਰਕੇ ਹੋਰ ਕੀਮਤੀ ਹੋ ਗਿਆ, ਪਰ ਜਦੋਂ ਇਹ ਸਭ ਕੁਝ ਹੀਰੇ ਵਰਗਾ ਜਨਮ, ਮਾਣਿਕ ਮੋਤੀਆਂ ਨਾਲ ਭਰਿਆ ਹੋਇਆ ਵੇਚ ਕੇ ਮਹਿੰਗੇ ਮੁੱਲ ਦੀ ਪ੍ਰੀਤ ਖ਼ਰੀਦ ਲਈ ਫਿਰ ਤਾਂ ਸਮਝੋ ਇਹ ਸਭ ਤੋਂ ਵੱਧ ਕੀਮਤੀ ਹੋ ਗਿਆ। ਹੁਣ ਇੱਕੋ ਹੀ ਭਾਵਨਾ ਬਣੀ ਰਹਿੰਦੀ ਹੈ ਕਿ ਕਿਸੇ ਤਰ੍ਹਾਂ ਇਹ ਪ੍ਰੀਤ ਟੁੱਟੇ ਨਾ। ਹੋਰ ਕੁਝ ਵੀ ਮੰਗਣ ਨੂੰ ਜੀਅ ਨਹੀਂ ਕਰਦਾ, ਬਸ ਇੱਕੋ ਬੇਨਤੀ ਹੈ ਕਿ ਮੇਰੀ ਪ੍ਰੀਤ ਨਾ ਟੁੱਟੇ :

ਓਹਾ ਪ੍ਰੇਮ ਪਿਰੀ ॥੧॥ ਰਹਾਉ ॥
ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥
ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ॥
ਸੁਖੋ ਸੁਖੁ ਪਾਹੀ ॥ ਨਾਨਕ ਤਪਤਿ ਹਰੀ ॥
ਮਿਲੇ ਪ੍ਰੇਮ ਪਿਰੀ ॥੩॥੩॥੧੪੩॥ *(ਪੰਨਾ ੪੦੬-੦੭)*

ਘਰ ਵਿੱਚ ਭਾਵੇਂ ਹੋਰ ਵੀ ਅਨੇਕਾਂ ਚੀਜ਼ਾਂ ਹੁੰਦੀਆਂ ਹਨ ਪਰ ਰਾਖੀ ਸਭ ਤੋਂ ਵੱਧ ਮਹਿੰਗੀ ਚੀਜ਼ ਦੀ ਹੀ ਕੀਤੀ ਜਾਂਦੀ ਹੈ। ਅੰਮ੍ਰਿਤ ਬਾਣੀ ਜਾਂ ਧਾਰਮਿਕ

ਗ੍ਰੰਥਾਂ ਵਿੱਚ ਇੱਕ ਗੱਲ ਬਹੁਤ ਹੀ ਨਿਰਣਾ ਕਰਕੇ ਪ੍ਰਗਟ ਕੀਤੀ ਹੈ ਕਿ ਮਨੁੱਖਾ ਜਾਮਾ ਬਹੁਤ ਹੀ ਕੀਮਤੀ ਹੈ, ਇਹ ਬਾਰ-ਬਾਰ ਨਹੀਂ ਮਿਲਦਾ, ਪਰ ਫਿਰ ਵੀ ਦੁਨੀਆਂ ਵਿੱਚ ਅਨੇਕਾਂ ਮਨੁੱਖੀ ਜਾਮਾ ਪਾ ਕੇ ਫਿਰਦੇ ਲੋਕਾਂ ਨੂੰ ਵੇਖਦੇ ਹਾਂ। ਜਦੋਂ ਗੁਰੂ ਜੀ ਕੋਲੋਂ ਪੁੱਛਿਆ ਕਿ ਇੰਨੇ ਮਨੁੱਖੀ ਜਾਮਿਆਂ ਨੂੰ ਪਾ ਕੇ ਪ੍ਰੀਤ ਕਿਸ ਦੇ ਹਿਰਦੇ ਵਿੱਚ ਹੈ ਤਾਂ ਪਤਾ ਲੱਗਾ ਕਿ ਉਹ ਤਾਂ ਕਰੋੜਾਂ ਵਿੱਚੋਂ ਕਿਸੇ ਇੱਕ ਅੱਧੇ ਗੁਰਮੁੱਖ ਪਿਆਰੇ ਦੇ ਮਨ ਮੰਦਰ ਅੰਦਰ ਹੈ। ਪਹਿਲਾਂ ਮਨੁੱਖੀ ਜਾਮਾ ਕੀਮਤੀ, ਇਸ ਨੂੰ ਵੀ ਵੇਚਕੇ ਕਰੋੜਾਂ ਵਿੱਚੋਂ ਕਿਸੇ ਕੋਲ ਸਾਈਂ ਦੀ ਪ੍ਰੀਤ, ਫਿਰ ਐਸੀ ਪ੍ਰੀਤ ਲਈ ਅਜਿਹੀ ਅਰਦਾਸ ਹੀ ਹੋਵੇਗੀ ਕਿ:

ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥
ਦਾਸ ਤੇਰੇ ਕੀ ਨਿਰਮਲ ਰੀਤਿ ॥੧॥ ਰਹਾਉ ॥
ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥
ਹਉਮੈ ਬੰਧੁ ਹਰਿ ਦੇਵਣਹਾਰਾ ॥੧॥
ਚਰਨ ਕਮਲ ਸਿਉ ਲਾਗਉ ਨੇਹੁ ॥
ਨਾਨਕ ਕੀ ਬੇਨੰਤੀ ਏਹ ॥੨॥੪॥੫੮॥ (ਪੰਨਾ ੬੯੪)

ਇਸ ਪ੍ਰੀਤ ਦੀ ਇਤਨੀ ਕੀਮਤ ਇਸ ਲਈ ਹੈ ਕਿਉਂਕਿ ਪ੍ਰੀਤ ਹੀ ਜੀਊਂਦਾ ਰੱਖਦੀ ਹੈ **"ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥"** ਦੂਜਾ ਪ੍ਰੀਤ ਹੀ ਆਖ਼ਿਰ ਨੂੰ ਸਾਈਂ ਦਾ ਰੂਪ ਬਣਾ ਦਿੰਦੀ ਹੈ। ਇਸ ਲਈ ਬਸ ਮੇਰਾ ਕਰਮ, ਅਰਦਾਸ, ਬੇਨਤੀ, ਇੱਕੋ ਹੀ ਹੈ ਕਿ:

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥ (ਪੰਨਾ ੬੯੪)

ਮੇਰੀ ਹਰ ਹਾਲਤ ਇੱਕੋ ਹੀ ਭਾਵਨਾ ਹੈ ਕਿ ਮੇਰੇ ਪਿਆਰੇ ਤੋਂ ਪ੍ਰੀਤ ਨਾ ਟੁੱਟ ਜਾਵੇ। ਮੇਰੇ ਕੋਲ ਇੱਕੋ ਇਕ ਕੀਮਤੀ ਜਿੰਦ ਸੀ ਉਹ ਹੀ ਵੇਚ ਕੇ ਮੈਂ ਪ੍ਰੀਤ ਖ਼ਰੀਦ ਲਈ, ਹੋਰ ਮੇਰੇ ਕੋਲ ਕੀਮਤ ਅਦਾ ਕਰਨ ਵਾਲੀ ਕੋਈ ਚੀਜ਼ ਨਹੀਂ। ਜਿੰਦ ਹੋਣ ਕਰਕੇ ਇੱਕੋ ਵਾਰੀ ਖ਼ਰੀਦੀ ਜਾ ਸਕਦੀ ਸੀ ਸੋ ਖ਼ਰੀਦ ਲਈ। ਬਸ ਹੁਣ:

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ
ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥ (ਪੰਨਾ ੬੯੪)

ਇਸ ਕਾਇਆਂ ਦੀ ਦੁਕਾਨ 'ਤੇ ਹਰ ਪਾਸੇ ਸਖ਼ਤ ਪਹਿਰਾ ਲਾ ਦਿੱਤਾ। ਗਿਆਨ-ਇੰਦਰੇ ਤੇ ਕਰਮ-ਇੰਦਰਿਆਂ ਦੀ ਡਿਊਟੀ ਹੈ ਕਿ ਦਿਨ ਰਾਤ ਹੀ ਤੇਰੀ ਚਿਤਵਨੀ ਵਿੱਚ ਪ੍ਰਮੇਸ਼ਰ ਦਾ ਨਾਂ ਹੋਵੇ:

ਮੇਰਾ ਲਾਗੋ ਰਾਮ ਸਿਉ ਹੇਤੁ ॥ (ਪੰਨਾ ੬੭੫)

ਪ੍ਰਭ ਸਿਉ ਲਾਗ ਰਹਿਓ ਮੇਰਾ ਚੀਤੁ ॥ (ਪੰਨਾ ੬੯੨)

ਅੱਖਾਂ ਦਾ ਕੰਮ ਹੈ ਹਰ ਪਾਸੇ ਪਿਆਰੇ ਦਾ ਹੀ ਦੀਦਾਰ ਕਰਕੇ ਅੰਦਰ ਇੱਕ ਹੀ ਪਰਮੇਸ਼ਰ ਦਾ ਸੁਨੇਹਾ ਦੇਣਾ। ਕਿਸੇ ਦੀ ਬੁਰਿਆਈ, ਕੋਈ ਵਿਕਾਰ ਕੁਝ ਨਹੀਂ ਤੱਕਣਾ ਜਾਂ ਦੇਖਕੇ ਅਣਡਿੱਠ ਕਰਨਾ ਹੈ, ਬਸ ਇੱਕੋ ਲਾਲਸਾ ਪਿਆਰੇ ਦੇ ਦੀਦਾਰ ਦੀ ਹੋਵੇ। ਮੇਰੀ ਪ੍ਰੀਤ ਕਿਧਰੇ ਇਸ ਰਸਤੇ ਨਾ ਚੋਰੀ ਹੋ ਜਾਵੇ:

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ ॥
ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ ॥੨॥

(ਪੰਨਾ ੧੩੧੮)

ਕੰਨਾਂ ਨੂੰ ਵੀ ਸਖ਼ਤ ਤਾੜਨਾ ਕੀਤੀ ਹੈ ਕਿ ਹਰ ਹਾਲਤ ਵਿੱਚ ਆਪਣੇ ਫ਼ਰਜ਼ ਦੀ ਪਹਿਚਾਣ ਕਰਨੀ ਹੈ। ਤੁਹਾਡਾ ਫ਼ਰਜ਼ ਹੈ ਕਿ ਸਾਚੈ ਸੁਨਣੈ ਨੋ ਪਠਾਏ, ਇਸ ਲਈ ਹਰ ਪਲ ਮੈਨੂੰ ਸੱਚੇ ਦੀ ਵਡਿਆਈ ਦੀ ਹੀ ਅੰਦਰ ਖ਼ਬਰ ਭੇਜਣੀ ਹੈ, ਕੂੜਿ ਕੀ ਸੋਇ ਪਹੁਚੈ ਨਾਹੀ ਦਾ ਹਰ ਵਕਤ ਖ਼ਿਆਲ ਰੱਖਣਾ ਹੈ:

ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥

(ਪੰਨਾ ੭੬੧)

ਮਨ ਨੂੰ ਭਟਕਣਾ ਤੋਂ ਵਰਜ ਕੇ, ਦੁਨੀਆਂ ਦੇ ਰਸਾਂ ਕਸਾਂ ਮਗਰ ਭੱਜਣ ਤੋਂ ਵਰਜ ਕੇ ਇਸ ਨੂੰ ਹਰੀ ਦੇ ਚਰਨ ਕਮਲਾਂ ਦਾ ਭੌਰਾ ਬਣਨ ਦੀ ਤਾਕੀਦ ਕੀਤੀ ਹੈ। ਹਰੀ ਦੇ ਚਰਨ ਹਿਰਦੇ ਵਿੱਚ ਹੀ ਵਸਾ ਲਏ ਹਨ। ਹੁਣ ਮੇਰਾ ਮਨ ਹਰੀ ਦੇ ਹੀ ਚਰਨ ਕਮਲਾਂ ਦਾ ਭੌਰਾ ਬਣਕੇ ਹਰੀ ਦੀ ਪ੍ਰੀਤ ਦੇ ਖ਼ਜ਼ਾਨੇ ਦਾ ਪਹਿਰੇਦਾਰ ਬਣਿਆ ਰਹਿੰਦਾ ਹੈ। ਜਿਹਵਾ ਨੂੰ ਗਵਾਉਣ ਦੀ ਥਾਂ ਸੰਭਾਲਣ ਦੀ ਜ਼ਿੰਮੇਵਾਰੀ ਸਮਝਾਈ ਹੈ। ਜਿਹਵਾ ਕਦੇ ਨਿੰਦਾ ਕਰਕੇ, ਕਦੇ ਕਿਸੇ ਦੀ ਝੂਠੀ ਤਾਰੀਫ਼ ਕਰਕੇ, ਕਦੇ ਰਸਾਂ ਕਸਾਂ ਦੀ ਸ਼ੌਕੀਨ ਹੋ ਕੇ ਕੀਮਤੀ ਖ਼ਜ਼ਾਨਾ ਬਰਬਾਦ ਕਰਦੀ ਰਹਿੰਦੀ ਸੀ, ਹੁਣ ਇਸ ਨੂੰ ਸਮਝਾ ਦਿੱਤਾ ਕਿ ਹਰੀ ਦੀ ਵਡਿਆਈ ਦਾ ਅੰਮ੍ਰਿਤ ਰਸ ਧਾਰਨ ਕਰ ਤਾਂ ਕਿ ਤੂੰ ਵੀ ਮੇਰੀ ਪ੍ਰੀਤ ਨੂੰ ਸੰਭਾਲਣ ਦੀ ਪਹਿਰੇਦਾਰ ਬਣ ਸਕੇਂ:

ਹੇ ਜਿਹਵੇ ਤੂੰ ਰਾਮ ਗੁਣ ਗਾਉ ॥ (ਪੰਨਾ ੧੮੦)

ਕਾਇਆਂ ਰੂਪ ਦੁਕਾਨ ਦੇ ਹਰ ਦਰਵਾਜ਼ੇ ਦੇ ਪਹਿਰੇਦਾਰ ਨੂੰ ਸਖ਼ਤ ਡਿਊਟੀ ਦੇਣ ਦਾ ਹੁਕਮ ਦੇ ਦਿੱਤਾ ਹੈ ਤਾਂ ਕਿ:

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ *(ਪੰਨਾ ੬੯੪)*

ਸਰੀਰਕ ਦੁਕਾਨ ਦੇ ਪਹਿਰੇਦਾਰਾਂ ਨੂੰ ਆਪੋ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਿਵੇਂ ਕਰਵਾਇਆ ਜਾ ਸਕਦਾ ਹੈ ? ਤਾਂ ਜਵਾਬ ਮਿਲਿਆ ਇਹ ਜ਼ਿੰਮੇਵਾਰੀ ਰੂਪ ਅਹਿਸਾਸ ਪ੍ਰੇਮ ਨਾਲ ਪੈਦਾ ਹੁੰਦਾ ਹੈ, ਪਰ ਪ੍ਰੇਮ ਸੰਗਤਿ ਵਿੱਚੋਂ ਪੈਦਾ ਹੁੰਦਾ ਹੈ। ਇਸ ਪ੍ਰੇਮ ਤੋਂ ਬਿਨਾਂ ਤੇਰੀ ਭਗਤੀ ਨਹੀਂ ਹੋ ਸਕਦੀ।

ਇਥੇ ਇਕ ਵੀਚਾਰ ਸਮਝਣੀ ਜ਼ਰੂਰੀ ਹੈ। ਤਨ ਲਈ ਉਹੋ ਚੀਜ਼ ਚੰਗੀ ਹੈ ਜਿਹੜੀ ਸਰੀਰ ਲਈ ਰਾਸ ਹੋਵੇ, ਪਰ ਮਨ ਲਈ ਉਹੋ ਚੀਜ਼ ਪਿਆਰੀ ਹੈ ਜੋ ਇਸਨੂੰ ਪਸੰਦ ਆ ਜਾਵੇ। ਮਨ ਕੇਵਲ ਪਿਆਰੀ ਚੀਜ਼ ਨੂੰ ਹੀ ਸੰਭਾਲਦਾ ਹੈ। ਇਸ ਲਈ ਸੰਗਤਿ ਵਿੱਚੋਂ ਪ੍ਰਭੂ ਪ੍ਰੇਮ ਜਾਗਦਾ ਹੈ। ਪ੍ਰਭੂ ਪ੍ਰੇਮ ਹੀ ਭਗਤੀ ਕਰਵਾਉਂਦਾ ਹੈ। ਇਤਨਾ ਕੁਝ ਹੋ ਕੇ ਵੀ ਫਿਰ ਪ੍ਰਮੇਸ਼ਰ ਜੀ ਅੱਗੇ ਜੋਦੜੀ ਹੈ ਕਿ ਜੇਕਰ ਕਿਧਰੇ ਫਿਰ ਵੀ ਕੋਈ ਕੁਤਾਹੀ ਕਰ ਲਵਾਂ ਕਿਉਂਕਿ ਅਸੀਂ ਅਲਪਗ ਹਾਂ, ਮੈਂ ਫਿਰ ਵੀ ਇਹਨਾਂ ਉੱਤੇ ਉਨਾ ਭਰੋਸਾ ਨਹੀਂ ਕਰ ਸਕਦਾ ਜਿੰਨਾ ਆਪ ਜੀ ਦੀ ਰਖਵਾਲੀ ਵਿੱਚ ਹੈ। ਸੋ ਤੁਹਾਡੇ ਅੱਗੇ ਵੀ ਅਰਦਾਸ ਬੇਨਤੀ ਹੈ ਕਿ ਹੇ ਰਾਜਾ ਰਾਮ ਜੀ ! ਮੇਰੀ ਪੈਜ ਰੱਖੋ, ਭਾਵ ਮੇਰੀ ਪ੍ਰੀਤ ਨਾ ਟੁੱਟੇ।

ਤੱਤਸਾਰ

ਰੱਬੀ ਦਰਗਾਹ ਵਿੱਚ ਉਹਨਾਂ ਨੂੰ ਹੀ ਥਾਂ ਮਿਲਦੀ ਹੈ ਜਿਹਨਾਂ ਨੇ ਕਾਂਇਆ ਦੀ ਦੁਕਾਨ ਦੇ ਸਾਰੇ ਪਹਿਰੇਦਾਰ ਸੁਚੇਤ ਕਰਕੇ ਆਪਣਾ ਜੀਵਨ ਲੁੱਟਣ ਤੋਂ ਬਚਾ ਕੇ ਪ੍ਰੀਤ ਓੜਕ ਨਿਭਾ ਦਿੱਤੀ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥
(ਪੰਨਾ ੧੦੦੦)

ਧਨਾਸਰੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ
ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

(ਪੰਨਾ ੬੯੪)

ਆਰਤੀ—ਫੁੱਲ, ਧੂਪ ਲੈ ਕੇ ਦੀਵੇ ਜਗਾ ਬ੍ਰਾਹਮਣ ਲੋਗ ਆਪਣੇ ਦੇਵਤਿਆਂ ਦੀ ਪੂਜਾ ਕਰਦੇ ਹਨ, ਉਹਨੂੰ ਆਰਤੀ ਕਹਿੰਦੇ ਹਨ। ਮਜਨੁ—ਇਸ਼ਨਾਨ। ਉਰਸਾ—ਚੰਦਨ ਰਗੜਨ ਦੀ ਸਿਲ। ਅੰਭੁਲਾ—ਜਲ। ਚਾਰੇ—ਚੜ੍ਹਾਉਂਦਾ ਹਾਂ। ਭਾਰ ਅਠਾਰਹ—ਸਾਰੀ ਬਨਸਪਤੀ। ਖ਼ਿਆਲ ਇਹ ਹੈ ਕਿ ਜੋ ਇੱਕ ਇੱਕ ਪੱਤਾ ਕਦੀ ਸਾਰੇ ਰੁੱਖਾਂ ਦਾ ਲਾਇਆ ਜਾਵੇ ਤਾਂ ਅਠਾਰਾਂ ਭਾਰ ਬੱਝਦੇ ਹਨ। ਢੋਲਾਰੇ—ਢਲਾਉਂਦਾ ਹਾਂ, ਬੋਲਦਾ ਹਾਂ। ਦਸ ਅਠਾ—ਅਠਾਰਾਂ (ਪੁਰਾਨ)। ਅਠਸਠ—ਅਠਾਹਠ ਤੀਰਥ। ਚਾਰੇ ਖਾਣੀ—ਉਤਪਤੀ ਦੇ ਚਾਰ ਸੋਮੇ। ਪੁਰਾਣੇ ਲੋਕ ਮੰਨਦੇ ਹਨ ਕਿ ਸਭ ਚੀਜ਼ਾਂ ਚਵ੍ਹਾਂ ਖਾਣੀਆਂ ਤੋਂ ਹੀ ਪੈਦਾ ਹੁੰਦੀਆਂ ਹਨ—1. ਅੰਡਜ—ਅੰਡਿਆਂ ਤੋਂ; 2. ਜੇਰਜ—ਜੇਰ ਤੋਂ; 3. ਸੇਤਜ—ਪਸੀਨੇ ਤੋਂ; 4. ਉਤਭੁਜ—ਖੁੰਬਾਂ ਵਾਂਗ ਸੁੱਤੇ ਹੀ।

ਨਾਮੁ ਤੇਰੋ ਆਰਤੀ

ਕੁਦਰਤਿ ਵਿੱਚ ਹਰ ਵੱਡੀ ਤੋਂ ਵੱਡੀ ਵਸਤੂ ਅਤੇ ਹਰ ਛੋਟੇ ਤੋਂ ਛੋਟਾ ਕਤਰਾ ਸਭ ਕੁਝ ਉਸ ਪ੍ਰਮੇਸ਼ਰ ਵਾਹਿਗੁਰੂ ਜੀ ਦਾ ਬਣਾਇਆ ਹੋਇਆ ਹੈ। ਜਿਵੇਂ ਆਮ ਵੇਖਦੇ ਹਾਂ ਕਿ ਜਿਹੜਾ ਵੀ ਕੋਈ ਚੀਜ਼ ਬਣਾਉਂਦਾ ਹੈ ਤਾਂ ਉਸਨੂੰ ਕੁਝ ਨਾ ਕੁਝ ਪਸੰਦ ਜ਼ਰੂਰ ਹੈ। ਦਰਜ਼ੀ ਭਾਵੇਂ ਰੋਜ਼ ਕੱਪੜੇ ਸੀਂਦਾ ਹੈ, ਪਰ ਕੋਈ ਕੋਈ ਕੱਪੜਾ ਉਸਨੂੰ ਬਹੁਤ ਪਸੰਦ ਆਉਂਦਾ ਹੈ। ਇਸੇ ਤਰ੍ਹਾਂ ਸੁਨਿਆਰਾ, ਲੱਕੜਹਾਰਾ, ਲੁਹਾਰ, ਬੁੱਤ ਘਾੜਾ ਭਾਵ ਕੋਈ ਵੀ ਕਲਾਕਾਰ ਲੈ ਲਈਏ, ਹਰ ਇੱਕ ਨੂੰ ਆਪਣੀ ਹੀ ਬਣਾਈ ਹੋਈ ਕਿਰਤ ਵਿੱਚੋਂ ਕੁਝ ਨਾ ਕੁਝ ਖ਼ਾਸ ਪਸੰਦ ਹੁੰਦਾ ਹੈ। ਇਸੇ ਤਰ੍ਹਾਂ ਸਾਰਾ ਕੁਝ ਬਣਾਇਆ ਭਾਵੇਂ ਪ੍ਰਭੂ ਜੀ ਨੇ ਹੈ, ਪਰ ਰੱਬ ਨੂੰ ਸਾਰੀ ਕੁਦਰਤਿ ਵਿੱਚੋਂ ਕੇਵਲ ਨਾਮ ਜਪਣ ਵਾਲਾ ਹੀ ਸਭ ਤੋਂ ਜ਼ਿਆਦਾ ਪਸੰਦ ਹੈ। ਇਹ ਸੂਝ ਬੂਝ ਗੁਰਬਾਣੀ ਵਿੱਚੋਂ ਪ੍ਰਾਪਤ ਹੋ ਜਾਂਦੀ ਹੈ :

ਹਉ ਕੁਰਬਾਨੁ ਜਾਈ ਤੇਰੇ ਨਾਵੈ ॥
ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥
(ਪੰਨਾ ੬੨੯)

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ *(ਪੰਨਾ ੭੨੨)*

ਜੋ ਜਨ ਲੇਹਿ ਖਸਮ ਕਾ ਨਾਉ ॥
ਤਿਨ ਕੈ ਸਦ ਬਲਿਹਾਰੈ ਜਾਉ ॥੧॥ *(ਪੰਨਾ ੩੨੮)*

ਜੀਵ ਉਹ ਪਿਆਰਾ ਹੈ ਜਿਹੜਾ ਨਾਮ ਜਪਦਾ ਹੋਵੇ। ਘਰ ਉਹ ਪਿਆਰਾ ਹੈ ਜਿਥੇ ਨਾਮ ਜਪਣ ਵਾਲਾ ਹੋਵੇ। ਕੁੱਲ ਉਹ ਚੰਗੀ ਹੈ ਜਿਸ ਵਿੱਚੋਂ ਨਾਮ ਜਪਣ ਵਾਲਾ ਪੈਦਾ ਹੋਇਆ ਹੋਵੇ। ਮਾਂ ਉਹ ਚੰਗੀ ਹੈ ਜਿਸ ਦਾ ਜਣਿਆ ਨਾਮ ਜਪੇ। ਧਰਤੀ ਉਹ ਚੰਗੀ ਹੈ ਜਿਥੇ ਨਾਮ ਜਪਣ ਵਾਲਾ ਹੋਵੇ। ਸਿੱਖ ਉਹ ਚੰਗਾ ਹੈ ਜਿਹੜਾ ਨਾਮ ਜਪੇ। ਧਰਮੀ ਉਹ ਚੰਗਾ ਹੈ ਜਿਸ ਅੰਦਰ ਨਾਮ ਹੋਵੇ। ਉਹਦਾ ਮੁਖ ਸੋਹਣਾ, ਉਸਦਾ ਖਾਧਾ, ਪੈਧਾ, ਜੀਵਿਆ, ਆਇਆ, ਬੋਲਿਆ, ਸੁਣਿਆ, ਜਾਗਿਆ, ਸੁੱਤਾ, ਸਭ ਕੁਝ ਨਾਮ ਨਾਲ ਪ੍ਰਵਾਣ ਹੁੰਦਾ ਹੈ। ਇਥੋਂ

ਤੱਕ ਕਿ ਪੂਜਾ ਅਤੇ ਸਤਿਸੰਗਤਿ ਵੀ ਨਾਮ ਦੀ ਹੀ ਪਰਵਾਣ ਹੈ। ਜਦੋਂ ਸਭ ਕੁਝ ਨਾਮ ਦੁਆਲੇ ਹੀ ਘੁੰਮਦਾ ਹੈ ਤਾਂ ਮੈਂ ਵੀ ਤੇਰੀ ਇਬਾਦਤ ਲਈ ਬਸ ਸਭ ਕੁਝ ਨਾਮ ਨੂੰ ਹੀ ਚੁਣਿਆ ਹੈ। ਸੱਚੇ ਦੇ ਦਰਬਾਰ ਵਿੱਚ ਨਾ ਕੂੜ ਦੀ ਭੇਟਾ, ਨਾ ਕੂੜ ਦੀ ਸਮਗਰੀ, ਨਾ ਕੂੜ ਦੇ ਬੋਲ ਪਰਵਾਨ ਹੋ ਸਕਦੇ ਹਨ।

ਧਰਮ ਦੀ ਦੁਨੀਆਂ ਵਿੱਚ ਆਰਤੀ ਦਾ ਬੜਾ ਬੋਲਬਾਲਾ ਹੈ, ਪਰ ਫਿਰ ਵੀ ਆਰਤੀ ਕਰਨੀ ਨਹੀਂ ਆਉਂਦੀ। ਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਵੀ ਆਪ ਜਾ ਕੇ ਜਗਨਨਾਥ ਪੁਰੀ ਦੀ ਧਰਤੀ ਉੱਤੇ ਸੱਚੀ ਆਰਤੀ ਕਰਨੀ ਸਿਖਾਈ। ਹੁਣ ਸੱਚੀ ਆਰਤੀ ਕਰਨ ਵਾਲੇ ਨੂੰ ਹੀ ਸੱਚੀ ਆਰਤੀ ਦਾ ਪਤਾ ਹੋ ਸਕਦਾ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਰੱਬ ਨੇ ਹੀ ਇੱਕ ਸੱਚੀ ਆਰਤੀ ਕਰਨ ਵਾਲੇ ਨੂੰ ਦੂਸਰੀ ਸੱਚੀ ਆਰਤੀ ਕਰਨ ਵਾਲੇ ਨਾਲ ਮਿਲਾ ਕੇ ਝੂਠੀ ਆਰਤੀ ਕਰਨ ਵਾਲਿਆਂ ਨੂੰ ਸਮਝਾਉਣ ਲਈ ਇਹ ਅਦੁੱਤੀ ਮਿਲਾਪ ਬਖ਼ਸ਼ਿਆ ਹੋਵੇ, ਪਰ ਨਾਲ ਹੀ ਦੁੱਖ ਦੀ ਗੱਲ ਹੈ ਕਿ ਗੁਰੂ ਦੀ ਹਰ ਗੱਲ ਨੂੰ ਗ਼ਲਤ ਰੰਗਤ ਦੇ ਕੇ ਅੱਜ ਵੀ ਉਹ ਨਕਲੀ ਸਾਧ ਪ੍ਰਥਾ ਉਸ ਤਰ੍ਹਾਂ ਦੀ ਆਰਤੀ ਕਰਦੀ ਹੈ ਅਤੇ ਅੱਜ ਆਪਾਂ ਖ਼ੁਦ ਵੀ ਕਰ ਰਹੇ ਹਾਂ। ਆਰਤੀ ਲਈ ਵਰਤੀ ਉਹ ਹਰ ਸੱਚੀ ਵਸਤੂ ਆਪਾਂ ਕੱਢਕੇ ਉਸ ਦੀ ਥਾਂ 'ਤੇ ਹਰ ਉਹੋ ਪੁਰਾਣੀ ਕੂੜ ਦੀ ਵਸਤੂ ਰੱਖ ਦਿੱਤੀ ਹੈ। ਖ਼ੈਰ, ਆਉ ਸੱਚੀ ਆਰਤੀ ਦੇ ਬਚਨ ਦੀ ਵੀਚਾਰ ਕਰੀਏ। ਇਹ ਆਰਤੀ ਕੂੜ ਲੋਗਾਂ ਨੂੰ ਭਾਵੇਂ ਚੰਗੀ ਨਾ ਲੱਗੇ, ਪਰ ਰੱਬ ਨੂੰ ਚੰਗੀ ਲੱਗਦੀ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥

(ਪੰਨਾ ੬੯੪)

ਸੱਚੀ ਆਰਤੀ ਲਈ ਪਹਿਲਾਂ ਮੈਂ ਸੁੱਚਾ ਹੋਣ ਲਈ ਇਸ਼ਨਾਨ ਕੀਤਾ। ਹੁਣ ਸਰੀਰ ਧੋਣਾ ਇਸ਼ਨਾਨ ਨਹੀਂ ਬਲਕਿ ਇਸ਼ਨਾਨ ਤਾਂ ਤੇਰੇ ਨਾਮ ਨਾਲ ਹੁੰਦਾ ਹੈ। ਬਚਨ ਹੈ:

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥ (ਪੰਨਾ ੪੭੨)

ਭਾਵ ਮੇਰੇ ਲਈ ਨਾਮ ਹੀ ਇਸ਼ਨਾਨ ਹੈ। ਦੂਜਾ ਮੇਰੇ ਲਈ ਤੇਰਾ ਨਾਮ ਜਪਣਾ ਹੀ ਆਰਤੀ ਹੈ। ਮੈਂ ਇਹਨਾਂ ਲੋਕਾਂ ਵਾਂਗ ਦਿਖਾਵੇ ਦੀ ਆਰਤੀ ਨਹੀਂ ਕਰਦਾ, ਮੈਂ ਤਾਂ ਬਲਕਿ ਨਾਮ ਜਪਣਾ ਹੀ ਆਰਤੀ ਕਰਨਾ ਜਾਣਦਾ ਹਾਂ। ਤੇਰੇ ਨਾਮ ਤੋਂ ਬਿਨਾਂ ਹੋਰ ਸਭ ਕੂੜ ਦਾ ਖਿਲਾਰਾ ਹੈ:

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥ (ਪੰਨਾ ੬੯੪)

ਹੇ ਨਿਰੰਕਾਰ ਜੀਉ! ਤੇਰੀ ਖ਼ੁਸ਼ੀ ਦੀ ਪ੍ਰਾਪਤੀ ਵਾਸਤੇ ਕੀਤੀ ਆਰਤੀ ਲਈ ਮੈਂ ਝੂਠੇ ਸਗਲ ਪਸਾਰੇ ਵਿੱਚੋਂ ਸਭ ਕੁਝ ਛੱਡਕੇ ਕੇਵਲ ਨਾਮ ਨੂੰ ਹੀ ਸਭ ਕੁਝ ਬਣਾਇਆ ਹੈ। ਤੇਰਾ ਨਾਮ ਹੀ ਮੇਰੇ ਲਈ ਆਸਣ ਹੈ, ਨਾਮ ਹੀ ਚੰਦਨ ਰਗੜਨ ਵਾਲੀ ਸਿਲ ਭਾਵ ਉਰਸਾ ਹੈ, ਨਾਮ ਦਾ ਹੀ ਕੇਸਰ ਬਣਾਕੇ ਛਿੜਕਦਾ ਹਾਂ। ਤੇਰਾ ਨਾਮ ਹੀ ਜਲ ਹੈ, ਤੇਰਾ ਨਾਮ ਹੀ ਚੰਦਨ ਹੈ। ਨਾਮ ਰੂਪ ਉਰਸੇ ਉੱਤੇ ਨਾਮ ਰੂਪ ਚੰਦਨ ਘਸਾਕੇ ਤੇਰੇ ਅੱਗੇ ਚੜ੍ਹਾ ਦਿੰਦਾ ਹਾਂ। ਦੁਨੀਆਂ ਦਾ ਚੰਦਨ, ਦੁਨੀਆਂ ਦਾ ਉਰਸਾ ਤਾਂ ਝੂਠ ਦਾ ਪਸਾਰਾ ਹੈ:

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥
ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥
(ਪੰਨਾ ੪੮੯)

ਤੇਰੀ ਆਰਤੀ ਦੁਨਿਆਵੀ ਦੀਵਿਆਂ ਨਾਲ ਕਿਵੇਂ ਹੋ ਸਕਦੀ ਹੈ? ਇਸ ਲਈ ਮੈਂ "ਦੀਵਾ ਮੇਰਾ ਏਕ ਨਾਮ" ਨੂੰ ਜਗਾਕੇ, ਨਾਮ ਦੀ ਹੀ ਵੱਟੀ ਪਾ ਕੇ, ਤੇਰਾ ਨਾਮ ਹੀ ਤੇਲ ਬਣਾ ਕੇ ਵਿੱਚ ਪਾਇਆ ਹੈ। ਤੇਰੇ ਨਾਮ ਦੇ ਹੀ ਚਾਨਣ ਨਾਲ ਜਗਾਇਆ ਹੈ, ਜਿਸ ਨਾਲ ਸਾਰੇ ਭਵਨਾਂ ਵਿੱਚ ਚਾਨਣ ਖਿਲਰ ਰਿਹਾ ਹੈ। ਪਾਵਨ ਬਚਨ ਹਨ:

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥
(ਪੰਨਾ ੬੯੪)

ਇਥੇ ਹੀ ਬਸ ਨਹੀਂ, ਹੋਰ ਸਮਗਰੀ ਵੀ ਸਾਰੀ ਨਾਮ ਨਾਲ ਹੀ ਤਿਆਰ ਕੀਤੀ ਹੈ:

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
(ਪੰਨਾ ੬੯੪)

ਹੇ ਨਿਰੰਕਾਰ ਜੀਉ! ਤੇਰਾ ਨਾਮ ਹੀ ਧਾਗਾ ਹੈ, ਤੇਰਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਦਾਨੇ ਪੁਰਖਾਂ ਨੇ ਅਰਥ ਕੀਤੇ ਹਨ ਕਿ ਸਾਰੀ ਬਨਾਸਪਤੀ ਵਿੱਚੋਂ ਹਰ ਤਰ੍ਹਾਂ ਦੇ ਬੂਟੇ ਦੇ ਦਰੱਖ਼ਤ ਦਾ ਇੱਕ ਇੱਕ ਪੱਤਾ ਲੈ ਕੇ ਉਸ ਦਾ ਟੋਟਲ

ਕੀਤਾ ਜਾਵੇ ਤਾਂ ਅਠਾਰਾਂ ਮਣ ਭਾਰ ਬਣਦਾ ਹੈ, ਪਰ ਕਿਸੇ ਨੂੰ ਭੌਰੇ ਨੇ, ਕਿਸੇ ਨੂੰ ਪੰਛੀਆਂ ਨੇ, ਕਿਸੇ ਨੂੰ ਧੂੜ ਭਾਵ ਕਿਸੇ ਨਾ ਕਿਸੇ ਚੀਜ਼ ਨਾਲ ਇਹ ਸਾਰੇ ਹੀ ਅਜਿਹੇ ਜੂਠੇ ਹਨ ਜਿਹੜੇ ਤੈਨੂੰ ਭੇਟ ਕਰਨ ਦੇ ਲਾਇਕ ਨਹੀਂ। ਨਾਮ ਇੱਕ ਅਜਿਹਾ ਹੈ ਜਿਸ ਨੂੰ ਆਪ ਨੂੰ ਕਾਲਖ ਨਹੀਂ ਲੱਗੀ ਤੇ ਨਾਮ ਦਾ ਸਹਾਰਾ ਲੈਣ ਵਾਲਿਆਂ ਦੀ ਕਾਲਖ ਧੋ ਦਿੰਦਾ ਹੈ:

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ (ਪੰਨਾ ੩)

ਦੂਸਰੀ ਸਭ ਤੋਂ ਵੱਡੀ ਮਜਬੂਰੀ ਹੈ ਕਿ ਸਭ ਕੁਝ ਤੇਰਾ ਹੀ ਤਾਂ ਬਣਾਇਆ ਹੋਇਆ ਹੈ। ਤੇਰਾ ਹੀ ਤੇਰੇ ਅੱਗੇ ਰੱਖਣਾ, ਤੇਰੀ ਪੂਜਾ ਕਿਵੇਂ ਹੋ ਸਕਦੀ ਹੈ?

ਇੱਕ ਨਗਰ ਵਿੱਚ ਇੱਕ ਸੇਠ ਰਹਿੰਦਾ ਸੀ। ਧੰਨਵਾਨ ਹੋਣ ਕਰਕੇ ਕਈ ਵਾਰ ਲੋੜਵੰਦ ਇਸ ਦੇ ਬੂਹੇ ਅਕਸਰ ਆਉਂਦੇ ਜਾਂਦੇ ਸਨ। ਇਹ ਦਾਨ ਤਾਂ ਕਰਦਾ ਸੀ, ਪਰ ਨਾਲ ਨਾਲ ਹੰਕਾਰੀ ਬਹੁਤ ਹੋ ਗਿਆ। ਇੱਕ ਦਿਨ ਇੱਕ ਫ਼ਕੀਰ ਨੇ ਇਸ ਨੂੰ ਸਬਕ ਦੇਣ ਵਾਸਤੇ ਐਲਾਨ ਕਰ ਦਿੱਤਾ ਕਿ ਮੈਂ ਸੇਠ ਨੂੰ ਕੁਝ ਦਾਨ ਕਰਨਾ ਹੈ। ਲੋਕਾਂ ਦੀ ਭੀੜ ਇਕੱਠੀ ਹੋ ਗਈ। ਫ਼ਕੀਰ ਨੇ ਇਸ ਦੇ ਘਰ ਤੋਂ ਹੀ ਦੋ ਚਾਰ ਚੀਜ਼ਾਂ ਚੁੱਕ ਕੇ ਇਸਨੂੰ ਦਾਨ ਵਜੋਂ ਦਿੱਤੀਆਂ ਤਾਂ ਸਾਰੇ ਪਾਸੇ ਹਾਸਾ ਪੈ ਗਿਆ ਕਿ ਇਹ ਕਿਹੋ ਜਿਹਾ ਦਾਨ ਹੈ, ਇਹ ਤਾਂ ਸਗੋਂ ਹੱਦ ਦਰਜੇ ਦੀ ਬੇਸਮਝੀ ਹੈ। ਫ਼ਕੀਰ ਨੇ ਕਿਹਾ ਕਿ ਜੇ ਇਹ ਬੇ-ਸਮਝੀ ਹੈ ਤਾਂ ਸੇਠ ਇਹੋ ਬੇ-ਸਮਝੀ ਰੋਜ਼ ਕਰਦਾ ਹੈ। ਇਸਨੂੰ ਸਭ ਕੁਝ ਰੱਬ ਨੇ ਬਖ਼ਸ਼ਿਆ ਹੈ, ਰੱਬ ਦਾ ਬਖ਼ਸ਼ਿਆ ਰੱਬ ਦੇ ਹੀ ਬੰਦਿਆਂ ਅੱਗੇ ਭੇਟ ਕਰਕੇ ਸ਼ੁਕਰ ਕਰਨਾ ਚਾਹੀਦਾ ਹੈ, ਪਰ ਇਹ ਹੰਕਾਰ ਕਰਦਾ ਹੈ, ਮੈਂ ਇਹੋ ਸਮਝਾਉਣਾ ਚਾਹੁੰਦਾ ਸਾਂ। ਅਸਲ ਵਿੱਚ ਦੇਣ ਵਾਲਾ ਵੀ ਉਹੋ ਤੇ ਮੰਗਣ ਵਾਲਾ ਵੀ ਉਹੋ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (ਪੰਨਾ ੧੩੭੫)

ਤੇਰੇ ਉੱਤੇ ਝੁਲਾਉਣ ਵਾਲਾ ਚਉਰ ਵੀ ਨਾਮ ਜਪਣਾ ਹੀ ਬਣਾ ਲਿਆ ਹੈ:

ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥
(ਪੰਨਾ ੬੯੪)

ਅਠਾਰਹ ਪੁਰਾਣ, ਅਠਾਹਠ ਤੀਰਥ, ਚਾਰੇ ਖਾਣੀਆਂ ਇਹ ਸਭ ਕੁਝ ਤਾਂ ਸੰਸਾਰ ਦੇ ਹੀ ਇੱਕ ਦੂਜੇ ਦੇ ਸਹਿਯੋਗ ਅਤੇ ਵਰਤਣ ਵਾਸਤੇ ਹਨ, ਜਿਵੇਂ ਜੀਵਾਂ ਲਈ ਬਨਾਸਪਤੀ ਫਲ ਫੁੱਲ ਪੱਤੀਆਂ ਆਦਿ ਦਿੰਦੀ ਹੈ। ਬਨਾਸਪਤੀ

ਲਈ ਪਾਣੀ ਜ਼ਰੂਰੀ ਹੈ। ਇਸ ਤਰ੍ਹਾਂ ਅੱਗੇ ਕੋਈ ਕਿਸੇ ਦੀ ਜ਼ਰੂਰਤ ਹੈ, ਕੋਈ ਕਿਸੇ ਦੀ ਜ਼ਰੂਰਤ ਹੈ। ਇਹ ਸਭ ਕੁਝ ਅਸਲ ਵਿੱਚ ਸੰਸਾਰ ਦੀ ਹੀ ਵਰਤੋਂ ਹੈ, ਪਰ ਤੇਰੀ ਵਰਤੋਂ ਦੀ ਇਸ ਵਿੱਚੋਂ ਇੱਕ ਵੀ ਚੀਜ਼ ਨਹੀਂ। ਇਸ ਲਈ ਮੈਂ ਆਰਤੀ ਨਾਮ ਦੀ ਹੀ ਉਤਾਰਦਾ ਹਾਂ ਅਤੇ ਤੇਰੇ ਭੋਗ ਲਈ ਵੀ ਸਤਿਨਾਮ ਹੀ ਤੇਰੇ ਅੱਗੇ ਭੇਟ ਹੈ।

ਤੱਤਸਾਰ

ਰੱਬੀ ਖ਼ੁਸ਼ੀ ਧਰਮ ਦੀ ਦੌਲਤ ਹੈ। ਇਸ ਦੀ ਪ੍ਰਾਪਤੀ ਲਈ ਸੱਚੀ ਆਰਤੀ ਦੁਨਿਆਵੀ ਵਸਤੂ ਨਾਲ ਨਹੀਂ ਹੋ ਸਕਦੀ। ਸੱਚੀ ਆਰਤੀ ਲਈ ਸੱਚੀ ਸਮੱਗਰੀ ਕੇਵਲ ਨਾਮ ਦੀ ਹੀ ਬਣ ਸਕਦੀ ਹੈ। ਦੂਜੀ ਗੱਲ ਸਾਈਂ ਨੂੰ ਪਿਆਰਾ ਵੀ ਨਾਮ ਹੀ ਹੈ, ਨਾਮ ਹੀ ਪਰਵਾਣ ਹੈ, ਇਸ ਲਈ ਜਿਹੜੀ ਚੀਜ਼ ਮੇਰੇ ਪਿਆਰੇ ਨੂੰ ਪਿਆਰੀ ਲੱਗਦੀ ਹੈ, ਮੈਂ ਖ਼ੁਸ਼ੀ ਲੈਣ ਲਈ ਉਹੋ ਹੀ ਵਰਤੀ ਹੈ।

ਹੈਰਾਨੀ ਦੀ ਗੱਲ ਹੈ ਕਿ ਇਹ ਆਰਤੀ ਦੇ ਦੋਵੇਂ ਸ਼ਬਦ, ਇੱਕ ਗੁਰੂ ਨਾਨਕ ਸਾਹਿਬ ਜੀ ਅਤੇ ਦੂਜਾ ਰਵਿਦਾਸ ਸਾਹਿਬ ਜੀ ਦਾ ਹੈ। ਸ਼ਬਦ ਦੋਵੇਂ ਹੀ ਧਨਾਸਰੀ ਰਾਗ ਵਿੱਚ ਹਨ, ਪਰ ਫਿਰ ਵੀ ਅੱਜ ਅਸੀਂ ਸਿੱਖਿਆ ਲੈਣ ਦੀ ਬਜਾਇ ਇਹ ਸ਼ਬਦ ਪੜ੍ਹਦਿਆਂ ਹੋਇਆਂ ਵੀ ਉਹੋ "ਝੂਠੇ ਸਗਲ ਪਸਾਰੇ" ਨੂੰ ਹੀ ਵਰਤਦੇ ਹਾਂ।

ਜੈਤਸਰੀ ਰਾਗ

ਜੈਤਸਰੀ ਬਾਣੀ ਭਗਤਾ ਕੀ

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥

(ਪੰਨਾ ੭੧੦)

ਅੰਤਰੁ—ਫ਼ਰਕ, ਵਿੱਥ। ਰਾਸੀ—ਖਾਣ। ਗੋਤਮ ਨਾਰਿ—ਅਹਿਲਿਆ। ਇੰਦ੍ਰ ਨਾਲ ਭੋਗ ਕਰਨ ਦੇ ਕਾਰਨ ਗੋਤਮ ਰਿਸ਼ੀ ਦੇ ਸਰਾਪ ਨਾਲ ਸਿਲਾ ਹੋ ਗਈ।

ਉਮਾਪਤਿ—ਸ਼ਿਵਜੀ। ਕ੍ਰੋਧ ਨਾਲ ਬ੍ਰਹਮਾ ਦਾ ਸਿਰ ਕੱਟਕੇ ਥਾਂ ਥਾਂ ਫਿਰੇ। ਬ੍ਰਹਮਾ ਕਾਮ ਵਸ ਹੋ ਕੇ ਆਪਣੀ ਪੁੱਤ੍ਰੀ ਨਾਲ ਭੋਗ ਕਰਨਾ ਚਾਹੁੰਦਾ ਸੀ।

ਸੀਸੁ ਧਰਨਿ—ਸ਼ਿਵਜੀ, ਜਿਹਨਾਂ ਦੇ ਹੱਥ ਨਾਲ ਬ੍ਰਹਮਾ ਦਾ ਸਿਰ ਚਮੁੱਟ ਗਇਆ ਸੀ। ਉਹ ਕਪਾਲ ਮੋਚਨ ਤਲਾਬ ਵਿਚ ਇਸ਼ਨਾਨ ਕਰਨ ਨਾਲ ਹੱਥੋਂ ਲੱਥਾ।

ਮਨੁ ਮਾਇਆ ਕੈ ਹਾਥਿ ਬਿਕਾਨਉ

ਸੰਸਾਰ ਵਿੱਚ ਦੋ ਹੱਟੀਆਂ ਹਨ, ਜਿਥੇ ਮਨਾਂ ਦਾ ਵਪਾਰ ਹੁੰਦਾ ਹੈ। ਇਕ ਹੈ ਗੁਰੂ ਦੀ ਹੱਟੀ ਜਿਥੇ ਜਿਸ ਨੇ ਮਨ ਵੇਚ ਦਿੱਤਾ ਉਸ ਦਾ ਸਾਰਾ ਕੰਮ ਰਾਸ ਆ ਜਾਂਦਾ ਹੈ, ਉਹ ਸਫਲ ਜੀਵਨ ਦੀ ਦਾਤਿ ਲੈ ਕੇ ਪ੍ਰਮੇਸ਼ਰ ਨਾਲ ਇਕਮਿਕਤਾ ਹਾਸਿਲ ਕਰ ਲੈਂਦਾ ਹੈ:

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥

(ਪੰਨਾ ੯੯੧)

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥ *(ਪੰਨਾ ੨੮੬)*

ਦੂਜੀ ਹੱਟੀ ਹੈ ਮਾਇਆ ਦੀ। ਇਥੇ ਵੀ ਮਨ ਵਿਕਦੇ ਹਨ, ਮਨ ਵੇਚਣ ਵਾਲਿਆਂ ਦੀ ਭੀੜ ਵੀ ਜ਼ਿਆਦਾ ਹੈ। ਹੈਰਾਨੀ ਦੀ ਗੱਲ ਕਿ ਇਥੇ ਵਿਕਿਆ ਮਨ ਅਤਿ ਦਾ ਦੁਰਾਚਾਰੀ, ਪਾਪੀ, ਕਪਟੀ, ਕੁਕਰਮੀ ਹੋ ਜਾਂਦਾ ਹੈ, ਜਿਸ ਨਾਲ ਜੀਵਨ ਦਾ ਸਾਰਾ ਕਾਰਜ ਵਿਗਾੜ ਕੇ ਇਕ ਲੰਮੀ ਫਾਹੀ ਆਪਣੇ ਗਲ੍ਹ ਵਿੱਚ ਆਪ ਹੀ ਪਾ ਲੈਂਦਾ ਹੈ। ਇਸ ਸ਼ਬਦ ਵਿੱਚ ਸਤਿਗੁਰੂ ਜੀ ਨੇ ਮਾਇਆ ਦੀ ਹੱਟੀ 'ਤੇ ਵਿਕੇ ਮਨ ਦੀ ਗੱਲ ਕੀਤੀ ਹੈ।

ਜਿਸ ਨਗਰੀ ਦਾ ਮੁਖੀਆ ਹੀ ਕਿਸੇ ਕੋਲ ਵਿੱਕ ਜਾਵੇ ਉਥੇ ਆਮ ਪਰਜਾ ਨੂੰ ਮੁਖੀਏ ਮਗਰ ਹੀ ਲੱਗਣਾ ਪੈਂਦਾ ਹੈ। ਕਾਇਆ ਨਗਰੀ ਦਾ ਮਨ ਹੀ ਮਾਇਆ ਕੋਲ ਵਿੱਕ ਗਿਆ, ਫਿਰ ਅੱਖਾਂ, ਨੱਕ, ਕੰਨ, ਸੋਚ, ਹੱਥ, ਪੈਰ ਭਾਵ ਸਭ ਕੁਝ ਹੀ ਉਜਾੜਨ ਵਾਲਾ ਹੋ ਗਿਆ:

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥

(ਪੰਨਾ ੫੫੮)

ਮਾਇਆ ਦੀ ਹੱਟੀ ਉੱਤੇ ਜੀਵ ਇਸ ਭੁਲੇਖੇ ਵਿੱਚ ਆਪਣਾ ਮਨ ਵੇਚ ਬੈਠਦਾ ਹੈ ਕਿ ਇਸ ਦੀ ਅਕਲ ਦਾ ਤੱਤ ਹੈ ਕਿ ਮਾਇਆ ਸਾਰੇ ਸੁਖ ਪ੍ਰਾਪਤ ਕਰ ਦਿੰਦੀ ਹੈ। ਸੁੱਖ ਦੀ ਭਾਲ ਵਿਚ ਜੀਵ ਮਾਇਆ ਦੇ ਧੋਖੇ ਵਿੱਚ ਆ ਜਾਂਦਾ

ਹੈ। ਪਤਾ ਉਦੋਂ ਹੀ ਲੱਗਦਾ ਹੈ ਜਦੋਂ ਸੁੱਖ ਦੀ ਬਜਾਇ ਦੁੱਖ ਹੀ ਦੁੱਖ ਖੜੇ ਕਰ ਲੈਂਦਾ ਹੈ। ਹਰ ਚੀਜ਼ ਦੇ ਤਿੰਨ ਪੱਖ ਹੁੰਦੇ ਹਨ। ਪਹਿਲਾ ਪੱਖ ਹੈ ਪ੍ਰਾਪਤੀ, ਦੂਜਾ ਪੱਖ ਹੈ ਸੰਭਾਲ ਅਤੇ ਤੀਸਰਾ ਪੱਖ ਹੈ ਔਖੇ ਵੇਲੇ ਸਾਥ ਦੇਣਾ। ਮਾਇਆ ਪਹਿਲੀ ਵਾਰ ਹੀ ਆਪਣੇ ਨਾਲ ਪਾਪ ਲੈ ਕੇ ਪ੍ਰਵੇਸ਼ ਕਰਦੀ ਹੈ "ਪਾਪਾਂ ਬਾਝਹੁ ਹੋਵੈ ਨਾਹੀ"। ਦੂਜਾ ਪੱਖ ਸੰਭਾਲ ਵੇਲੇ ਵੀ ਅਜਿਹੀ ਬਿਰਤੀ ਬਣਾ ਦਿੰਦੀ ਹੈ ਕਿ ਹਰ ਵਕਤ ਇਸ ਗੱਲ ਦਾ ਹੀ ਝਗੜਾ ਪਾਈ ਰੱਖਦੀ ਹੈ ਕਿ ਕਿਸੇ ਕੋਲ ਜ਼ਿਆਦਾ ਹੈ ਤੇ ਕਿਸੇ ਕੋਲ ਥੋੜ੍ਹੀ ਹੈ। ਸੁੱਖ ਦੇਣ ਦੀ ਬਜਾਇ ਇਸ ਵਾਧ ਘਾਟ ਵਿੱਚ ਹੀ ਜ਼ਿੰਦਗੀ ਗੁਜ਼ਰ ਜਾਂਦੀ ਹੈ:

ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥
ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥੩॥
(ਪੰਨਾ ੬੭੩)

ਮਾਤਾ, ਪਿਤਾ, ਪੁੱਤਰ, ਪਿਆਰਾ, ਭਾਈ ਆਦਿਕ ਬਹੁਤ ਹੀ ਮਿੱਠੇ ਅਤੇ ਨਿੱਘੇ ਰਿਸ਼ਤਿਆਂ ਨੂੰ ਦੁਸ਼ਮਣੀ ਵਿੱਚ ਬਦਲ ਦਿੰਦੀ ਹੈ। ਜਿਹਨਾਂ ਨੇ ਦੁੱਖਾਂ ਸੁੱਖਾਂ ਨਾਲ ਆਪਣੀ ਜਾਨ ਵਾਰ ਕੇ ਪਾਲਿਆ ਹੁੰਦਾ ਹੈ, ਉਹਨਾਂ ਨੂੰ ਹੀ ਦੁਸ਼ਮਣ ਸਮਝਣ ਲੱਗ ਪੈਂਦੀ ਹੈ। ਆਖ਼ਰੀ ਤੀਸਰਾ ਪੱਖ ਹੈ ਲੋੜ ਵੇਲੇ ਸਾਥ ਦੇਣਾ, ਤਾਂ ਇਹ ਇੱਕ ਪੱਲ ਵਿੱਚ ਹੀ ਹੋਰਾਂ ਦੀ ਹੋ ਕੇ ਬੈਠ ਜਾਂਦੀ ਹੈ:

ਖਸਮੁ ਮਰੈ ਤਉ ਨਾਰਿ ਨ ਰੋਵੈ ॥
ਉਸੁ ਰਖਵਾਰਾ ਅਉਰੋ ਹੋਵੈ ॥ (ਪੰਨਾ ੮੭੧)

ਜਦੋਂ ਮਨੁੱਖ ਨੇ ਪਾਪ ਕਰਕੇ ਜੋੜੀ, ਫਿਰ ਲੜ ਲੜ ਕੇ ਸੰਭਾਲੀ, ਇੱਕ ਵੀ ਚੰਗਾ ਕੰਮ ਨਹੀਂ ਕੀਤਾ, ਪਰ ਜਦੋਂ ਸਾਥ ਦੇਣ ਦਾ ਵਕਤ ਆਇਆ ਤਾਂ ਮਿੱਠੀ ਤੋਂ ਕਉੜੀ ਹੋ ਗਈ। ਹੁਣ ਜਦੋਂ ਅਸਲੀਅਤ ਪ੍ਰਗਟ ਹੋਈ, ਫਿਰ ਜੀਵ ਅਰਦਾਸ ਕਰਨ ਲੱਗਾ:

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥
(ਪੰਨਾ ੭੧੨)

ਆਖ਼ਿਰ ਪੁਕਾਰਾਂ ਕਰਨ ਲੱਗਾ ਕਿ:

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥ (ਪੰਨਾ ੭੧੦)

ਹੇ ਮਾਲਿਕ! ਮੈਂ ਕੀ ਹਾਂ, ਮੈਂ ਕੀ ਕਰਨ ਆਇਆ ਹਾਂ, ਮੈਂ ਕੀ ਕਰ ਬੈਠਾ ਹਾਂ, ਇਸ ਮਾਇਆ ਨੇ ਮੇਰੀ ਸਾਰੀ ਅਸਲੀਅਤ ਉੱਤੇ ਪਰਦਾ ਪਾ ਕੇ

ਸਾਰੀ ਪਹਿਚਾਣ ਹੀ ਆਪਣੀ ਬਣਾ ਲਈ ਹੈ। ਹੁਣ ਮੈਨੂੰ ਹਰ ਕੋਈ ਮੇਰੀ ਫੈਕਟਰੀ ਕਰਕੇ, ਮੇਰੇ ਕਾਰੋਬਾਰ ਕਰਕੇ, ਮੇਰੇ ਧਨ ਕਰਕੇ ਜਾਣਦਾ ਹੈ, ਮੈਨੂੰ ਕੋਈ ਨਹੀਂ ਜਾਣਦਾ। ਮੈਨੂੰ ਖ਼ੁਦ ਨੂੰ ਕੁਝ ਸਮਝ ਨਹੀਂ ਲੱਗਦੀ, ਮੇਰਾ ਮਨ ਮਾਇਆ ਦੇ ਹੱਥ ਵਿੱਕ ਗਿਆ ਹੈ, ਉਹੋ ਕੁਝ ਕਰਦਾ ਹਾਂ ਜੋ ਮਾਇਆ ਕਰਵਾਉਂਦੀ ਹੈ:

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥ (ਪੰਨਾ ੭੧੦)

ਤੁਹਾਡੇ ਚਰਨਾਂ ਵਿੱਚ ਜੋਦੜੀ ਇਸ ਕਰਕੇ ਹੈ ਕਿ ਤੁਸੀਂ ਤਾਂ ਜਗਤ ਗੁਰ ਸੁਆਮੀ ਹੋ ਜਿਸ ਕਰਕੇ ਇਹ ਬੰਧਨ ਤੁਸੀਂ ਹੀ ਤੋੜ ਸਕਦੇ ਹੋ। ਅਸੀਂ ਤਾਂ ਭੈੜੇ ਸਮੇਂ ਵਿੱਚ ਵਿਕਾਰਾਂ ਅਤੇ ਕਾਮਨਾਵਾਂ ਦੇ ਮਾਰੇ ਹੋਏ ਹਾਂ। ਸਾਡਾ ਕੁਝ ਵੀ ਵਸ ਨਹੀਂ ਚਲਦਾ, ਮਾਇਆ ਵੱਸ ਆਉਂਦੀ ਹੀ ਉਦੋਂ ਹੈ ਜਦੋਂ ਗੁਰੂ ਦੀ ਕਿਰਪਾ ਹੁੰਦੀ ਹੈ:

ਇਹ ਠਗਵਾਰੀ ਬਹੁਤੁ ਘਰ ਗਾਲੇ ॥
ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥ (ਪੰਨਾ ੧੩੪੭)
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥ (ਪੰਨਾ ੭੧੦)

ਮਾਇਆ ਆਪ ਤਾਂ ਬਲਵਾਨ ਹੈ ਹੀ, ਇਸ ਦੇ ਸਾਥੀ ਵੀ ਘੱਟ ਤਾਕਤਵਰ ਨਹੀਂ। ਇਹਨਾਂ ਸਾਰਿਆਂ ਨੇ ਰਲ ਕੇ ਮੇਰਾ ਮਨ ਅਜਿਹਾ ਬਾਗ਼ੀ ਕੀਤਾ ਹੋਇਆ ਹੈ ਕਿ ਗੁਰੂ ਘਰ ਨੂੰ ਜਾਣ ਦੀ ਬਜਾਇ ਹਰ ਪਲ ਸਾਈਂ ਤੋਂ ਦੂਰ ਹੀ ਜਾ ਰਿਹਾ ਹਾਂ। ਦੋ ਗੱਲਾਂ ਚੇਤੇ ਰੱਖਣ ਵਾਲੀਆਂ ਹਨ ਕਿ ਵਿਕਾਰੀ ਕਦੇ ਵੀ ਆਗਿਆਕਾਰੀ ਨਹੀਂ ਹੁੰਦਾ ਅਤੇ ਆਗਿਆਕਾਰੀ ਕਦੇ ਵਿਕਾਰੀ ਨਹੀਂ ਹੁੰਦਾ:

ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਹਾਇ ਨਿਗਮ ਭਏ ਸਾਖੀ ॥੩॥ (ਪੰਨਾ ੭੧੦)

ਮਾਇਆ ਦੀ ਹੱਟੀ 'ਤੇ ਮੇਰੇ ਵਰਗੇ ਹੋਰ ਵੀ ਅਨੇਕਾਂ ਨੂੰ ਜਦੋਂ ਵੇਖਦਾ ਹਾਂ ਤਾਂ ਉਹਨਾਂ ਕੋਲ ਬੈਠ ਦੁੱਖ ਫੋਲਦਾ ਹਾਂ ਤਾਂ ਹੈਰਾਨ ਹੋ ਜਾਂਦਾ ਹਾਂ ਕਿ ਹਰ ਇੱਕ ਨੇ ਕਿੰਨੇ ਕਿੰਨੇ ਪਾਪਾਂ ਦੀ ਪੂੰਜੀ ਸੰਭਾਲੀ ਹੋਈ ਹੈ। ਅਣਗਿਣਤ ਲੋਕਾਂ ਵੱਲ ਦੇਖ ਕੇ ਵੀ ਮੇਰਾ ਮਨ ਸਿੱਖਿਆ ਲੈਣ ਦੀ ਬਜਾਇ ਉੱਪਰ ਹੀ ਭੱਜਦਾ ਹੈ। ਗੁਰੂ ਗ੍ਰੰਥ ਸਾਹਿਬ ਵੀ ਹਾਮੀ ਭਰਦੇ ਹਨ:

ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥ (ਪੰਨਾ ੭੪੫)
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥ (ਪੰਨਾ ੭੧੦)

ਪੁਰਾਤਨ ਗ੍ਰੰਥ ਦੀਆਂ ਮਿਸਾਲਾਂ ਇਸ ਦੇ ਸਾਹਮਣੇ ਹਨ ਪਰ ਮੰਨਦਾ ਨਹੀਂ। ਗੌਤਮ ਦੀ ਪਤਨੀ ਦੀ ਸੁੰਦਰਤਾ ਪਰ ਮੋਹਿਤ ਹੋ ਕੇ ਇੰਦਰ ਨੇ ਇਸੇ ਮਾਇਆ ਦਾ ਸਾਥ ਲੈ ਕੇ ਗੌਤਮ ਨੂੰ ਇਸ਼ਨਾਨ ਕਰਨ ਭੇਜ ਦਿੱਤਾ, ਆਪ ਗੌਤਮ ਦਾ ਰੂਪ ਬਣਾਕੇ ਉਸ ਦੀ ਘਰਵਾਲੀ ਅਹਿਲਿਆ ਦਾ ਸਤ ਭੰਗ ਕਰ ਦਿੱਤਾ। ਜਦੋਂ ਗੌਤਮ ਨੂੰ ਪਤਾ ਲੱਗਾ ਤਾਂ ਉਸਨੇ ਅਹਿਲਿਆ ਨੂੰ ਸਰਾਪ ਦੇ ਕੇ ਪੱਥਰ ਬਣਾ ਦਿੱਤਾ। ਇੰਦਰ ਦੀ ਸਾਰੀ ਕਾਇਆ ਕੋਹੜੀਆਂ ਵਰਗੀ ਹੋ ਗਈ, ਇਸ ਤਰ੍ਹਾਂ ਪ੍ਰਤੀਤ ਹੋਵੇ ਜਿਵੇਂ ਸਾਰੇ ਸਰੀਰ 'ਤੇ ਹੀ (ਭਗ) ਵਿਕਾਰੀ ਨਿਸ਼ਾਨ ਬਣ ਗਏ ਹੋਣ।

ਦੂਜੀ ਮਿਸਾਲ ਹੈ ਕਾਮ ਨੇ ਬ੍ਰਹਮਾ ਨੂੰ ਇਤਨਾ ਅੰਨ੍ਹਾ ਕਰ ਦਿੱਤਾ ਕਿ ਆਪਣੀ ਹੀ ਧੀ ਸਰਸਵਤੀ 'ਤੇ ਮਨ ਮੈਲਾ ਕਰ ਬੈਠਾ। ਸ਼ਿਵ ਜੀ ਨੇ ਕਰੋਧ ਵਿੱਚ ਆ ਕੇ ਉਸ ਦੇ ਸਿਰ ਉੱਤੇ ਹੱਥ ਮਾਰਿਆ ਜਿਸ ਨਾਲ ਬ੍ਰਹਮਾ ਦਾ ਸਿਰ ਹੀ ਸ਼ਿਵ ਜੀ ਦੇ ਹੱਥ ਨਾਲ ਜੁੜ ਗਿਆ। ਫਿਰ ਕਪਾਲ ਮੋਚਨ ਨਾਂ ਦੇ ਥਾਂ 'ਤੇ ਉਤਾਰਿਆ ਸੀ। ਕਿਤਨੀਆਂ ਮਿਸਾਲਾਂ ਹਨ ਕਿ ਇਹਨਾਂ ਵਿਕਾਰਾਂ ਨੇ ਕਿਵੇਂ ਕੁਰਾਹੇ ਪਾ ਦਿੱਤੇ:

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥
ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥ (ਪੰਨਾ ੧੩੭੮)

ਪਰ ਫਿਰ ਵੀ ਮਨ ਵਿਕਾਰਾਂ ਦੀਆਂ ਖੇਡਾਂ ਹੀ ਖੇਡਦਾ ਹੈ, ਮਾਲਿਕ ਦੇ ਘਰ ਦਾ ਰਾਹ ਨਹੀਂ ਪਕੜਦਾ। ਹਰ ਰੋਜ਼ ਮੱਤਾਂ ਦੇਂਦਾ ਹਾਂ ਪਰ ਮੰਨਦਾ ਨਹੀਂ:

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥ (ਪੰਨਾ ੭੧੦)

ਇਹਨਾਂ ਦੂਤਾਂ ਨੇ ਮੂਰਖ ਨੂੰ ਬੰਨ੍ਹ ਕੇ ਮਾਰਿਆ ਪਰ ਹਾਲੇ ਵੀ ਇਤਨਾ ਬੇਹਯਾ ਹੈ ਕਿ ਸੱਚੀ ਗੱਲ ਮੰਨ ਕੇ ਇਹਨਾਂ ਦਾ ਸਾਥ ਨਹੀਂ ਛੱਡਦਾ:

ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥ (ਪੰਨਾ ੭੧੦)

ਹੇ ਜਗਤ ਗੁਰੂ ਸੁਆਮੀ! ਤੇਰੇ ਤੋਂ ਬਿਨਾਂ ਕਿਸ ਦੀ ਸ਼ਰਨ ਲਈਏ, ਕਿਥੇ ਜਾਈਏ, ਕੀ ਕਰੀਏ? ਮਾਇਆ ਹੱਥ ਵਿਕੇ ਮਨ ਨੂੰ ਤੇਰੇ ਤੋਂ ਬਿਨਾਂ ਕੋਈ ਆਜ਼ਾਦ ਨਹੀਂ ਕਰਵਾ ਸਕਦਾ।

ਤੱਤਸਾਰ

ਮਾਇਆ ਜੀਵ ਦਾ ਮਨ ਖ਼ਰੀਦ ਕੇ ਭਾਵ ਕਬਜ਼ੇ ਵਿੱਚ ਕਰਕੇ ਰੱਬ ਨੂੰ ਮਿਲਣ ਦੀ ਬਜਾਇ ਸਗੋਂ ਹੋਰ ਦੂਰ ਕਰ ਦਿੰਦੀ ਹੈ, ਜਿਸ ਕਰਕੇ ਸਾਈਂ ਅੱਗੇ ਹੀ ਅਰਦਾਸ ਹੈ।

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥੧॥
ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥
ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥
ਪੁਰ ਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥੨॥
ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥

(ਪੰਨਾ ੭੯੩)

ਅਭਾਖੈ—ਨ ਬੋਲਦੀ ਹੈ। ਦੁਇ ਪਖ—ਸਾਹੁਰੇ ਪੇਕੇ, ਇਹ ਲੋਕ ਪਰਲੋਕ। ਨਾਹ—ਪਤੀ। ਨਿਰੰਤਰਿ—ਅਖੰਡ।

ਪੁਰ ਸਲਾਤ—ਪੁਰਸਲਾਤ ਮੁਸਲਮਾਨੀ ਮਤ ਮੂਜਬ ਇਕ ਪੁਲ ਹੈ, ਜਿਸ ਤੋਂ ਮਰਨ ਮਗਰੋਂ ਸਾਰੀਆਂ ਰੂਹਾਂ ਨੂੰ ਲੰਘਣਾ ਹੋਵੇਗਾ। ਇਹ ਪੁੱਲ ਵਾਲ ਨਾਲੋਂ ਬਰੀਕ ਦੱਸੀਦਾ ਹੈ। ਪੁੰਨਿ ਆਤਮਾ ਲੋਕ ਤਾਂ ਲੰਘ ਜਾਣਗੇ, ਪਰ ਪਾਪੀ ਡਿੱਗ ਕੇ ਨਰਕਾਂ ਵਿਚ ਜਾਣਗੇ।

ਦਰਦੁ ਨ ਪਾਈ

ਦਰਦ ਦੀ ਕਦੇ ਕੋਈ ਪ੍ਰੀਭਾਸ਼ਾ ਨਹੀਂ ਹੁੰਦੀ। ਦਰਦ ਕੇਵਲ ਉਹੋ ਹੀ ਜਾਣ ਸਕਦਾ ਹੈ ਜਿਸਨੇ ਕਦੇ ਆਪ ਖ਼ੁਦ ਇਹ ਪੀੜਾ ਹੰਢਾਈ ਹੋਵੇ। ਸਾਡੀ ਜ਼ਿੰਦਗੀ ਵਿੱਚ ਨਿੱਤ ਦਿਹਾੜੇ ਇਹ ਗੱਲ ਆਮ ਦੇਖਣ ਵਿੱਚ ਆਉਂਦੀ ਹੈ ਕਿ ਸੁਹਾਗਣਿ ਕਿਵੇਂ ਸੁੱਖ ਮਾਣਦੀ ਹੈ ਅਤੇ ਦੁਹਾਗਣਿ ਕਿਵੇਂ ਹਰ ਰੋਜ਼ ਦੁੱਖਾਂ ਦੀ ਪੰਡ ਚੁੱਕ ਕੇ ਫ਼ਿਕਰ ਦਾ ਸਫ਼ਰ ਕਰਦੀ ਹੈ। ਸੁਹਾਗਣਿ ਇੱਕ ਤਾਂ ਵੈਸੇ ਵੀ ਸੁੱਖੀ ਹੈ, ਦੂਜਾ ਉਸ ਦੇ ਨਾਲ ਉਸ ਦਾ ਹਮਸਫ਼ਰ ਉਸ ਦੀਆਂ ਖ਼ੁਸ਼ੀਆਂ ਨੂੰ ਹੋਰ ਦੁਗਣੀਆਂ ਕਰ ਦਿੰਦਾ ਹੈ। ਦੁਹਾਗਣਿ ਇੱਕ ਵੈਸੇ ਵੀ ਆਪਣੇ ਦੁੱਖਾਂ ਨੂੰ ਹੰਢਾਉਂਦੀ ਹੈ, ਦੂਜਾ ਉਸ ਨਾਲ ਕੋਈ ਨਾ ਹੋਣ ਕਰਕੇ ਉਸ ਦੇ ਦੁੱਖਾਂ ਵਿੱਚ ਸਗੋਂ ਹੋਰ ਵਾਧਾ ਹੋ ਜਾਂਦਾ ਹੈ।

ਅੱਜ ਇਹ ਸੁਹਾਗਣਿ ਅਤੇ ਦੁਹਾਗਣਿ ਦੇ ਅਜਿਹੇ ਪਾਤਰ ਹਨ ਜਿਹੜੇ ਗੁਰਮੁਖ ਅਤੇ ਮਨਮੁਖ ਦੀ ਅਵਸਥਾ ਨੂੰ ਪ੍ਰਗਟ ਕਰਨ ਲਈ ਸਾਹਿਬ ਜੀ ਨੇ ਵਰਤੇ ਹਨ। ਦਰਦ ਦੀ ਪ੍ਰੀਭਾਸ਼ਾ ਨਾ ਹੋਣ ਕਰਕੇ ਅਸੀਂ ਮਨਮੁਖ ਦੇ ਦੁੱਖ ਨੂੰ ਜਾਣ ਨਹੀਂ ਸਕਦੇ, ਪਰ ਦੁਹਾਗਣਿ ਦੀ ਤਸਵੀਰ ਹਰ ਰੋਜ਼ ਸਾਡੇ ਸਾਹਮਣੇ ਹੈ। ਇਸੇ ਲਈ ਸਤਿਗੁਰੂ ਜੀ ਨੇ ਸਾਡੇ ਜ਼ਿੰਦਗੀ ਦੇ ਨਜ਼ਦੀਕੀ ਰਿਸ਼ਤੇ ਮਿਸਾਲ ਲਈ ਵਰਤੇ ਹਨ ਕਿ ਸਾਨੂੰ ਬੋਧ ਹੋ ਸਕੇ। ਗੁਰਮੁਖ ਕਿਵੇਂ ਸੁੱਖ ਮਾਣਦਾ ਹੈ ਅਤੇ ਮਨਮੁਖ ਕਿਵੇਂ ਦੁੱਖੀ ਹੁੰਦਾ ਹੈ।

ਸੁਹਾਗਣਿ ਨੇ ਹਰ ਉਹ ਗੱਲ ਆਪਣੇ ਜੀਵਨ ਵਿੱਚੋਂ ਕੱਢ ਦਿੱਤੀ ਜਿਹੜੀ ਪਿਆਰੇ ਨੂੰ ਚੰਗੀ ਨਹੀਂ ਲੱਗਦੀ। ਹਰ ਉਹ ਗੱਲ ਧਾਰਨ ਕਰ ਲਈ ਜਿਸ ਨਾਲ ਪਿਆਰੇ ਦੀ ਖ਼ੁਸ਼ੀ ਦਾ ਸੰਬੰਧ ਹੈ। ਮੈਂ ਸ਼ਿੰਗਾਰ ਵੀ ਪਤੀ ਦੇ ਮਨਭਾਉਂਦਾ ਕਰਦੀ ਹਾਂ। ਜੋ ਉਸਦੀ ਚਾਹਤ ਹੈ ਉਹੋ ਮੇਰੀ ਚਾਹਤ ਹੈ। ਮੇਰਾ ਤਾਂ ਤਨ ਮਨ ਆਪਣੇ ਪਿਆਰੇ ਜੋਗਾ ਹੈ। ਮੈਨੂੰ ਲੋਕਾਂ ਦੀ ਨਿੰਦਾ ਉਸਤਤਿ ਦੀ ਵੀ ਪ੍ਰਵਾਹ ਨਹੀਂ। ਮੈਂ ਤਾਂ ਆਪਣੇ ਪਿਆਰੇ ਦੇ ਪਿਆਰ ਵਿੱਚ ਵਿੰਨ੍ਹੀ ਹੋਈ ਹਾਂ। ਮੈਂ ਤਾਂ ਉਸ ਦੇ ਮਿਲਾਪ ਦੀਆਂ ਖ਼ੁਸ਼ੀਆਂ ਮਾਣਦੀ ਹਾਂ, ਪਰ ਇਸ ਵਿੱਚ ਵੀ ਮੇਰੀ ਸਿਆਣਪ ਨਹੀਂ, ਉਸਦੀ ਕਿਰਪਾ ਹੀ ਹੈ:

ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥
ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥੧॥
ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥
ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥
ਉਸਤਤਿ ਨਿੰਦਾ ਕਰੇ ਕਿਆ ਕੋਈ ॥
ਜਾਂ ਆਪੇ ਵਰਤੈ ਏਕੋ ਸੋਈ ॥੨॥
ਗੁਰ ਪਰਸਾਦੀ ਪਿਰਮ ਕਸਾਈ ॥
ਮਿਲਉਗੀ ਦਇਆਲ ਪੰਚ ਸਬਦ ਵਜਾਈ ॥੩॥
ਭਨਤਿ ਨਾਨਕੁ ਕਰੇ ਕਿਆ ਕੋਇ ॥
ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥ *(ਪੰਨਾ ੧੧੨੮)*

ਇਸ ਦੇ ਮੁਕਾਬਲੇ ਵਿੱਚ ਮਨਮੁਖ ਰੂਪ ਦੁਹਾਗਣਿ ਕਿਵੇਂ ਝੂਰਦੀ ਹੈ:

ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ ॥
ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ ॥੩॥
ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥
ਮੈ ਕਰਮਹੀਣ ਕਬ ਹੀ ਗਲਿ ਲਾਵੈ ॥੪॥
ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥
ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥ *(ਪੰਨਾ ੫੬੧)*

ਐਸੇ ਹੋਰ ਵੀ ਅਨੇਕਾਂ ਬਚਨ ਰੱਬੀ ਅਨੰਦ ਵਿੱਚ ਜੁੜੀ ਆਤਮਾ ਨੂੰ ਪ੍ਰਗਟ ਕਰਨ ਲਈ ਸੁਹਾਗਣਿ ਵਤਰ ਅਤੇ ਰੱਬੀ ਪਿਆਰ ਤੋਂ ਸੱਖਣੀ ਲਈ, ਵਿਛੋੜੇ ਦਾ ਦੁੱਖ ਹੰਢਾਉਂਦੀ ਪੀੜਾ ਨੂੰ ਜ਼ਾਹਿਰ ਕਰਨ ਲਈ ਦੁਹਾਗਣਿ ਦੀ ਤਸਵੀਰ ਪੇਸ਼ ਕੀਤੀ ਹੈ:

ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ *(ਪੰਨਾ ੭੯੩)*

ਪਤੀ ਦੀ ਸਾਰ ਤਾਂ ਸੁਹਾਗਣਿ ਹੀ ਜਾਣ ਸਕਦੀ ਹੈ ਜਿਸਨੇ ਆਪਣੇ ਆਪੇ ਨੂੰ ਤਿਆਗ ਕੇ ਆਪਣੇ ਪਿਆਰੇ ਦੇ ਪਿਆਰ ਨੂੰ ਹਾਸਿਲ ਕੀਤਾ ਹੈ। ਹੰਕਾਰ ਹੀ ਗਵਾਉਣਾ ਔਖਾ ਹੈ। ਜੇ ਕਿਧਰੇ ਗੁਰੂ ਕਿਰਪਾ ਨਾਲ ਖ਼ਤਮ ਹੋ ਜਾਵੇ ਤਾਂ ਪ੍ਰਭੂ ਪਤੀ ਪਾਉਣਾ ਉਤਨਾ ਹੀ ਸੌਖਾ ਹੈ:

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
(ਪੰਨਾ ੭੨੨)

ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥੧॥ *(ਪੰਨਾ ੭੯੩)*

ਸੁਹਾਗਣਿ ਨੇ ਤਨ ਮਨ ਦੇ ਦਿੱਤਾ। ਕੋਈ ਅਜਿਹਾ ਫ਼ਰਕ, ਜਿਹੜਾ ਸਾਡੇ ਪ੍ਰੇਮ ਵਿੱਚ ਤ੍ਰੇੜ ਪੈਦਾ ਕਰ ਸਕਦਾ ਹੈ ਉਹ ਅੰਦਰ ਰੱਖਿਆ ਹੀ ਨਹੀਂ। ਉਹ ਦੂਜਿਆਂ ਵੱਲ ਵੇਖਕੇ ਦੂਜਿਆਂ ਦੀ ਸੁਣਕੇ ਨਹੀਂ ਬੋਲਦੀ, ਜੋ ਮਿੱਠੀ ਪਿਆਰੀ ਬੋਲੀ ਪਿਆਰ ਦੇ ਮਨ ਨੂੰ ਭਾਉਂਦੀ ਹੈ ਉਹੋ ਬੋਲਦੀ ਹੈ। ਆਮ ਮਨੁੱਖ ਨੇ ਉਹ ਬਹੁਤ ਕੁਝ ਆਪਣੇ ਅੰਦਰ ਛੁਪਾਇਆ ਹੋਇਆ ਹੈ ਜੋ ਸਮਾਜ ਨੂੰ ਜਾਂ ਪ੍ਰਭੂ ਨੂੰ ਚੰਗਾ ਨਹੀਂ ਲੱਗਦਾ। ਇਸੇ ਲਈ ਹਰ ਬੰਦਾ ਇਸ ਗੱਲ ਦਾ ਹਮੇਸ਼ਾ ਧਿਆਨ ਰੱਖਦਾ ਹੈ ਕਿ ਲੋਕ ਮੇਰੇ ਬਾਰੇ ਕੀ ਕਹਿੰਦੇ ਹਨ। ਜਦੋਂ ਲੋਕ ਉਸਤਤਿ ਕਰਦੇ ਹਨ ਤਦ ਉਹ ਖ਼ੁਸ਼ ਹੁੰਦਾ ਹੈ ਕਿ ਮੇਰੇ ਅੰਦਰਲੀ ਹਾਲਤ ਦਾ ਕਿਸੇ ਨੂੰ ਪਤਾ ਨਹੀਂ, ਪਰ ਜਦੋਂ ਕਦੇ ਕੋਈ ਨਿੰਦਾ ਕਰਦਾ ਹੈ ਤਾਂ ਇਸ ਲਈ ਦੁੱਖੀ ਹੁੰਦਾ ਹੈ ਕਿ ਉਸਨੂੰ ਮੇਰੀ ਅੰਦਰਲੀ ਕਮਜ਼ੋਰੀ ਦਾ ਪਤਾ ਲੱਗ ਗਿਆ ਹੈ। ਜਿਸਨੇ ਫ਼ਰਕ ਹੀ ਕੋਈ ਨਹੀਂ ਰੱਖਿਆ, ਉਸਨੂੰ ਨਿੰਦਾ ਉਸਤਤਿ ਦੀ ਪ੍ਰਵਾਹ ਨਹੀਂ ਹੁੰਦੀ। ਉਹ ਤਾਂ ਆਪਣੇ ਪਿਆਰੇ ਦੇ ਪਿਆਰ ਵਿੱਚ ਮਸਤ ਹੁੰਦੀ ਹੈ:

ਸੋ ਕਤ ਜਾਨੈ ਪੀਰ ਪਰਾਈ ॥
ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥ (ਪੰਨਾ ੭੯੩)

ਜਿਸਨੇ ਕਦੇ ਵਿਛੋੜੇ ਦਾ ਦਰਦ ਨਹੀਂ ਹੰਢਾਇਆ, ਉਸਨੂੰ ਇਸ ਦਾ ਅਹਿਸਾਸ ਨਹੀਂ, ਪਰ ਜਿਸਨੇ ਪਹਿਲਾਂ ਮਿਲਕੇ ਸੁੱਖ ਮਾਣਿਆ, ਫਿਰ ਕਿਰਤਿ ਕਰਮ ਕੇ ਵਿਛੁੜੇ ਹੋ ਕੇ ਦੁੱਖ ਸਹਾਰਿਆ, ਇਹ ਤਾਂ ਉਹੋ ਹੀ ਜਾਣ ਸਕਦਾ ਹੈ। ਉਹ ਹੀ ਮਿਲਣ ਲਈ ਅਰਦਾਸ ਕਰਦਾ ਹੈ ਕਿ:

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
(ਪੰਨਾ ੬੯੪)

ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ (ਪੰਨਾ ੭੯੩)

ਜੀਵ ਕੋਲ ਸੰਸਾਰੀ ਸੁੱਖ ਰਹਿਣਾ ਕੋਈ ਨਹੀਂ, ਜੋ ਬੰਦਗੀ ਦਾ ਸੁੱਖ ਰਹਿਣਾ, ਉਹ ਪ੍ਰਾਪਤ ਨਹੀਂ ਕੀਤਾ। ਇਸ ਲਈ ਅਜਿਹਾ ਮਨਮੁਖ ਰੂਪ ਦੁਹਾਗਣਿ ਦੋਵੇਂ ਲੋਕ ਪ੍ਰਲੋਕ ਦੁੱਖੀ ਹੁੰਦਾ ਹੈ:

ਗਰਬਿ ਗਹੇਲੀ ਮਹਲੁ ਨ ਪਾਵੈ ॥
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ (ਪੰਨਾ ੭੩੭)

ਪੁਰ ਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥੨॥ (ਪੰਨਾ ੭੯੩)

ਇਸਲਾਮੀ ਮਤਿ ਅਨੁਸਾਰ ਇੱਕ ਨਿੱਕਾ ਜਿਹਾ ਪੁਲ ਹੈ, ਇਹ ਵਾਲ

ਤੋਂ ਵੀ ਨਿੱਕਾ ਹੈ, ਇਸ ਵਿੱਚੋਂ ਜਾਂ ਉੱਤੋਂ ਕੇਵਲ ਪੁੰਨ ਆਤਮਾ ਹੀ ਲੰਘ ਸਕਦੀ ਹੈ ਤੇ ਪਾਪੀ ਜੀਵ-ਆਤਮਾ ਨਰਕ ਭਾਵ ਜੰਮਣ ਮਰਨ ਦੇ ਗੇੜ ਵਿੱਚ ਡਿੱਗ ਪੈਂਦੀ ਹੈ। ਉਥੇ ਕੇਵਲ ਨਾਮ ਸਹਾਈ ਹੈ :

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ (ਪੰਨਾ ੨੬੪)

ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥ (ਪੰਨਾ ੭੯੩)

ਸੁਭਾਗੇ ਹਨ ਉਹ ਲੋਕ ਜਿਹੜੇ ਆਪਣੇ ਦੁੱਖ-ਦਰਦ ਦੀ ਪਹਿਚਾਣ ਕਰਕੇ ਫਿਰ ਇਲਾਜ ਲਈ ਅਰਦਾਸ ਕਰਦੇ ਹਨ। ਸੱਚੀ ਫ਼ਰਿਆਦ ਮਿਲਾਪ ਦਾ ਫਲ ਦਿੰਦੀ ਹੈ। ਜੇਕਰ ਜੀਵ ਇਥੇ ਪਹੁੰਚ ਕੇ ਵੀ ਸੱਚੀ ਫ਼ਰਿਆਦ ਦਾ ਦਾਮਨ ਪਕੜ ਲਵੇ ਕਿ ਹੇ ਨਿਰੰਕਾਰ ਜੀਉ! ਇਹ ਦੁੱਖੀ ਦਾਸ ਦਰਦਵੰਦ ਤੇਰੇ ਦਰ 'ਤੇ ਆਇਆ ਹੈ। ਦਰਸ਼ਨਾਂ ਦੀ ਬਹੁਤ ਪਿਆਸ ਹੈ ਪਰ ਅੱਗੋਂ ਜਵਾਬ ਨਹੀਂ ਮਿਲਿਆ :

ਦਰਮਾਦੇ ਠਾਢੇ ਦਰਬਾਰਿ ॥
ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥
(ਪੰਨਾ ੮੫੬)

ਅੱਗੇ ਬਚਨ ਹਨ :

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥ (ਪੰਨਾ ੭੯੩)

ਹੇ ਪ੍ਰਭੂ ਜੀ! ਮੈਂ ਤੇਰੀ ਸ਼ਰਨ ਵਿੱਚ ਆਇਆ ਹਾਂ। ਜਿਵੇਂ ਚੰਗਾ ਲੱਗਦਾ ਹੈ ਉਸ ਤਰ੍ਹਾਂ ਹੀ ਮੇਰੀ ਗਤਿ ਕਰੋ ਭਾਵ ਪਾਰ ਉਤਾਰਾ ਕਰ ਦਿਉ ਜੀ। ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ :

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥
(ਪੰਨਾ ੪੫੦)

ਤੱਤਸਾਰ

ਸਤਿਗੁਰੂ ਜੀ ਦੀ ਇਹ ਅਥਾਹ ਕਿਰਪਾ ਹੈ ਕਿ ਸਾਨੂੰ ਗੱਲ ਸਾਡੀ ਭਾਸ਼ਾ ਵਿੱਚ ਸਮਝਾਉਣ ਲਈ ਸਾਡੀ ਨਿੱਤ ਦੀ ਜ਼ਿੰਦਗੀ ਵਿੱਚੋਂ ਉਦਾਹਰਨਾਂ ਲੈ ਕੇ ਸਮਝਾਉਂਦੇ ਹਨ। ਇਸ ਅੰਮ੍ਰਿਤ ਬਚਨ ਵਿੱਚ ਵੀ ਸੁਹਾਗਣਿ ਅਤੇ ਦੁਹਾਗਣਿ ਦੀ ਮਿਸਾਲ ਰਾਹੀਂ ਗੁਰਮੁਖ ਅਤੇ ਮਨਮੁਖ ਦੀ ਜ਼ਿੰਦਗੀ ਦੀ ਅੰਦਰੂਨੀ ਤਸਵੀਰ

ਨੂੰ ਦਿਖਾਇਆ ਹੈ। ਜਿਸ ਪ੍ਰਭੂ ਪਤੀ ਦੀ ਪ੍ਰਾਪਤੀ ਲਈ ਸੰਸਾਰ ਅਨੇਕਾਂ ਸੰਕਟ ਝੱਲਦਾ ਹੈ, ਉਸਨੂੰ ਕਿਤਨਾ ਸੁਖੈਨ ਬਣਾ ਦਿੱਤਾ ਕਿ ਆਪੇ ਨੂੰ ਬਦਲਾ ਕੇ ਆਪਣੇ ਪਤੀ ਪ੍ਰਭੂ ਦੀ ਚਾਹਤ ਵਰਗਾ ਬਣਾ ਲੈ, ਫਿਰ ਮਿਲਾਪ ਦੂਰ ਨਹੀਂ :

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥

(ਪੰਨਾ ੭੩੭)

ਸੂਹੀ

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥
ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥
ਜਨਮੁ ਸਿਰਾਨੋ ਪੰਥੁ ਨ ਸਵਾਰਾ ॥
ਸਾਂਝ ਪਰੀ ਦਹ ਦਿਸ ਅੰਧਿਆਰਾ ॥
ਕਹਿ ਰਵਿਦਾਸ ਨਿਦਾਨਿ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥

(ਪੰਨਾ ੭੯੪)

ਅੰਬਰਾਵੈ—ਬਸਤਰ ਦਿੰਦਾ ਹੈ। ਸਿਰਾਨੋ—ਬੀਤ ਗਇਆ। ਨਿਦਾਨਿ—ਅੰਤ। ਫਨ ਖਾਨੇ—ਦਾਉ ਜਾਂ ਦਗ਼ੇ ਦਾ ਘਰ।

ਜਾਗੁ ਇਆਨਾ

ਦੁਨੀਆਂ ਵਿੱਚ ਦੋ ਤਰ੍ਹਾਂ ਦੀ ਗੋਦ ਅਕਸਰ ਦੇਖਣ ਨੂੰ ਮਿਲਦੀ ਹੈ— ਇੱਕ ਹੈ ਮਾਂ ਦੀ ਗੋਦ; ਦੂਜੀ ਹੈ ਖਿਡਾਵੀ ਦੀ ਗੋਦ। ਮਾਂ ਦੀ ਗੋਦ ਵਿੱਚ ਨਿੱਘ ਵੀ ਹੈ, ਮਮਤਾ ਵੀ ਹੈ, ਜ਼ਿੰਮੇਵਾਰੀ ਵੀ ਹੈ। ਮਾਂ ਸੁਆਂਦੀ ਵੀ ਹੈ ਪਰ ਫਿਰ ਮਾਂ ਜਗਾਉਂਦੀ ਵੀ ਹੈ ਪਰੰਤੂ ਖਿਡਾਵੀ ਕੇਵਲ ਇੱਕੋ ਹੀ ਭਾਵਨਾ ਰੱਖਦੀ ਹੈ ਕਿ ਬੱਚਾ ਲੰਮਾ ਸਮਾਂ ਸੁੱਤਾ ਹੀ ਰਹੇ ਕਿਉਂਕਿ ਇਸ ਦਾ ਸੌਣਾ ਮੇਰੇ ਲਈ ਸੁਖਦਾਇਕ ਹੈ।

ਗੁਰਬਾਣੀ ਮਾਂ ਦੀ ਗੋਦ ਹੈ, ਮਾਇਆ ਖਿਡਾਵੀ ਦੀ ਗੋਦ ਹੈ। ਮਾਇਆ ਨੇ ਜੀਵਾਂ ਨੂੰ ਅਜਿਹੀ ਨੀਂਦ ਸੁਆ ਦਿੱਤਾ ਕਿ ਸਾਰੀ ਜ਼ਿੰਦਗੀ ਸੁੱਤੇ ਪਿਆਂ ਦੀ ਹੀ ਗੁਜ਼ਰ ਜਾਂਦੀ ਹੈ। ਜੇਕਰ ਕਿਧਰੇ ਇਹ ਜਾਗਦਾ ਵੀ ਹੈ ਤਾਂ ਵੀ ਮਾਇਆ ਫਿਰ ਦੁਬਾਰਾ ਕਦੇ ਹੰਕਾਰ ਦੀ ਲੋਰੀ ਦੇ ਕੇ, ਕਦੇ ਮੋਹ ਮਮਤਾ ਦੀ ਲੋਰੀ ਦੇ ਕੇ ਸੁਆ ਦਿੰਦੀ ਹੈ। ਅਣਗਿਣਤ ਲੋਕ ਸੁੱਤੇ ਪਏ ਹਨ :

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥
ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ ॥੧੩॥ (ਪੰਨਾ ੧੪੨੫)

ਮਾਇਆ ਹਰ ਤਰ੍ਹਾਂ ਦੇ ਜੀਵ ਨੂੰ ਸੁਆ ਕੇ ਸਾਰੀ ਉਮਰ ਸੁਪਨੇ ਵਾਂਗ ਹੀ ਲੰਘਾ ਦਿੰਦੀ ਹੈ। ਇਹ ਖਿਡਾਵੀ ਹੈ, ਇਸ ਕੋਲ ਨਾ ਸੁੱਖ ਹੈ, ਨਾ ਨਿੱਘ ਹੈ, ਨਾ ਖ਼ੁਰਾਕ ਹੈ, ਬਸ ਇੱਕ ਅਗਿਆਨਤਾ ਦੀ ਨੀਂਦ ਹੈ ਜਿਸ ਵਿੱਚ ਜੀਵ ਨੂੰ ਨੀਂਦ ਦੀ ਹੀ ਅਵਸਥਾ ਵਿੱਚ ਰੱਖਦੀ ਹੈ। ਕਿਉਂਕਿ ਜਾਗ ਕੇ ਪ੍ਰਭੂ ਮਿਲਾਪ ਲਈ ਤੜਫ਼ਦਾ ਹੈ :

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥
ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥ (ਪੰਨਾ ੧੧੨੮)

ਦੂਜੇ ਪਾਸੇ ਗੁਰਬਾਣੀ ਮਾਂ ਹੈ। ਨੀਂਦ ਇਹ ਵੀ ਦਿੰਦੀ ਹੈ, ਪਰ ਇਹ ਨਾਲ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਕੇ ਕਿ ਮੈਂ ਤਾਂ ਆਪਣਾ ਪੁੱਤਰ ਲਾਇਕ

ਬਣਾਉਣਾ ਹੈ, ਉਹ ਫਿਰ ਜਗਾ ਵੀ ਦਿੰਦੀ ਹੈ। ਗੁਰਬਾਣੀ ਮਾਂ ਪ੍ਰੇਮ ਭਿੱਜੀਆਂ ਅਵਾਜ਼ਾਂ ਮਾਰਦੀ ਹੈ ਕਿ :

ਜਾਗੁ ਰੇ ਮਨ ਜਾਗਨਹਾਰੇ ॥
ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ ॥
(ਪੰਨਾ ੩੮੭)

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥੧੨੯॥
(ਪੰਨਾ ੧੩੭੧)

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ (ਪੰਨਾ ੪੫੯)

ਜਿਹੜੇ ਵੀ ਲੋਕ ਮਾਂ ਗੁਰਬਾਣੀ ਦੀਆਂ ਅਵਾਜ਼ਾਂ ਸੁਣ ਕੇ ਜਾਗ ਪੈਂਦੇ ਹਨ ਉਹ ਲੁੱਟੇ ਵੀ ਨਹੀਂ ਜਾਂਦੇ। ਉਹ ਜਾਗ ਕੇ ਜ਼ਿੰਦਗੀ ਦਾ ਸਫ਼ਰ ਤਹਿ ਕਰਕੇ ਮੰਜ਼ਿਲ ਵੀ ਪਾ ਲੈਂਦੇ ਹਨ। ਸੌਣ ਵਾਲੇ ਲੁੱਟੇ ਜਾਂਦੇ ਹਨ। ਇਸ ਅੰਮ੍ਰਿਤਮਈ ਸ਼ਬਦ ਵਿੱਚ ਦਰਸਾਇਆ ਹੈ ਕਿ ਪ੍ਰਭੂ ਮਿਲਾਪ ਦਾ ਰਾਹੀ "ਆਇਆ ਦੂਰਹੁ ਚਲ ਕੈ" ਹੋਣ ਕਰਕੇ ਇਥੇ ਅਗਿਆਨਤਾ ਦੀ ਨੀਂਦ ਵਿੱਚ ਸੁੱਤਾ ਪਿਆ ਹੈ। ਗੁਰਬਾਣੀ ਮਾਂ ਜਗਾ ਰਹੀ ਹੈ :

ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥ (ਪੰਨਾ ੭੯੪)

ਹੇ ਇਆਣੇ ! ਜਾਗ ਤੇਰਾ ਸਫ਼ਰ ਖ਼ਤਮ ਨਹੀਂ ਹੋਇਆ, ਕਿਉਂਕਿ ਜਿਹੜੇ ਸੱਚ ਨੂੰ ਮਿਲਣ ਆਇਆ ਹੈਂ ਉਹ ਸੱਚ ਇਹ ਜਗਤ ਨਹੀਂ, ਜਿਸ ਵਿੱਚ ਤੂੰ ਜੀਉਣਾ ਸੱਚ ਮੰਨਕੇ ਬੈਠ ਗਿਆ ਹੈਂ। ਇਹ ਜਗਤ ਤਾਂ ਕੂੜ ਹੈ, ਤੇਰਾ ਸਫ਼ਰ ਤਾਂ ਸਚਖੰਡ ਵਸਦੇ ਪ੍ਰਭੂ ਪਿਤਾ ਵਿੱਚ ਅਭੇਦ ਹੋਣਾ ਹੈ, ਉਥੇ ਜਾ ਕੇ ਸਮਾਪਤ ਹੋਵੇਗਾ। ਇਸ ਲਈ ਉੱਠ ਅਤੇ ਆਪਣੇ ਆਪ ਨੂੰ ਸੰਭਾਲ ਕੇ ਫਿਰ ਬੰਦਗੀ ਦੇ ਰਾਹ 'ਤੇ ਤੁਰ ਕੇ ਪੰਧ ਮੁਕਾ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ (ਪੰਨਾ ੪੬੮)

ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥ (ਪੰਨਾ ੭੯੩)

ਆਮ ਕਰਕੇ ਦੋ ਚੀਜ਼ਾਂ ਨੂੰ ਵੇਖਿਆ ਜਾਂਦਾ ਹੈ ਕਿ ਕੰਮ ਕਿੰਨਾ ਕੁ ਹੈ ਅਤੇ ਸਮਾਂ ਕਿੰਨਾ ਕੁ ਹੈ। ਕਈ ਵਾਰੀ ਜੀਵ ਦੇ ਆਲਿਸ ਕਰਕੇ ਸਮਾਂ ਤਾਂ

ਬਤੀਤ ਹੋ ਜਾਂਦਾ ਹੈ, ਪਰ ਕੰਮ ਹਾਲੇ ਬਾਕੀ ਰਹਿ ਜਾਂਦਾ ਹੈ। ਅਜਿਹੇ ਮਨੁੱਖ ਦੀ ਹਾਲਤ ਅਜਿਹੀ ਹੁੰਦੀ ਹੈ ਕਿ ਬੰਦਗੀ ਕੀਤੀ ਨਹੀਂ, ਹੁਣ ਪਾਰ ਕਿਵੇਂ ਹੋਵੇਗਾ :

ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ ॥
ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ ॥੪॥੧॥

(ਪੰਨਾ ੧੧੦੫)

ਜਿਹੜਾ ਦਿਨ ਆਉਂਦਾ ਹੈ ਉਹ ਚਲਾ ਜਾਂਦਾ ਹੈ। ਮਨੁੱਖ ਭਾਵੇਂ ਸੌਂ ਜਾਵੇ ਪਰ ਸਮਾਂ ਫਿਰ ਵੀ ਜਾਗਦਾ ਅਤੇ ਨਿਰੰਤਰ ਚਲਦਾ ਰਹਿੰਦਾ ਹੈ, ਇਸ ਲਈ ਜਾਗ। ਇਥੋਂ ਕੂਚ ਕਰਨਾ ਭਾਵ ਜਾਣਾ ਪੈਣਾ ਹੈ, ਇਥੇ ਰਹਿਣ ਲਈ ਕੋਈ ਸਥਿਰ ਨਹੀਂ, ਇਥੇ ਤਾਂ ਸਗੋਂ :

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥

(ਪੰਨਾ ੧੪੨੯)

ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥ *(ਪੰਨਾ ੭੯੩)*

ਤੁਰੇ ਜਾਂਦੇ ਸੰਗ ਵੱਲ ਵੇਖ ਕੇ ਹੀ ਸਿਆਣਾ ਹੋ। ਰੋਜ਼ ਤੂੰ ਦੇਖਦਾ ਹੈਂ "ਨੈਨਹੁ ਦੇਖਤ ਇਹ ਜਗ ਜਾਈ" ਸਾਨੂੰ ਵੀ ਜਾਣਾ ਪੈਣਾ ਹੈ। ਦੂਜਾ ਪੈਂਡਾ ਹਾਲੇ ਕਿੰਨੀ ਦੂਰ ਦਾ ਹੈ, ਪਰ ਮੌਤ ਸਿਰ ਉੱਪਰ ਆ ਪਹੁੰਚੀ ਹੈ:

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥
ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥ *(ਪੰਨਾ ੮੦੯)*

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥ *(ਪੰਨਾ ੭੯੪)*

ਹੇ ਬੰਦੇ! ਜਿਸ ਮਾਲਿਕ ਨੇ ਜਿੰਦ ਦਿੱਤੀ, ਰਿਜ਼ਕ ਦਿੱਤਾ, ਉਹ ਸਾਰੇ ਘਟਾਂ ਵਿੱਚ ਬੈਠਾ ਆਪਣੀ ਹੱਟ ਭਾਵ ਦੁਕਾਨ ਚਲਾ ਰਿਹਾ ਹੈ। ਜਿਹੜਾ ਸਭ ਕੁਝ ਦੇ ਰਿਹਾ ਹੈ, ਉਸ ਦਾ ਖ਼ਿਆਲ ਕਰ, ਜਾਗ। ਇਨ੍ਹਾਂ ਦਿੱਤੀਆਂ ਦਾਤਾਂ ਨੇ ਕੰਮ ਨਹੀਂ ਆਉਣਾ ਬਲਕਿ ਕੰਮ ਤਾਂ ਕੇਵਲ ਦਾਤੇ ਨੇ ਹੀ ਆਉਣਾ ਹੈ :

ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥੩॥ *(ਪੰਨਾ ੫੦)*

ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥ *(ਪੰਨਾ ੭੯੪)*

ਮੈਂ ਅਤੇ ਮੇਰੇ ਦਾ ਖ਼ਿਆਲ ਛੱਡਕੇ ਬੰਦਗੀ ਕਰ। ਹਿਰਦੇ ਵਿੱਚ ਸਾਈਂ

ਦਾ ਨਾਮ ਸੰਭਾਲ ਕਿਉਂਕਿ ਮੇਰੀ ਮੇਰੀ ਝੂਠੀ ਹੈ, ਉਸ ਦੀ ਯਾਦ ਸੱਚੀ ਹੈ:

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥
(ਪੰਨਾ ੨੯੮)

ਜਨਮੁ ਸਿਰਾਨੋ ਪੰਥੁ ਨ ਸਵਾਰਾ ॥
ਸਾਂਝ ਪਰੀ ਦਹ ਦਿਸ ਅੰਧਿਆਰਾ ॥ (ਪੰਨਾ ੭੯੪)

ਜਨਮ ਬੀਤ ਗਿਆ ਪਰ ਤੂੰ ਰਸਤਾ ਨਹੀਂ ਸੰਭਾਲਿਆ, ਸਵਾਰਿਆ। ਜਦੋਂ ਜੀਵਨ ਦੀ ਸ਼ਾਮ ਹੋ ਗਈ ਤਾਂ ਹਰ ਪਾਸੇ ਹਨੇਰਾ ਹੋ ਜਾਵੇਗਾ। ਹਨੇਰੇ ਵਿੱਚ ਸਫ਼ਰ ਨਹੀਂ ਮੁੱਕਦੇ, ਇਸ ਲਈ ਹੁਣ ਵਕਤ ਹੈ, ਜਾਗ ਕੇ ਆਪਾ ਸੰਭਾਲ:

ਕਹਿ ਰਵਿਦਾਸ ਨਿਦਾਨਿ ਦਿਵਾਨੇ ॥
ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥ (ਪੰਨਾ ੭੯੪)

ਸਾਹਿਬ ਜੀ ਆਖ਼ਰੀ ਬਚਨਾਂ ਵਿੱਚ ਕਿਰਪਾ ਕਰਦੇ ਹਨ ਕਿ ਹੇ ਦੀਵਾਨੇ! ਮੂਰਖ ਜਿਸ ਦੁਨੀਆਂ ਨੂੰ ਸੱਚ ਮੰਨ ਕੇ ਬੈਠ ਗਿਆ, ਇਹ ਤਾਂ ਤੇਰੇ ਨਾਲ ਧੋਖਾ ਹੈ, ਇਹ ਟਿਕਾਣਾ ਨਹੀਂ, ਪੜਾਅ ਹੈ। ਪੜਾਅ 'ਤੇ ਅਰਾਮ ਕਰਕੇ ਤੁਰ ਪੈਣਾ ਹੁੰਦਾ ਹੈ, ਪੜਾਅ ਮੰਜ਼ਿਲ ਨਹੀਂ ਹੁੰਦਾ। ਪੜਾਅ ਉੱਤੇ ਸੁੱਤੇ ਹੋਏ ਇਆਣੀ ਮਤਿ ਵਾਲੇ ਇਆਣੇ, ਜਾਗ ਕੇ ਪ੍ਰਭੂ ਨੂੰ ਚੇਤੇ ਕਰ, ਜ਼ਿੰਦਗੀ ਦਾ ਇਹੋ ਹੀ ਤਾਂ ਮਕਸਦ ਹੈ।

ਤੱਤਸਾਰ

ਇਹ ਦਿੱਸਦਾ ਸੰਸਾਰ ਅਸਲ ਵਿੱਚ ਸੱਚ ਨਹੀਂ, ਇਹ ਤਾਂ ਸਗੋਂ ਵਾਰੀ ਦੀ ਉਡੀਕ ਵਿੱਚ ਹੈ। ਜਿਨ੍ਹਾਂ ਦੀ ਵਾਰੀ ਆ ਗਈ ਉਹ ਚਲੇ ਗਏ, ਜਿਨ੍ਹਾਂ ਦੀ ਆਉਣੀ ਹੈ ਉਹ ਵਾਰੀ ਦੀ ਉਡੀਕ ਵਿੱਚ ਹਨ। ਵਾਰੀ ਨੂੰ ਉਡੀਕਣ ਵਾਲਿਆਂ ਵੱਲ ਦੇਖ ਕੇ ਅਗਿਆਨਤਾ ਦੀ ਨੀਂਦ ਵਿੱਚ ਸੌਂ ਨਾ, ਬਲਕਿ ਚੱਲਣ ਦੀ ਤਿਆਰੀ ਕਰ ਕਿਉਂਕਿ ਤੇਰਾ ਪੰਧ ਲੰਮਾ ਅਤੇ ਸਮਾਂ ਥੋੜ੍ਹਾ ਹੈ:

ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥ (ਪੰਨਾ ੭੯੪)

ਸੂਹੀ

ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥
ਭਾਈ ਬੰਧ ਕੁਟੰਬ ਸਹੇਰਾ ॥
ਓਇ ਭੀ ਲਾਗੇ ਕਾਢੁ ਸਵੇਰਾ ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥

(ਪੰਨਾ ੭੯੪)

ਸਾਲ ਰਸੋਈ—ਰਸੋਈ ਸਾਲ, ਰਸੋਈ ਖ਼ਾਨਾ। ਸਹੇਰਾ—ਸਾਥੀ। ਉਰਹਿ ਤਨ—ਰਿਦੇ ਨਾਲ, ਛਾਤੀ ਨਾਲ। ਭਾਗੀ—ਛੱਡ ਦਿੰਦੀ ਹੈ। ਲੂਟਿਆ—ਲੁਟਿਆ ਜਾ ਰਿਹਾ ਹੈ। ਛੂਟਿਆ—ਮੁਕਤ ਹੋ ਗਿਆ।

ਇਹੁ ਤਨੁ ਐਸਾ

ਮਨ ਨੇ ਭਰਮ ਦਾ ਸ਼ਿਕਾਰ ਹੋ ਕੇ ਤਨ ਨੂੰ ਸਦੀਵਤਾ ਦਾ ਨਿਵਾਸ ਮੰਨ ਲਿਆ ਪਰ ਜੋ ਕੁਝ ਇਹ ਮੰਨੀ ਬੈਠਾ ਹੈ, ਗੁਰਬਾਣੀ ਦੇ ਅੰਮ੍ਰਿਤ ਬਚਨ ਇਸ ਦੀ ਅਸਲੀਅਤ ਨੂੰ ਦਰਸਾਉਂਦੇ ਹਨ ਕਿ ਹੇ ਮੂਰਖ ਮਨਾ! ਜ਼ਿੰਦਗੀ ਰੂਪ ਨੀਰ ਕਿੰਨਾ ਕੁ ਸਮਾਂ ਕੱਚੇ ਭਾਂਡੇ ਵਿੱਚ ਟਿਕਾਅ ਕੇ ਰੱਖੇਂਗਾ। ਇਕ ਦਿਨ ਇਸ ਨੇ ਟੁੱਟ ਜਾਣਾ ਹੈ ਅਤੇ ਜ਼ਿੰਦਗੀ ਰੂਪ ਪਾਣੀ ਨੇ ਡੁੱਲ ਜਾਣਾ ਹੈ। ਰੁੱਖ ਦੇਖਣ ਨੂੰ ਸੋਹਣਾ ਲੱਗਦਾ ਹੈ ਪਰ ਹੈ ਕੰਧੀ ਉੱਤੇ, ਇਸ ਲਈ ਕੋਈ ਬਹੁਤਾ ਭਰੋਸੇ ਯੋਗ ਨਹੀਂ:

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥

(ਪੰਨਾ ੧੩੮੨)

ਕਬੀਰ ਸਾਹਿਬ ਜੀ ਬਚਨ ਕਰਦੇ ਹਨ ਕਿ ਕੁਝ ਧੂੜੀ ਇਕੱਠੀ ਕੀਤੀ ਤੇ ਇੱਕ ਕਾਗ਼ਜ਼ ਵਿੱਚ ਇਸ ਦੀ ਪੁੜੀ ਬੰਨ੍ਹ ਦਿੱਤੀ। ਚਾਰ ਕੁ ਦਿਨਾਂ ਦੀ ਗੱਲ ਹੈ, ਆਖ਼ਿਰਕਾਰ ਇਹ ਕਾਗ਼ਜ਼ ਦੀ ਪੁੜੀ ਖੁੱਲ੍ਹ ਜਾਣੀ ਹੈ ਅਤੇ ਮਿੱਟੀ ਬਿਖਰ ਜਾਣੀ ਹੈ:

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥੧੭੯॥

(ਪੰਨਾ ੧੩੭੪)

ਨਾਲ ਹੀ ਕਬੀਰ ਸਾਹਿਬ ਨੇ ਇਹ ਵੀ ਚੇਤਾਵਨੀ ਦੇ ਦਿੱਤੀ ਕਿ ਜਿਸ ਕਾਗ਼ਜ਼ ਵਿੱਚ ਇਹ ਧੂੜ ਦੀ ਪੁੜੀ ਬੰਨ੍ਹੀ ਹੋਈ ਹੈ, ਉਸ ਕਾਗ਼ਜ਼ ਦੀ ਕਿੰਨੀ ਕੁ ਤਾਕਤ ਹੈ? ਇਹ ਤਾਂ ਖ਼ੁਦ ਆਪ ਹੀ ਥੋੜ੍ਹਾ ਜਿਹਾ ਪਾਣੀ ਲੱਗਣ ਨਾਲ ਗਲ ਜਾਂਦਾ ਹੈ। ਕਾਗ਼ਜ਼ ਉਤਨਾ ਚਿਰ ਹੀ ਦੇਖਣ ਨੂੰ ਕਰੜਾ ਲੱਗਦਾ ਹੈ ਜਿਤਨਾ ਚਿਰ ਉਸ ਉੱਤੇ ਪਾਣੀ ਦੀ ਬੂੰਦ ਨਹੀਂ ਪਈ:

ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥

(ਪੰਨਾ ੧੧੦੬)

ਗੁਰੂ ਅਮਰਦਾਸ ਜੀ ਵੀ ਆਖਦੇ ਹਨ ਕਿ:

ਦੇਹੀ ਕਾਚੀ ਕਾਗਦ ਮਿਕਦਾਰਾ॥
ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥ (ਪੰਨਾ ੧੦੪੮)

ਪਾਣੀ ਦੀ ਇੱਕ ਨਿੱਕੀ ਜਿਹੀ ਬੂੰਦ ਤੇਰੀ ਸਾਰੀ ਤਾਕਤ ਖ਼ਤਮ ਕਰ ਦਿੰਦੀ ਹੈ। ਆਮ ਕਰਕੇ ਬਰਸਾਤੀ ਦਿਨਾਂ ਵਿੱਚ ਪਿੰਡਾਂ ਵਿੱਚ ਖੁੰਭਾਂ ਉੱਗ ਪੈਂਦੀਆਂ ਹਨ, ਪਰ ਇਹ ਖੁੰਭਾਂ ਕਿਸੇ ਕੰਮ ਵੀ ਨਹੀਂ ਆਉਂਦੀਆਂ ਅਤੇ ਹੁੰਦੀਆਂ ਵੀ ਬਹੁਤ ਥੋੜ੍ਹੇ ਜਿਹੇ ਸਮੇਂ ਲਈ ਹਨ। ਸਤਿਗੁਰੂ ਜੀ ਨੇ ਕਾਂਇਆ ਨੂੰ ਉਸ ਬਰਸਾਤ ਵਿੱਚ ਪੈਦਾ ਹੋਈ ਖੁੰਭ ਨਾਲੋਂ ਵੀ ਜਲਦੀ ਖ਼ਤਮ ਹੋਣ ਵਾਲੀ ਕਹਿ ਕੇ ਇਸ ਉੱਤੇ ਮਾਣ ਕਰਨ ਵਾਲੀ ਜਿੰਦ ਨੂੰ ਸਮਝਾਇਆ ਹੈ ਕਿ ਇਸ ਦੀ ਹਕੀਕਤ ਕੀ ਹੈ। ਪਾਵਨ ਬਚਨ ਹਨ:

ਤੁਝਹਿ ਸੁਝੰਤਾ ਕਛੂ ਨਾਹਿ॥
ਪਹਿਰਾਵਾ ਦੇਖੇ ਊਭਿ ਜਾਹਿ॥
ਗਰਬਵਤੀ ਕਾ ਨਾਹੀ ਠਾਉ॥
ਤੇਰੀ ਗਰਦਨਿ ਊਪਰਿ ਲਵੈ ਕਾਉ॥੧॥
ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥
(ਪੰਨਾ ੧੧੯੬)

ਇਹ ਮਿੱਟੀ ਦਾ ਭਾਂਡਾ ਨਿੱਕਾ ਜਿਹਾ ਟੁਣਕਾ ਵੀ ਨਹੀਂ ਸਹਾਰਦਾ, ਝੱਟ ਹੀ ਟੁੱਟ ਜਾਂਦਾ ਹੈ। ਇਸ ਨੂੰ ਪਾ ਕੇ ਹੰਕਾਰੀ ਨਾ ਹੋ:

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥੧॥
(ਪੰਨਾ ੧੨੫੩)

ਇਹ ਭਾਂਡਾ ਵਿਸ਼ਵਾਸ ਯੋਗ ਨਹੀਂ। ਇਹ ਪਤਾ ਨਹੀਂ ਕਦੋਂ ਧੋਖਾ ਦੇ ਦੇਵੇ। ਸਤਿਗੁਰੂ ਜੀ ਕਿਰਪਾ ਕਰਦੇ ਹਨ ਕਿ ਦੇਹੀ ਪਾ ਕੇ ਜਿਹੜਾ ਬੰਦਗੀ ਦਾ ਕਾਰਜ ਕਰਨਾ ਹੈ, ਉਸ ਵੱਲ ਧਿਆਨ ਦੇਣਾ ਚਾਹੀਦਾ ਹੈ:

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ॥੧॥ ਰਹਾਉ॥

(ਪੰਨਾ ੭੯੪)

ਇਸ ਤਨ ਦੀ ਸਚਾਈ ਇਹ ਹੈ ਕਿ ਇੱਕ ਦਿਨ ਇਸ ਦਾ ਤਿਆਗ ਕਰਨਾ ਹੈ। ਇਹ ਤਨ ਘਾਹ ਦੀ ਛਪਰੀ ਵਰਗਾ ਹੈ। ਘਾਹ ਫੂਸ ਵਾਂਗ ਇੱਕ ਪਲ ਵਿੱਚ ਸੜ ਜਾਣਾ ਹੈ। "ਮਾਟੀ ਮਾਟੀ ਹੋਈ ਏਕ" ਵਾਂਗ ਮਿੱਟੀ ਨੇ ਮਿੱਟੀ ਵਿੱਚ ਰਲ ਜਾਣਾ ਹੈ। ਜਿਸ ਤਨ ਨਾਲ ਇਤਨਾ ਸਨੇਹ ਹੈ ਉਹ ਸੱਚਾ ਸੰਗੀ ਨਹੀਂ:

ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥ (ਪੰਨਾ ੮੭੦)

ਊਚੇ ਮੰਦਰ ਸਾਲ ਰਸੋਈ ॥
ਏਕ ਘਰੀ ਫੁਨਿ ਰਹਨੁ ਨ ਹੋਈ ॥੧॥ (ਪੰਨਾ ੭੯੪)

ਸਰੀਰ ਨੂੰ ਸੰਭਾਲ ਕੇ ਲੰਮਾ ਸਮਾਂ ਰੱਖ ਸਕਣ ਦੀ ਤਮੰਨਾ ਨੇ ਇਸ ਦੀ ਸਹੂਲਤ ਲਈ ਸੋਹਣੇ ਸੋਹਣੇ ਉੱਚੇ ਘਰ ਬਣਾਏ, ਫਿਰ ਇਸ ਦੀ ਖ਼ੁਰਾਕ ਲਈ ਰਸੋਈਖ਼ਾਨਾ ਬਣਾਇਆ। ਇਸਨੂੰ ਗਰਮੀ ਸਰਦੀ, ਕਿਸੇ ਵੀ ਦੁਨਿਆਵੀ ਆਫ਼ਤ ਤੋਂ ਬਚਾਉਣ ਲਈ ਘਰ ਤੇ ਪਾਲ ਪਲੋਸ ਕੇ ਰੱਖਣ ਲਈ ਰਸੋਈ ਬਣਾਈ। ਜ਼ਿੰਦਗੀ ਦਾ ਸਾਰਾ ਸਮਾਂ ਇਥੇ ਹੀ ਖ਼ਰਚ ਕਰ ਦਿੱਤਾ। ਦੂਜੇ ਪਾਸੇ ਅਲਾਹੀ ਸੱਦਾ ਆ ਗਿਆ। ਜੋ ਕੁਝ ਰਹਿਣ ਲਈ ਬਣਾਇਆ ਸੀ, ਹੁਣ ਕਿਸੇ ਨੇ ਇੱਕ ਘੜੀ ਵੀ ਟਿਕਣ ਨਹੀਂ ਦਿੱਤਾ। ਉਥੇ ਛੱਡ ਆਏ, ਕਦੇ ਇੱਕ ਵਾਰੀ ਦੇਖਣ ਵੀ ਨਹੀਂ ਗਿਆ ਸੀ:

ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ (ਪੰਨਾ ੪੭੮)

ਭਾਈ ਬੰਧ ਕੁਟੰਬ ਸਹੇਰਾ ॥
ਓਇ ਭੀ ਲਾਗੇ ਕਾਢੁ ਸਵੇਰਾ ॥੨॥ (ਪੰਨਾ ੭੯੪)

ਭਰਾ, ਰਿਸ਼ਤੇਦਾਰ, ਪਰਿਵਾਰ ਅਤੇ ਹੋਰ ਸਾਥੀ ਹੋ ਸਕਦਾ ਹੈ ਕਿ ਇਹ ਜ਼ਿੰਦਗੀ ਦੇ ਬਾਕੀ ਕਾਰਜਾਂ ਵੇਲੇ ਸਾਰੇ ਇਤਨੀ ਜਲਦੀ ਇਕੱਠੇ ਨਾ ਹੋਏ ਹੋਣ। ਕਈ ਵਾਰੀ ਕਈ ਗੱਲਾਂ ਦੇ ਗਿਲੇ ਸ਼ਿਕਵੇ ਕਰਦੇ ਹਨ ਪਰ ਅੱਜ ਜਦੋਂ ਘਰੋਂ ਕੱਢਣ ਦੀ ਗੱਲ ਆਈ ਤਾਂ ਸਾਰੇ ਇਕੱਠੇ ਹੋ ਗਏ, ਹਰ ਕੋਈ ਛੇਤੀ ਦੀ ਸਲਾਹ ਦੇ ਰਿਹਾ ਹੈ। ਜਿਹਨਾਂ ਨੂੰ ਸੰਗੀ ਸਮਝਦਾ ਹੈ ਉਹਨਾਂ ਦੀ ਇਹ ਹਾਲਤ ਹੈ:

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥
ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥
(ਪੰਨਾ ੬੩੪)

ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥ (ਪੰਨਾ ੭੯੪)

ਜੀਵਨ ਸਾਥਣ ਕਹਿਕੇ ਜਿਸ ਨਾਲ ਰਿਸ਼ਤਾ ਜੋੜਿਆ ਸੀ, ਫਿਰ ਜਿਸ ਨਾਲ ਅਤਿ ਦਾ ਸਨੇਹ ਕੀਤਾ, ਜਿਸ ਦੀਆਂ ਮੰਗਾਂ ਦੀ ਪੂਰਤੀ ਲਈ ਜ਼ਿੰਦਗੀ ਲੇਖੇ ਲਾ ਦਿੱਤੀ, ਪਾਪ ਪੁੰਨ ਕਰਦਾ ਰਿਹਾ, ਪਰ ਇਹਨਾਂ ਨੇ ਅੰਤ ਸਮੇਂ ਪਿਆਰ ਕਰਨ ਦੀ ਬਜਾਇ ਤੇਰੇ ਕੋਲੋਂ ਡਰਨ ਲੱਗ ਪੈਣਾ ਹੈ:

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥

(ਪੰਨਾ ੬੩੪)

ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥ *(ਪੰਨਾ ੭੯੪)*

ਸਾਰਾ ਜੱਗ ਇਸ ਝੂਠੀ ਮੋਹ ਮਮਤਾ ਵਿੱਚ ਪੈ ਕੇ ਲੁੱਟਿਆ ਜਾ ਰਿਹਾ ਹੈ। ਅਸਲੀਅਤ ਨੂੰ ਜਾਨਣ ਦੀ ਬਜਾਇ ਮੋਹ ਜਾਲ ਵਿੱਚ ਅੰਨ੍ਹਾ ਹੋਇਆ ਜਗਤ ਵਿੱਚ ਵਰਤਦੀ ਨਿਤ ਦਿਹਾੜੇ ਦੀ ਸਚਾਈ ਨੂੰ ਸਮਝਦਾ ਨਹੀਂ। ਮੈਂ ਤਾਂ ਇਸ ਹਕੀਕਤ ਨੂੰ ਸਮਝ ਕੇ ਨਾਮ ਜਪਣ ਲੱਗ ਪਿਆ, ਜਿਸ ਕਰਕੇ ਮੈਂ ਲੁੱਟਿਆ ਨਹੀਂ ਗਿਆ, ਸਗੋਂ ਹਰ ਤਰ੍ਹਾਂ ਦੇ ਜੰਜਾਲਾਂ ਤੋਂ ਛੁੱਟ ਗਿਆ ਹਾਂ। ਮੈਨੂੰ ਬੰਦਗੀ ਕਰਕੇ ਸਮਝ ਲੱਗ ਗਈ ਕਿ ਇਸ ਤਨ ਦੀ ਸਚਾਈ ਕੀ ਹੈ।

ਤੱਤਸਾਰ

ਤਨ ਅਸਲ ਵਿੱਚ ਸਾਧਨ ਹੈ ਅਤੇ ਪ੍ਰਭੂ ਮਿਲਾਪ ਮਨੋਰਥ ਹੈ ਪਰ ਜੀਵ ਵਿਚਾਰਾ ਮੋਹ ਮਮਤਾ ਵਿੱਚ ਫਸ ਕੇ ਤਨ ਨੂੰ ਸਦੀਵ ਸਮਝ ਕੇ ਆਪਣੇ ਮਨੋਰਥ ਨੂੰ ਭੁੱਲ ਜਾਂਦਾ ਹੈ। ਜਿਹੜਾ ਗੁਰੂ ਦੇ ਸਮਝਾਇਆਂ ਸਮਝ ਜਾਂਦਾ ਹੈ, ਉਹ ਤਾਂ ਰੱਬੀ ਬੰਦਗੀ ਕਰਕੇ ਛੁੱਟ ਜਾਂਦਾ ਹੈ, ਜਿਹੜਾ ਨਹੀਂ ਜਾਗਦਾ ਉਹ ਫਿਰ ਭਟਕਣਾ ਦਾ ਸ਼ਿਕਾਰ ਹੋ ਜਾਂਦਾ ਹੈ।

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰ ਪ੍ਰਸਾਦਿ ॥

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥

(ਪੰਨਾ ੮੫੮)

ਦਾਰਿਦ—ਗ਼ਰੀਬੀ। ਅਸਟ ਦਸਾ—ਅਠਾਰਾਂ। ਆਲ—ਬਖੇੜਾ।

ਮੈ ਕਿਛੁ ਨਹੀ

ਖ਼ੁਦੀ ਮਿਟਾਉਣਾ ਹੀ ਖ਼ੁਦਾ ਨੂੰ ਪਾਉਣਾ ਹੈ। ਖ਼ੁਦਾ ਨੂੰ ਪਾ ਕੇ ਫਿਰ ਅੰਦਰ ਹੀ ਇਸ ਦਾਤ ਨੂੰ ਸੰਭਾਲ ਕੇ ਵੀ ਰੱਖਣਾ ਹੈ। ਜਦੋਂ ਕਦੇ ਵੀ ਕੋਈ ਪ੍ਰਾਪਤੀ ਹੁੰਦੀ ਹੈ ਤਾਂ ਕਈ ਵਾਰੀ ਉਸ ਪ੍ਰਾਪਤੀ ਦਾ ਹੰਕਾਰ ਹੀ ਫਿਰ ਲਿਆ ਕੇ ਉਥੇ ਹੀ ਖੜਾ ਕਰ ਦਿੰਦਾ ਹੈ ਜਿਥੇ ਇਸ ਪ੍ਰਾਪਤੀ ਲਈ ਉੱਦਮ ਸ਼ੁਰੂ ਕੀਤਾ ਸੀ। ਪ੍ਰਾਪਤੀ ਨਾਲ ਹੀ ਦੁਨੀਆਂ ਨੇ ਉਪਮਾ, ਮਾਣ, ਵਡਿਆਈ ਦੇਣੀ ਹੈ। ਇਸ ਮਾਣ ਵਡਿਆਈ ਨੇ ਹੰਕਾਰ ਪੈਦਾ ਕਰਨਾ ਹੈ, ਹੰਕਾਰ ਨੇ ਫਿਰ ਉਹੋ ਸਥਿਤੀ ਪੈਦਾ ਕਰ ਦੇਣੀ ਹੈ।

ਹਰ ਇੱਕ ਬਿਮਾਰੀ ਤੋਂ, ਹਰ ਦੁੱਖ ਤੋਂ, ਹਰ ਤਰ੍ਹਾਂ ਦੇ ਵੈਰੀ ਤੋਂ ਬਚਾਉ ਦਾ ਕੋਈ ਨਾ ਕੋਈ ਰਾਹ ਵਾਹਿਗੁਰੂ ਜੀ ਨੇ ਬਣਾਇਆ ਹੁੰਦਾ ਹੈ, ਪਰ ਉਸਦਾ ਪਤਾ ਨਹੀਂ ਹੁੰਦਾ। ਪਰ ਜੇਕਰ ਅਜਿਹੀ ਹਾਲਤ ਵਿੱਚ ਗੁਰੂ ਜੀ ਤੋਂ ਸਲਾਹ ਪੁੱਛ ਲਈਏ ਤਾਂ ਹਰ ਹਾਲਾਤ ਵਿੱਚ ਰਸਤਾ ਪ੍ਰਾਪਤ ਹੋ ਜਾਂਦਾ ਹੈ। ਗੁਰੂ ਜੀ ਰੱਬੀ ਪ੍ਰਾਪਤੀ ਮਗਰੋਂ ਇਹ ਦੱਸ ਦਿੰਦੇ ਹਨ ਕਿ ਜੇਕਰ ਆਪਣੇ ਆਪ ਨੂੰ ਲੋਕਾਂ ਦੀ ਉਪਮਾ ਤੇ ਵਡਿਆਈ ਤੋਂ ਬਚਾਉਣਾ ਹੈ ਤਾਂ ਬਾਹਰੀ ਦਸ਼ਾ ਅਜਿਹੀ ਬਣਾ ਕੇ ਰੱਖਣੀ ਪਵੇਗੀ, ਜਿਸ ਨਾਲ ਸੰਸਾਰ ਨੂੰ ਇਹ ਨਾ ਪਤਾ ਲੱਗ ਸਕੇ ਕਿ ਇਸ ਦੇ ਅੰਦਰ ਕੀ ਹੋ ਸਕਦਾ ਹੈ। ਜਿੰਨੀ ਵੱਡੀ ਤਾਕਤ ਅਸੀਂ ਲੁਕਾ ਕੇ ਰੱਖਣੀ ਹੈ ਉਤਨਾ ਬਾਹਰ ਵੀ ਪਹਿਰਾ ਬਹੁਤ ਕਰੜਾ ਕਰਨਾ ਹੈ। ਇਸ ਲਈ ਖ਼ੁਦਾ ਦੀ ਪ੍ਰਾਪਤੀ ਨੂੰ ਸੰਭਾਲ ਕੇ ਰੱਖਣ ਲਈ ਬਹੁਤ ਹੀ ਜ਼ਰੂਰੀ ਹੈ ਕਿ ਬਾਹਰੀ ਤੌਰ 'ਤੇ ਗ਼ਰੀਬੀ ਵਾਲਾ ਸੁਭਾਅ ਰੱਖਿਆ ਜਾਵੇ। ਗ਼ਰੀਬੀ ਇੱਕ ਅਜਿਹੀ ਪਹਿਰੇਦਾਰ ਹੈ ਕਿ ਇਹ ਅੰਦਰ ਹਰ ਇੱਕ ਚੀਜ਼ ਨੂੰ ਛੁਪਾ ਲੈਂਦੀ ਹੈ। ਬਾਹਰੀ ਰੂਪ ਵੇਖਕੇ ਹੀ ਕਦੇ ਬ੍ਰਾਹਮਣ ਮਖ਼ੌਲ ਕਰਦਾ ਹੈ। ਉਸ ਦੇ ਵੀਚਾਰ ਅਨੁਸਾਰ ਇਹਨਾਂ ਕੋਲ ਵੀ ਧਰਮ ਅਜਿਹਾ ਹੀ ਹੈ ਜਿਹੋ ਜਿਹਾ ਮੇਰੇ ਕੋਲ ਹੈ। ਉਸ ਕੋਲ ਧਰਮ ਕੇਵਲ ਦੁਨੀਆਂ ਦੀ ਨਜ਼ਰ ਜੋਗਾ ਹੈ। ਪ੍ਰਮੇਸ਼ਰ ਜੀ ਦੇ ਦਰ 'ਤੇ ਪਰਵਾਨ ਹੋਣ ਵਾਲੀ ਨਾਮ ਦੀ ਪਵਿੱਤਰ ਦਾਤ ਨਹੀਂ। ਇਸੇ ਲਈ ਤਾਂ ਇਹ ਹੋਕਾ ਲਾ ਕੇ ਇਸ ਅਖੌਤੀ ਧਰਮੀ ਨੂੰ ਸਮਝਾਉਣਾ ਪਿਆ ਕਿ:

ਮੁਖ ਤੇ ਪੜਤਾ ਟੀਕਾ ਸਹਿਤ ॥
ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥
ਅਪਨਾ ਕਹਿਆ ਆਪਿ ਨ ਕਮਾਵੈ ॥੧॥ *(ਪੰਨਾ ੮੮੭)*

ਪਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥
(ਪੰਨਾ ੧੧੦੨)

ਹੁਣ ਅਜਿਹੀ ਹਾਲਤ ਬਣ ਗਈ ਕਿ ਬਾਹਰੋਂ ਦੇਖ ਕੇ ਹਰ ਕੋਈ ਹੱਸਦਾ ਹੈ ਕਿ ਜੇਕਰ ਅੰਦਰ ਰੱਬ ਹੈ ਤਾਂ ਬਾਹਰੋਂ ਅਜਿਹੀ ਗ਼ਰੀਬੀ ਕਿਉਂ ? ਜੇਕਰ ਬਾਹਰੋਂ ਅਜਿਹੀ ਗ਼ਰੀਬੀ ਹੈ ਫਿਰ ਅੰਦਰ ਰੱਬ ਕਿਵੇਂ ਵੱਸ ਸਕਦਾ ਹੈ ? ਅਕਸਰ ਪ੍ਰਭੂ ਦੀ ਪ੍ਰਾਪਤੀ ਕਰ ਲੈਣ ਵਾਲਿਆਂ ਦੇ ਘਰ ਆਮ ਕਰਕੇ ਗ਼ਰੀਬੀ ਦਾ ਹੀ ਪਹਿਰਾ ਦੇਖ ਸਕਦੇ ਹਾਂ। ਪਰ ਇਥੇ ਇਹ ਗੱਲ ਬਹੁਤ ਧਿਆਨ ਮੰਗਦੀ ਹੈ ਕਿ ਇਥੇ ਗ਼ਰੀਬੀ ਦੀ ਹਾਲਤ ਨਹੀਂ ਸਗੋਂ ਇਥੇ ਤਾਂ ਗ਼ਰੀਬੀ ਪਹਿਰੇਦਾਰ ਹੈ। ਗ਼ਰੀਬੀ ਦੀ ਹਾਲਤ ਤਾਂ ਉਥੇ ਹੁੰਦੀ ਹੈ ਜਿਥੇ ਕੁਝ ਹੋਵੇ ਨਾ, ਪਰ ਇਥੇ ਤਾਂ ਸਗੋਂ ਅੰਦਰ ਸਭ ਕੁਝ ਦਾ ਮਾਲਿਕ ਬੈਠਾ ਹੈ, ਤਦ ਹੀ ਤਾਂ ਦਰਵੇਸ਼ਾਂ ਦੇ ਦਰ 'ਤੇ ਰਾਜੇ ਵੀ ਮੰਗਤੇ ਬਣੇ ਹੁੰਦੇ ਹਨ।

ਅੰਦਰ ਸੱਚ ਹੋਵੇ, ਬਾਹਰ ਗ਼ਰੀਬੀ ਹੋਵੇ, ਇਹਨਾਂ ਹਾਲਾਤਾਂ ਵਿੱਚ ਵੀ ਇੱਕ ਸੂਖਮ ਹਉਮੈ ਦਾ ਜਨਮ ਹੋ ਸਕਦਾ ਹੈ। ਇਸ ਤੋਂ ਵੀ ਬਚਣ ਲਈ ਇੱਕ ਬਹੁਤ ਹੀ ਪਿਆਰਾ ਬਚਨ ਹੈ ਕਿ "ਮੈ ਕਿਛੁ ਨਾਹੀ" ਹੁਣ ਇਹ ਦੋਨੋਂ ਪਾਸੇ ਪੈਜ ਰੱਖਦਾ ਹੈ। ਦੁਨੀਆਦਾਰ ਸਮਝਦੇ ਹਨ ਕਿ ਗ਼ਰੀਬੀ ਹੋਣ ਕਰਕੇ ਆਖਦਾ ਹੈ ਕਿ ਮੈ ਕਿਛੁ ਨਾਹੀ। ਅੰਦਰਲੇ ਇਹ ਸ਼ਬਦ ਅਰਦਾਸ ਬਣ ਜਾਂਦੇ ਹਨ ਕਿ ਰੱਬ ਮੈ ਕਿਛੁ ਨਾਹੀ ਸਭ ਤੁਹਾਡੀ ਕਿਰਪਾ ਹੈ। ਐਸੀ ਦਸ਼ਾ ਦਾ ਸਤਿਗੁਰੂ ਜੀ ਦਾ ਇਹ ਅੰਮ੍ਰਿਤ ਬਚਨ ਹੈ:

ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥੧॥ ਰਹਾਉ ॥
(ਪੰਨਾ ੮੫੮)

ਜਨਮ ਮਰਨ ਤੋਂ ਮੁਕਤੀ ਬਖ਼ਸ਼ਣ ਵਾਲੇ ਰਾਮ ਜੀਉ! ਆਪ ਜਾਣਦੇ ਹੋ ਕਿ ਮੈਂ ਕੁਝ ਭੀ ਨਹੀਂ ਹਾਂ ਭਾਵ ਮੈਂ ਕੁਝ ਵੀ ਨਹੀਂ ਸਮਝਦਾ, ਸਭ ਤੁਹਾਡੀ ਹੀ ਰਹਿਮਤ ਹੈ। ਨਹੀਂ ਤਾਂ ਜਿਸਦੇ ਹਿਰਦੇ ਵਿੱਚ ਸਾਰੇ ਕਾਰਜਾਂ ਨੂੰ ਪੂਰਨ ਕਰਨ ਵਾਲਾ ਤੇ ਸਭ ਜੀਵਾਂ ਨੂੰ ਸ਼ਰਨ ਦੇਣ ਵਾਲਾ ਰੱਬ ਵਸਿਆ ਹੋਵੇ, ਉਸ ਨੂੰ ਕਿਸ ਗੱਲ ਦਾ ਘਾਟਾ ਹੋ ਸਕਦਾ ਹੈ। ਇਹ ਤਾਂ ਤੇਰੇ ਪਿਆਰਿਆਂ ਨੇ ਗ਼ਰੀਬੀ ਦੀ ਪੁਸ਼ਾਕ ਪਹਿਨੀ ਹੈ, ਪਰ ਹੈ ਗ਼ਰੀਬ ਨਹੀਂ:

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥ (ਪੰਨਾ ੧੩੭੫)

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥ (ਪੰਨਾ ੮੫੮)

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥ (ਪੰਨਾ ੮੫੮)

ਮੇਰੀ ਗ਼ਰੀਬੀ ਦੇਖ ਕੇ ਹਰ ਕੋਈ ਮੇਰਾ ਮਖ਼ੌਲ ਉਡਾਉਂਦਾ ਹੈ, ਪਰ ਅਠਾਰਹ ਸਿੱਧੀਆਂ ਭਾਵ ਸਭ ਕੁਝ ਸਾਡੀ ਤਲੀ ਉੱਤੇ ਪਿਆ ਹੈ, ਇਹ ਸਾਰਾ ਕੁਝ ਆਪ ਜੀ ਦੀ ਕਿਰਪਾ ਹੈ। ਸਭ ਕੁਝ ਕੋਲ ਹੋਵੇ, ਦੁਨੀਆਂ ਦੇ ਕਠੋਰ ਬੋਲ ਵੀ ਸਹਾਰ ਲੈਣਾ, ਦੂਜੇ ਪਾਸੇ ਅੰਦਰ ਰੱਬ ਹੋਵੇ ਪ੍ਰਗਟ ਨਾ ਹੋਣ ਦੇਣਾ, ਇਹ ਸਭ ਆਪ ਜੀ ਦੀ ਕਿਰਪਾ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
(ਪੰਨਾ ੧੧੦੬)

ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥ (ਪੰਨਾ ੮੫੮)

ਹੇ ਨਿਰੰਕਾਰ ਜੀਉ! ਜਿਹੜੇ ਵੀ ਆਪ ਜੀ ਦੀ ਸ਼ਰਨ ਲੈ ਲੈਂਦੇ ਹਨ ਉਹਨਾਂ ਨੂੰ ਪਾਪਾਂ ਦਾ ਭਾਰ ਨਹੀਂ ਰਹਿੰਦਾ। ਤੇਰੀ ਬਖ਼ਸ਼ਿਸ਼ ਦਾ ਸਦਕਾ ਹਰ ਊਚ ਨੀਚ ਸੰਸਾਰ ਦੇ ਬਿਖੇੜੇ ਤੋਂ ਪਾਰ ਹੋ ਜਾਂਦਾ ਹੈ:

ਹਰਿ ਜੀ ਏਹ ਤੇਰੀ ਵਡਿਆਈ ॥
ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥
(ਪੰਨਾ ੬੩੭)

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥੧॥ (ਪੰਨਾ ੮੫੮)

ਹੇ ਨਿਰੰਕਾਰ! ਸਮੁੱਚੀ ਕਾਇਨਾਤ ਭਾਵੇਂ ਆਪ ਜੀ ਦੇ ਹੀ ਗੁਣ ਕਥਨ ਕਰ ਰਹੀ ਹੈ, ਪਰ ਫਿਰ ਵੀ ਆਪ ਜੀ ਦੀ ਕਥਾ ਕਥਨ ਤੋਂ ਬਾਹਰੀ ਹੈ, ਕਿਉਂਕਿ ਕੋਈ ਗੱਲ ਸਮਝਾਉਣ ਵਾਸਤੇ ਹਮੇਸ਼ਾ ਕੋਈ ਨਾ ਕੋਈ ਉਦਾਹਰਣ ਦੀ ਲੋੜ ਪੈਂਦੀ ਹੈ, ਪਰ ਤੇਰੀ ਉਪਮਾ ਵਾਸਤੇ ਕਾਇਨਾਤ ਦੇ ਖ਼ਜ਼ਾਨੇ ਵਿੱਚ ਕੋਈ ਅਜਿਹੀ ਚੀਜ਼ ਨਹੀਂ, ਜਿਸ ਨਾਲ ਤੇਰੀ ਉਪਮਾ ਹੋ ਸਕਦੀ ਹੋਵੇ, ਬਸ ਇਹੋ ਹੀ ਕਹਿਣਾ ਪਵੇਗਾ ਕਿ ਤੇਰੇ ਵਰਗਾ ਤੂੰ ਹੀ ਹੈਂ, ਹੋਰ ਕੋਈ ਨਹੀਂ:

ਗੁਣੁ ਏਹੋ ਹੋਰੁ ਨਾਹੀ ਕੋਇ ॥
ਨਾ ਕੋ ਹੋਆ ਨਾ ਕੋ ਹੋਇ ॥੩॥ *(ਪੰਨਾ ੯)*

ਤੱਤਸਾਰ

ਸੰਸਾਰ ਦੀ ਅੱਖ ਕੋਲ ਨਿਰੰਕਾਰ ਨੂੰ ਵੇਖਣ ਦੀ ਤਾਕਤ ਨਹੀਂ। ਇਸ ਲਈ ਇਹ ਕੇਵਲ ਗ਼ਰੀਬੀ ਦੀ ਪੁਸ਼ਾਕ ਤੱਕ ਹੀ ਰਹਿ ਜਾਂਦੇ ਹਨ, ਪਰ ਇਸ ਪੁਸ਼ਾਕ ਵਿੱਚ ਕੌਣ ਹੈ, ਇਸ ਦੀ ਪਹਿਚਾਣ ਜਗਤ ਨਹੀਂ ਕਰ ਸਕਦਾ ਜਦਕਿ ਸਾਹਿਬ ਦੀ ਬਾਣੀ ਦਾ ਬਚਨ ਹੈ ਕਿ:

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
(ਪੰਨਾ ੪੬੬)

ਪਰ ਮਾਇਆਧਾਰੀ ਅਤਿ ਅੰਨਾ ਬੋਲਾ ਹੋਣ ਕਰਕੇ ਨਾ ਅਜਿਹਾ ਸੱਚ ਵੇਖ ਹੀ ਸਕਦਾ ਹੈ ਅਤੇ ਨਾ ਹੀ ਸੁਣ ਸਕਦਾ ਹੈ।

ਬਿਲਾਵਲੁ

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ
ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥
ਬ੍ਰਹਮਨ ਬੈਸ ਸੂਦ ਅਰੁ ਖ੍ਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ
ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥
ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ
ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥

(ਪੰਨਾ ੮੫੮)

ਬੈਸਨੌ—ਇਕ ਮਤ ਦਾ ਨਾਮ ਹੈ। ਇਹ ਲੋਕ ਭਗਤੀ ਭਾਵ ਵਿਚ ਬਹੁਤ ਉੱਘੇ ਸਨ। ਲਗਭਗ ਸਾਰੇ ਹੀ ਭਗਤ ਇਸ ਟੋਲੇ ਦੇ ਹਨ। ਈਸੁਰੁ—ਧਨਵਾਨ। ਬਿਮਲ—ਨਿਰਮਲ। ਲੋਇ—ਲੋਕ। ਪੁਰੈਨ ਪਾਤ—ਚਉਪਤੀ ਦੇ ਪੱਤਰ, ਇਹ ਬੂਟੀ ਤਲਾਵਾਂ ਦੇ ਕਿਨਾਰੇ 'ਤੇ ਉਗਦੀ ਹੈ। ਪਾਣੀ ਮੁੱਕ ਜਾਏ ਤਾਂ ਮਰ ਜਾਂਦੀ ਹੈ।

ਜਗ ਸੋਇ

ਜਗਤ ਦੀ ਕਿਰਿਆ ਆਮ ਧੰਧਿਆਂ ਵਾਂਗ ਹਰ ਰੋਜ਼ ਨਿਰੰਤਰ ਚਲਦੀ ਦੇਖਦੇ ਹਾਂ। ਜੀਵ ਹਰ ਰੋਜ਼ ਆਈ ਜਾਂਦੇ ਹਨ, ਹਰ ਰੋਜ਼ ਚਲੇ ਜਾ ਰਹੇ ਹਨ। ਸੰਸਾਰ ਵਿੱਚ ਹਰ ਕੋਈ ਆਪੋ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਹੈ। ਹਰ ਕਿਸੇ ਨੂੰ ਕਿਸੇ ਨਾ ਕਿਸੇ ਚੀਜ਼ ਦਾ ਮਾਣ ਹੈ। ਕੋਈ ਕਿਸੇ ਗੁਣ ਦਾ ਹੰਕਾਰ ਕਰਦਾ ਹੈ, ਕੋਈ ਉੱਚੀ ਕੁੱਲ ਦਾ ਹੰਕਾਰ ਕਰਦਾ ਹੈ, ਕੋਈ ਪੈਸੇ ਦਾ, ਕੋਈ ਰੰਗ ਰੂਪ ਦਾ, ਕੋਈ ਪਾਪ ਪੁੰਨ ਦਾ, ਕੋਈ ਧਰਮ ਕਰਮ ਦਾ, ਕੋਈ ਦੁੱਖਾਂ ਸੁੱਖਾਂ ਦਾ, ਕੋਈ ਰਾਜ ਭਾਗ ਦਾ, ਭਾਵ ਹਰ ਕੋਈ ਆਪੋ ਆਪਣੀ ਹੋਂਦ ਬਣਾ ਕੇ ਬੈਠਾ ਹੈ।

ਜੋ ਕੁਝ ਇਹ ਬਣਨ ਆਇਆ ਸੀ ਉਹ ਬਣ ਨਹੀਂ ਸਕਿਆ, ਜੋ ਕੁਝ ਬਣਿਆ ਮਿਟਾਉਣ ਆਇਆ ਸੀ ਉਹ ਸਗੋਂ ਹੋਰ ਵੀ ਬਲਵਾਨ ਕਰ ਬੈਠਾ ਹੈ। ਆਪਾ ਮਿਟਾ ਕੇ ਜੀਵ ਕਰਤੇ ਪੁਰਖ ਦੀ ਅੰਸ਼ ਹੋਣ ਕਰਕੇ ਉਸ ਦਾ ਰੂਪ ਬਣਨ ਆਇਆ ਸੀ, ਪਰ ਇਥੇ ਹਰ ਕੋਈ ਕੁਝ ਨਾ ਕੁਝ ਬਣ ਬੈਠਾ। ਬਣ ਨਹੀਂ ਸਕਿਆ ਤਾਂ ਰੱਬ ਦਾ ਰੂਪ ਨਹੀਂ ਬਣ ਸਕਿਆ :

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥

(ਪੰਨਾ ੯੭੪)

ਸੰਸਾਰ ਦੇ ਪੰਨਿਆਂ ਨੂੰ ਫੋਲ ਕੇ, ਹੋ ਗੁਜ਼ਰੇ ਲੋਕਾਂ ਨੂੰ ਵੇਖਕੇ ਵੀ, ਜੀਵ ਸਮਝ ਨਹੀਂ ਪਾਉਂਦਾ ਕਿ ਜੇਕਰ ਇਸ ਰਸਤੇ 'ਤੇ ਤੁਰ ਕੇ ਇਤਨੇ ਲੋਕ ਲੰਘ ਗਏ, ਸਮੇਂ ਨੇ ਸੰਸਾਰ ਦੇ ਪੰਨੇ ਪਲਟ ਦਿੱਤੇ, ਅੱਜ ਵੀ ਲੋਕ ਆਪਣੇ ਜੀਵਨ ਦੀ ਉਹੋ ਹਉਮੈ ਭਰੀ ਲਿਖਤ ਲਿਖੀ ਜਾ ਰਹੇ ਹਨ। ਅਜਿਹਾ ਕੋਈ ਕੋਈ ਆਉਂਦਾ ਹੈ ਜਿਹੜਾ ਕਹਿੰਦਾ ਹੈ ਕਿ ਮੈਂ ਕੁਝ ਬਣਨ ਨਹੀਂ ਆਇਆ, ਮੈਂ ਤਾਂ ਸਗੋਂ ਜੋ ਬਣਿਆ ਫਿਰਦਾ ਹਾਂ, ਉਸ ਨੂੰ ਮਿਟਾ ਕੇ ਪ੍ਰਮੇਸ਼ਰ ਵਿੱਚ ਮਿਲਣ ਲਈ ਆਇਆ ਹਾਂ। ਗਉੜੀ ਰਾਗ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਵਿੱਚੋਂ ਕੁਝ ਕੁ ਅਜਿਹੇ ਲੋਕਾਂ ਦੇ ਨਮੂਨੇ ਹਨ ਜਿਹਨਾਂ ਨੇ ਆਪੋ ਆਪਣੀ ਹੋਂਦ ਬਣਾਈ

ਰੱਖੀ ਅਤੇ ਜੋ ਹੋਣਾ ਸੀ ਉਹ ਹੋ ਨਹੀਂ ਸਕੇ, ਜੋ ਹੋਏ ਭਾਵ ਬਣੇ ਉਹ ਰਹਿ ਨਹੀਂ ਸਕੇ। ਜਿਹੜੀ ਹੋਂਦ ਬਣਾਈ ਉਹ ਬਚੀ ਨਹੀਂ, ਜਿਹੜੀ ਬਚਣੀ ਸੀ ਉਹ ਬਣੀ ਨਹੀਂ:

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥
ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ (ਪੰਨਾ ੨੨੪)

ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥
ਆਪਿ ਭੁਲਾਇ ਆਪੇ ਮਤਿ ਦੇਵੈ ॥੩॥ (ਪੰਨਾ ੨੨੪)

ਭੂਲੋ ਰਾਵਣੁ ਮੁਗਧੁ ਅਚੇਤਿ ॥
ਲੂਟੀ ਲੰਕਾ ਸੀਸ ਸਮੇਤਿ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ (ਪੰਨਾ ੨੨੪)

ਬੂਡਾ ਦੁਰਜੋਧਨੁ ਪਤਿ ਖੋਈ ॥
ਰਾਮੁ ਨ ਜਾਨਿਆ ਕਰਤਾ ਸੋਈ ॥
ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ (ਪੰਨਾ ੨੨੫)

ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ (ਪੰਨਾ ੨੨੫)

ਅਣਗਿਣਤ ਜੀਵ ਆਏ, ਚੰਦ ਰੋਜ਼ ਪ੍ਰਗਟਾਵਾ ਕੀਤਾ, ਆਖ਼ਿਰ ਚਲੇ ਗਏ, ਪਰ ਇਹਨਾਂ ਸਾਰਿਆਂ ਵਿੱਚੋਂ ਜਿਹੜੇ ਵੀ ਵਾਹਿਗੁਰੂ ਜੀ ਦੀ ਬੰਦਗੀ ਕਰਕੇ ਆਪਣਾ ਜੀਵਨ ਲੇਖੇ ਲਾ ਗਏ, ਅਸਲ ਵਿੱਚ ਜੱਗ ਵਿੱਚ ਉਹਨਾਂ ਦਾ ਆਉਣਾ ਸਫਲ ਗਿਣਿਆ ਜਾਂਦਾ ਹੈ:

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥
(ਪੰਨਾ ੧੦੧੯)

ਅਜਿਹੇ ਲੋਕ "ਜਗ ਸੋਇ" ਦੀ ਉਪਾਧੀ ਨਾਲ ਸਨਮਾਨੇ ਜਾਂਦੇ ਹਨ। ਪਾਵਨ ਪਵਿੱਤਰ ਸ਼ਬਦ ਦੀ ਅੰਮ੍ਰਿਤ ਵੀਚਾਰ ਹੈ:

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ
ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥ (ਪੰਨਾ ੮੫੮)

ਜਗਤ ਅੰਦਰ ਉਹਨਾਂ ਦੀ ਉਪਮਾ ਹੋ ਰਹੀ ਹੈ ਜਿਹੜੇ ਆਪਣੀਆਂ ਕੁਲਾਂ, ਵਰਨਾਂ, ਧਨ ਦਾ ਮਾਪਦੰਡ ਭਾਵ ਸਭ ਦੁਨੀਆਂ ਦੀ ਪਹਿਚਾਣ ਮਿਟਾ ਕੇ ਰੱਬੀ

ਨਾਮ ਜਪ ਕੇ ਪ੍ਰਭੂ ਰੂਪ ਹੋਏ ਹਨ। ਫਿਰ ਮਗਰੋਂ ਭਾਵੇਂ ਉਸ ਕੁਲ, ਜਾਤੀ ਨੂੰ ਵੀ ਸੰਸਾਰ ਨੇ ਸਨਮਾਨ ਦਿੱਤਾ, ਜਿਸ ਵਿੱਚੋਂ ਇਹ ਨਿਰੰਕਾਰੀ ਰੂਹ ਪ੍ਰਗਟੀ ਸੀ, ਪਰ ਪਰਵਾਨ ਉਹੋ ਹੀ ਹੋਏ ਜਿਹੜੇ ਰੱਬੀ ਬੰਦਗੀ ਵਿਚ ਜੁੜੇ :

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥

(ਪੰਨਾ ੮੫੮)

ਪ੍ਰਮੇਸ਼ਰ ਜੀ ਨੇ ਇਨਸਾਨ ਬਣਾ ਕੇ ਉਸ ਦੇ ਮਨ ਵਿੱਚ ਵਾਸਾ ਕੀਤਾ ਸੀ, ਉਹ ਉਸ ਤਰ੍ਹਾਂ ਹੀ ਨਿਰੰਤਰ ਵਸ ਰਿਹਾ ਹੈ। ਆਪਣੇ ਤੌਰ 'ਤੇ ਭਾਵੇਂ ਮਨੁੱਖ ਨੇ ਆਪ ਵੰਡੀਆਂ ਪਾ ਲਈਆਂ ਹਨ, ਪਰ ਉਸਨੂੰ ਕੋਈ ਨਹੀਂ ਵੰਡ ਸਕਿਆ। ਜਿਸ ਨੇ ਪ੍ਰਮੇਸ਼ਰ ਦੀ ਯਾਦ ਦਾ ਸਹਾਰਾ ਲੈ ਕੇ ਆਪਣੇ ਅੰਦਰ ਝਾਤ ਮਾਰ ਲਈ, ਉਹ ਸੰਸਾਰੀ ਵੰਡ ਅਨੁਸਾਰ ਕੋਈ ਵੀ ਹੋਵੇ, ਪਰ ਪ੍ਰਭੂ ਭਗਤੀ ਕਰਕੇ ਪਵਿੱਤਰ ਬਣ ਗਿਆ, ਆਪ ਵੀ ਤਰ ਗਿਆ, ਆਪਣੀਆਂ ਕੁੱਲਾਂ ਵੀ ਤਾਰ ਗਿਆ ਕਿਉਂਕਿ ਰੱਬੀ ਦਰਬਾਰ ਵਿੱਚ ਭਾਂਡਾ ਨਹੀਂ ਵੇਖਿਆ ਜਾਂਦਾ ਕਿ ਕਿਥੇ ਬਣਿਆ ਹੈ, ਉਥੇ ਤਾਂ ਕਿਸੇ ਭਾਂਡੇ ਵਿੱਚ ਕੀ ਪਾਇਆ ਹੈ, ਇਸ ਗੱਲ ਦੀ ਮਹਾਨਤਾ ਹੈ :

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥੧॥

(ਪੰਨਾ ੪੯੮)

ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥ (ਪੰਨਾ ੮੫੮)

ਪਵਿੱਤਰ ਰੱਬ ਦੀ ਬੰਦਗੀ ਦਾ ਲੜ ਪਕੜ ਕੇ ਆਪ ਹੀ ਪਵਿੱਤਰ ਨਹੀਂ ਹੋਏ ਬਲਕਿ ਉਹ ਨਗਰ, ਉਹ ਥਾਂ, ਉਹ ਪਰਿਵਾਰ, ਉਹ ਕੁਲ ਭਾਵ ਸਭ ਕੁਝ ਪਵਿੱਤਰ ਹੋ ਗਿਆ ਜਿਥੇ ਨਿਰੰਕਾਰੀ ਰੂਹ ਰੱਬੀ ਰਸ ਪੀ ਕੇ ਹੋਰ ਹਰ ਤਰ੍ਹਾਂ ਦੇ ਰਸ ਦਾ ਤਿਆਗ ਕਰਕੇ ਰੱਬੀ ਰਸ ਵਿੱਚ ਹੀ ਮਗਨ ਹੋ ਗਈ। ਅੱਜ ਸੰਸਾਰ ਉਹਨਾਂ ਕੁਲਾਂ, ਉਹਨਾਂ ਪਰਿਵਾਰਾਂ, ਉਹਨਾਂ ਥਾਵਾਂ ਨੂੰ ਨਮਸਕਾਰ ਕਰਦਾ ਹੈ। ਦਰਸ਼ਨ ਕਰਨ ਆਉਂਦਾ ਹੈ :

ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ ॥
ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥੧੧੦॥

(ਪੰਨਾ ੧੩੭੦)

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ
ਰਵਿਦਾਸ ਜਨਮੇ ਜਗਿ ਓਇ ॥੩॥੨॥ (ਪੰਨਾ ੮੫੮)

ਪ੍ਰਮੇਸ਼ਰ ਦੀ ਬਰਾਬਰੀ ਕਰਨ ਵਾਲਾ ਕੋਈ ਵੀ ਨਹੀਂ। ਨਾਮ ਦੀ ਉਪਮਾ ਲਈ ਕੋਈ ਉਦਾਹਰਣ ਨਹੀਂ, ਫਿਰ ਨਾਮ ਜਪ ਕੇ ਅਬ ਤੂਹੀ ਮੈ ਨਾਹੀ ਦਾ ਰੂਪ ਹੋ ਚੁਕਿਆਂ ਦੀ ਬਰਾਬਰੀ ਕਾਇਨਾਤ ਵਿੱਚੋਂ ਕਿਸੇ ਨਾਲ ਵੀ ਨਹੀਂ ਹੋ ਸਕਦੀ। ਆਪਣੇ ਤੌਰ 'ਤੇ ਭਾਵੇਂ ਪੰਡਿਤ, ਸੂਰਮੇ, ਰਾਜੇ ਮਹਾਰਾਜੇ ਆਦਿਕ ਲੱਖਾਂ ਹੀ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ, ਪਰ ਅੱਜ ਉਹਨਾਂ ਦੇ ਮਹੱਲ, ਅੱਜ ਉਹਨਾਂ ਦੀ ਹੋਂਦ, ਅੱਜ ਉਹਨਾਂ ਦਾ ਜਾਤੀ ਅਭਿਮਾਨ ਕੁਝ ਵੀ ਨਹੀਂ, ਪਰ ਜਿਥੇ ਬੰਦਗੀ ਕਰ ਨਿਰੰਕਾਰ ਰੂਪ ਬਣ ਚੁਕਿਆਂ ਭਗਤਾਂ ਨੇ ਚਰਨ ਵੀ ਪਾ ਦਿੱਤੇ, ਉਹ ਅਸਥਾਨ ਵੀ ਧਰਮ ਦਾ ਅਸਥਾਨ ਬਣ ਗਏ। ਭਗਤ ਦੀ ਬਰਾਬਰੀ ਹੋਰ ਕੋਈ ਵੀ ਨਹੀਂ ਕਰ ਸਕਦਾ :

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥
(ਪੰਨਾ ੫੯੦)

ਤੱਤਸਾਰ

ਜਿਹਨਾਂ ਰੱਬੀ ਰੂਹਾਂ ਨੇ ਇਹ ਸਮਝ ਲਿਆ ਕਿ ਸੰਸਾਰ ਵਿੱਚ ਆਉਣਾ ਅਤੇ ਚੰਦ ਰੋਜ਼ ਮੌਜ ਮਾਣ ਕੇ ਤੁਰ ਜਾਣਾ ਹੀ ਜ਼ਿੰਦਗੀ ਦਾ ਨਿਸ਼ਾਨਾ ਨਹੀਂ ਬਲਕਿ ਰੱਬੀ ਬੰਦਗੀ ਦਾ ਲੜ ਪਕੜ ਕੇ ਰੱਬੀ ਰੂਪ ਹੋਣਾ ਹੈ, ਉਹਨਾਂ ਨੇ ਫਿਰ ਸੰਸਾਰ ਦੇ ਕੰਮ ਤਿਆਗ ਕੇ ਨਿਰੰਕਾਰ ਦੇ ਮਿਲਾਪ ਦੇ ਕੰਮ ਕੀਤੇ, ਜਿਸ ਨਾਲ ਇੱਕ ਦਿਨ ਉਸ ਅਸਥਾਨ 'ਤੇ ਪਹੁੰਚ ਗਏ ਕਿ ਰੱਬ ਨੇ ਆਪਣੇ ਘਰ ਨੂੰ ਆਉਣ ਵਾਲਾ ਰਸਤਾ ਦੱਸਣ ਵਾਲਿਆਂ ਦੇ ਨਾਲ ਹਰੀ ਮੰਦਰ ਵਿੱਚ ਬਿਠਾ ਦਿੱਤਾ ਅਤੇ ਪ੍ਰਗਟ ਕਰ ਦਿੱਤਾ ਕਿ ਜਗਤ ਵਿੱਚ ਬੱਸ ਮੇਰੇ ਲਈ ਇਹੋ ਆਏ ਹਨ, ਜਿਹੜੇ ਸਫਲ ਹੋਏ ਹਨ, ਬਾਕੀ ਲੋਕਾਈ ਜੰਮਦੀ ਮਰਦੀ ਆਈ ਸੀ, ਜੰਮਣ ਮਰਨ ਵਿੱਚ ਚਲੀ ਗਈ :

ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥
ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥
(ਪੰਨਾ ੭੬੯)

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥
ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥
ਏਕੁ ਮੁਕੰਦੁ ਕਰੈ ਉਪਕਾਰੁ ॥
ਹਮਰਾ ਕਹਾ ਕਰੈ ਸੰਸਾਰੁ ॥
ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥
ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥

(ਪੰਨਾ ੮੭੫)

ਮੁਕੰਦ—ਮੁਕਤੀ ਦੇਣ ਵਾਲਾ, ਨਿਰੰਕਾਰ। ਅਉਹਾਰ—ਵਿਅਰਥ ਜਾਂਦਾ ਹੈ। ਮਸਤਕਿ ਨੀਸਾਨੰ—ਮੱਥੇ ਦਾ ਨਿਸ਼ਾਨ, ਅੱਡੋ ਅੱਡ ਦੇਵਤਿਆਂ ਦੇ ਉਪਾਸ਼ਕ, ਅੱਡ ਅੱਡ ਤਰ੍ਹਾਂ ਦੇ ਤਿਲਕ ਲਾਉਂਦੇ ਹਨ। ਮੁਕੰਦ ਦੇ ਉਪਾਸ਼ਕਾਂ ਨੂੰ ਦਰਗਾਹ ਤੋਂ ਤਿਲਕ (ਨੂਰ) ਪ੍ਰਾਪਤ ਹੁੰਦਾ ਹੈ। ਉਪਕਾਰੁ—ਮੱਦਦ। ਕੀਟ—ਕੀੜਾ, ਤੁੱਛ ਜੀਵ।

ਮੁਕੰਦ

ਧਰਮ ਦੀ ਦੁਨੀਆਂ ਵਿੱਚ ਜਿੰਨੀ ਨਾਮ ਦੀ ਚਰਚਾ ਹੈ, ਉੱਨੀ ਹੀ ਨਾਮ ਲਈ ਅਗਿਆਨਤਾ ਵੇਖਣ ਵਿੱਚ ਮਿਲਦੀ ਹੈ। ਨਾਮ ਕਿਸ ਦਾ ਜਪਣਾ ਹੈ ? ਨਾਮ ਕਿਵੇਂ ਜਪਣਾ ਹੈ ? ਇਸ ਵੀਚਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਹੁਤ ਸਪੱਸ਼ਟ ਕਰਕੇ ਲਿਖਿਆ ਗਿਆ ਹੈ, ਪਰ ਫਿਰ ਵੀ ਇਹਨਾਂ ਹੀ ਸੁਆਲਾਂ ਦੇ ਓਟ ਆਸਰੇ ਵਿੱਚ ਦੁਨੀਆਂ ਲੁੱਟੀ ਜਾ ਰਹੀ ਹੈ।

ਸ਼ਬਦ ਵਿਚਲੀ ਵੀਚਾਰ ਦਾ ਕੇਂਦਰੀ ਭਾਵ ਨਾਮ ਕਿਸ ਦਾ ਜਪਣਾ ਚਾਹੀਦਾ ਹੈ, ਨੂੰ ਸਪੱਸ਼ਟ ਕਰਨਾ ਹੈ। ਸਭ ਤੋਂ ਪਹਿਲਾਂ ਨਾਮ ਜਪਣ ਦਾ ਭਾਵ ਹੈ ਕਿ ਮੈਂ ਪ੍ਰਮੇਸ਼ਰ ਤੋਂ ਵਿਛੜਿਆ ਹੋਣ ਕਰਕੇ ਉਸ ਦਾ ਰੂਪ ਹੋਣਾ ਚਾਹੁੰਦਾ ਹਾਂ। ਸਤਿਗੁਰੂ ਜੀ ਨੇ ਭਾਵੇਂ ਸਪੱਸ਼ਟ ਕੀਤਾ ਹੈ ਪਰ ਭਟਕਦੀ ਲੁਕਾਈ ਕਦੇ ਕਿਸੇ ਦਾ ਨਾਮ ਲਈ ਬੈਠੀ ਹੈ, ਕੋਈ ਕਿਸੇ ਦਾ ਨਾਮ ਰੱਖੀ ਬੈਠਾ ਹੈ। ਕੁਝ ਕੁ ਉਦਾਹਰਣਾਂ ਹਨ :

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥੨॥
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥

(ਪੰਨਾ ੫੫੯)

ਬ੍ਰਹਮਾ ਨੇ ਬੇਦਾਂ ਦੀ ਬਾਣੀ ਦਾ ਪ੍ਰਕਾਸ਼ ਕੀਤਾ, ਪਰ ਆਪ ਖ਼ੁਦ ਮਾਇਆ ਮੋਹ ਵਿੱਚ ਫਸਿਆ ਆਪਣੀ ਹੀ ਧੀ ਦਾ ਸਤ ਭੰਗ ਕਰਨ ਤੁਰ ਪਿਆ ਸੀ। ਮਹਾਂਦੇਵ ਗਿਆਨਵਾਨ ਹੋ ਕੇ ਆਪਣੇ ਘਰ ਨੂੰ ਹੰਕਾਰ ਨਾਲ ਹੀ ਸਾੜੀ ਜਾਂਦਾ ਹੈ। ਕ੍ਰਿਸ਼ਨ ਅਵਤਾਰ ਧਾਰਨ ਵਿੱਚ ਹੀ ਲੱਗਾ ਹੋਇਆ ਹੈ। ਦੱਸੋ ਸੰਸਾਰ ਤੋਂ ਇਹਨਾਂ ਦਾ ਨਾਮ ਲੈ ਕੇ ਕਿਸ ਤਰ੍ਹਾਂ ਪਾਰ ਹੋ ਸਕਦੇ ਹਾਂ :

ਹਿਦੂ ਮੂਲੇ ਭੂਲੇ ਅਖੁਟੀ ਜਾਂਹੀ ॥
ਨਾਰਦਿ ਕਹਿਆ ਸਿ ਪੂਜ ਕਰਾਂਹੀ ॥
ਅੰਧੇ ਗੁੰਗੇ ਅੰਧ ਅੰਧਾਰੁ ॥
ਪਾਥਰੁ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥ *(ਪੰਨਾ ੫੫੬)*

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥੧੩੬॥ (ਪੰਨਾ ੧੩੭੧)

ਨਾਮਦੇਇ ਸਿਮਰਨੁ ਕਰਿ ਜਾਨਾਂ ॥ (ਪੰਨਾ ੮੫੮)

ਨਾਮਦੇਵ ਜੀ ਨੇ ਸਿਮਰਨ ਕਰਕੇ, ਪ੍ਰਭੂ ਨੂੰ ਜਾਣਕੇ ਫਿਰ ਕੁਰਾਹੇ ਪਈ ਲੁਕਾਈ ਨੂੰ ਵੀ ਸਮਝਾਇਆ ਕਿ ਜਿਹਨਾਂ ਦੀ ਸੇਵਾ ਪਾਰ ਹੀ ਨਹੀਂ ਕਰ ਸਕਦੀ ਫਿਰ ਉਨ੍ਹਾਂ ਪਿੱਛੇ ਜੀਵਨ ਬਿਰਥਾ ਕਿਉਂ ਗਵਾ ਰਹੇ ਹਾਂ। ਪਾਵਨ ਬਚਨ ਹੈ:

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੧॥ ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥ (ਪੰਨਾ ੮੭੪)

ਇਹਨਾਂ ਦਾ ਨਾਮ ਸਾਨੂੰ ਕੋਈ ਖੋਤਾ ਬਣਾ ਸਕਦਾ ਹੈ, ਕੋਈ ਬਲਦ, ਕੋਈ ਪੁਰਸ਼ ਤੋਂ ਇਸਤਰੀ, ਪਰ ਮੁਕਤੀ ਵੇਲੇ ਕਿਸੇ ਕੰਮ ਨਹੀਂ ਆਉਣਾ।

ਦੋ ਚੀਜ਼ਾਂ ਹਮੇਸ਼ਾ ਔਖੀਆਂ ਮਿਲਦੀਆਂ ਹਨ, ਇੱਕ ਭੇਦ ਭਾਵ ਰਾਜ਼, ਦੂਜਾ ਕਿਸੇ ਕਾਰਜ ਦੀ ਸਫਲਤਾ ਲਈ ਬਿਧੀ। ਪਰ ਮੇਰਾ ਸਤਿਗੁਰੂ ਦੋਵੇਂ ਦੱਸਦਾ ਹੈ ਕਿ ਦੁਖੀ ਹੋਣ ਦਾ ਕਾਰਨ ਕੀ ਹੈ, ਭਾਵ ਭੇਦ ਕੀ ਹੈ? ਦੂਜਾ ਰੱਬ ਵਿੱਚ ਜੁੜਨ ਦੀ ਬਿਧੀ ਕੀ ਹੈ?:

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥
ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥
ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥

(ਪੰਨਾ ੮੩੦-੩੧)

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥੧॥
(ਪੰਨਾ ੧੪੨੯)

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ *(ਪੰਨਾ ੨੬੩)*

ਇਸ ਲਈ ਵਾਹਿਗੁਰੂ ਨਿਰੰਕਾਰ ਜੀ ਦੀ ਬੰਦਗੀ ਕਰਨੀ ਚਾਹੀਦੀ ਹੈ, ਜਿਸ ਨਾਲ ਜੀਵ ਪ੍ਰਮੇਸ਼ਰ ਦਾ ਰੂਪ ਹੋ ਸਕਦਾ ਹੈ। ਭਾਵ ਮੁਕਤੀ ਪ੍ਰਾਪਤ ਕਰ ਸਕਦਾ ਹੈ:

ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥ ਰਹਾਉ ॥ *(ਪੰਨਾ ੮੭੫)*

ਜਿਹੜਾ ਸੇਵਕ ਮੁਕਤੀ ਦੇਣ ਵਾਲੇ ਪ੍ਰਮੇਸ਼ਰ ਦਾ ਨਾਮ ਸਾਰਾ ਜੀਵਨ ਜਪਦਾ ਹੈ ਅਤੇ ਮੌਤ ਵੇਲੇ ਵੀ ਧੀਆਂ ਪੁੱਤਰਾਂ, ਧਨ ਦੌਲਤ ਆਦਿਕ ਦੀ ਬਜਾਇ ਰੱਬ ਨੂੰ ਹੀ ਧਿਆਨ ਵਿੱਚ ਰੱਖਦਾ ਹੈ, ਉਹ ਅਨੰਦ ਸਰੂਪ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ:

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥
(ਪੰਨਾ ੧੧)

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥ *(ਪੰਨਾ ੮੭੫)*

ਹੇ ਸੰਸਾਰੀ ਲੋਕੋ ! ਮੁਕਤੀ ਪ੍ਰਾਪਤੀ ਲਈ ਦੇਹੀ ਪਾ ਕੇ ਫਿਰ ਮੁਕਤੀ ਦੇਣ ਵਾਲੇ ਵਾਹਿਗੁਰੂ ਜੀ ਦਾ ਨਾਮ ਜਪਹੁ। ਬਿਨਾਂ ਉਸ ਦੀ ਬੰਦਗੀ ਤੋਂ ਸਰੀਰ ਬੇਅਰਥ ਹੀ ਚਲਾ ਜਾਏਗਾ, ਕਿਉਂਕਿ ਕੋਈ ਚੀਜ਼ ਉਥੋਂ ਹੀ ਮਿਲ ਸਕਦੀ ਹੈ ਜਿਸ ਦੇ ਕੋਲ ਹੋਵੇ, ਨਿਰੰਕਾਰ ਹੀ ਮੁਕਤੀ ਬਖ਼ਸ਼ਣ ਵਾਲਾ ਹੈ। ਇਸ ਲਈ ਸਾਡਾ ਤਾਂ ਉਹੋ ਮੁਕਤੀ ਦੇਣ ਵਾਲਾ ਨਿਰੰਕਾਰ ਹੀ ਮਾਤਾ ਪਿਤਾ ਹੈ:

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ *(ਪੰਨਾ ੧੧੦੧)*

ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥ *(ਪੰਨਾ ੮੭੫)*

ਮੁਕਤੀ ਦਾਤਾ ਪ੍ਰਮੇਸ਼ਰ ਹੀ ਸਾਡਾ ਜੀਵਨ ਹੈ। ਪ੍ਰਮੇਸ਼ਰ ਜਦੋਂ ਕਿਸੇ ਨੂੰ ਆਪਣਾ ਬਣਾਉਂਦਾ ਹੈ ਤਾਂ ਉਹ ਆਪਣੇ ਹੋਣ ਦਾ ਨਿਸ਼ਾਨ ਵੀ ਆਪ ਹੀ ਦਿੰਦਾ ਹੈ। ਉਸ ਦੀ ਸੇਵਾ ਹੀ ਸੱਚਾ ਪ੍ਰੇਮ ਬੈਰਾਗ ਪੈਦਾ ਕਰਦੀ ਹੈ। ਮੈਨੂੰ ਵੀ ਉਹ ਧਨ ਲੱਭਾ ਹੈ ਜਿਸ ਦੇ ਨਾਮ ਨਾਲ ਸਾਰਾ ਸੰਸਾਰ ਪਾਰ ਹੋ ਜਾਂਦਾ ਹੈ, ਇਸ ਲਈ:

ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥
ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ (ਪੰਨਾ ੨੪)

ਏਕੁ ਮੁਕੰਦੁ ਕਰੈ ਉਪਕਾਰੁ ॥
ਹਮਰਾ ਕਹਾ ਕਰੈ ਸੰਸਾਰੁ ॥
ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥ (ਪੰਨਾ ੮੭੫)

ਮੁਕਤੀ ਦਾਤਾ ਨੇ ਉਪਕਾਰ ਕਰਕੇ ਸਾਨੂੰ ਆਪਣੇ ਦਰਬਾਰੀ ਭਾਵ ਆਪਣਾ ਰੂਪ ਬਣਾ ਲਿਆ, ਹੁਣ ਸੰਸਾਰ ਸਾਡਾ ਕੀ ਵਿਗਾੜ ਸਕਦਾ ਹੈ। ਇਹ ਸੰਸਾਰ ਜਿਹੜਾ ਜਾਤਾਂ ਪਾਤਾਂ ਦੇ ਚੱਕਰਾਂ ਵਿੱਚ ਉਲਝਿਆ ਪਿਆ ਹੈ, ਇਸ ਤੋਂ ਉੱਪਰ ਚੁੱਕ ਕੇ ਮਾਲਿਕ ਨੇ ਜਾਤ ਹੀ ਮਿਟਾ ਕੇ ਸਾਨੂੰ ਤਾਰ ਦਿੱਤਾ ਹੈ, ਕਿਉਂਕਿ ਉਸ ਵਿੱਚ ਹੀ ਮੁਕਤੀ ਬਖ਼ਸ਼ਣ ਵਾਲੀ ਤਾਕਤ ਹੈ:

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ (ਪੰਨਾ ੨੬੨)

ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥
(ਪੰਨਾ ੮੨੪)

ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥ (ਪੰਨਾ ੮੭੫)

ਤੁੱਛ ਜਿਹੇ ਦਾਸ ਨੂੰ ਉਸ ਨੇ ਆਪਣਾ ਹੀ ਨਹੀਂ ਬਣਾ ਲਿਆ ਬਲਕਿ ਸਾਰਾ ਗਿਆਨ ਵੀ ਬਖ਼ਸ਼ਿਸ਼ ਕਰਕੇ ਤ੍ਰਿਸ਼ਨਾ ਮੁਕਾ ਦਿੱਤੀ, ਜਿਸ ਕਰਕੇ ਉਸ ਮੁਕਤੀ ਦੇ ਦਾਤੇ ਦੀ ਹੀ ਮੈਂ ਸੇਵਾ ਕਰਾਂਗਾ:

ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥
ਆਨ ਨ ਬੀਆ ਤੇਰੀ ਸਮਸਰਿ ॥ (ਪੰਨਾ ੩੭੧)

ਤੱਤਸਾਰ

ਮੁਕਤੀ ਦੀ ਦਾਤਿ ਕੇਵਲ ਪ੍ਰਮੇਸ਼ਰ ਕੋਲੋਂ ਹੀ ਮਿਲ ਸਕਦੀ ਹੈ। ਸੰਸਾਰ ਭੁਲੜਾ ਦੇਵੀ ਦੇਵਤਿਆਂ ਜਾਂ ਪੱਥਰ ਪੂਜਾ, ਮੂਰਤੀ ਪੂਜਾ ਵਿੱਚ ਜੀਵਨ ਬਿਰਥਾ ਗਵਾ ਰਿਹਾ ਹੈ :

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥
ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥

(ਪੰਨਾ ੧੪੨੮)

ਗੋਂਡ

ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥
ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥
ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥

(ਪੰਨਾ ੮੭੫)

ਦੁਾਦਸ ਸਿਲਾ—ਬਾਰਾਂ ਮੂਰਤੀਆਂ ਪੱਥਰ ਦੀਆਂ, ਯਾਰਾਂ ਰੁਦ੍ਰ ਅਤੇ ਇੱਕ ਸ਼ਿਵਲਿੰਗ। ਕੂਪ—ਖੂਹ। ਤਟਾ—ਤਲਾ। ਕੁਲਖੇਤਿ—ਕੁਰਕਸ਼ੇਤਰ ਜਿਥੇ ਗ੍ਰਹਿਣ ਸਮੇਂ ਇਸ਼ਨਾਨ ਕਰਨ ਦਾ ਹਿੰਦੂ ਮਤ ਮੂਜਬ ਬੜਾ ਮਹਾਤਮ ਹੈ। ਸ੍ਰਵਨੀ—ਕੰਨੀਂ। ਸਰਪਰ—ਯਕੀਨਨ। ਸਾਂਢੇ—ਸੰਵਾਰੇ। ਹਾਂਡੇ—ਫਿਰਦਾ ਹੈ। ਪਾਹਾਰਾ—ਫੈਲਾਓ, ਸੰਸਾਰ।

ਸਾਧ ਕਾ ਨਿੰਦਕੁ

ਧਰਮ ਉਤਨਾ ਸਮਝਾਇਆ ਨਹੀਂ ਗਿਆ ਜਿਤਨਾ ਧਰਮ ਨਾਲ ਡਰਾਇਆ ਗਿਆ ਹੈ। ਕੁਝ ਸ਼ਬਦਾਂ ਦੀ ਅਸਲੀਅਤ ਨੂੰ ਨਾ ਪਛਾਣ ਕੇ ਲੋਕਾਈ ਨੇ ਇਹਨਾਂ ਲੁਟੇਰਿਆਂ ਦੇ ਹੱਥੋਂ ਬਹੁਤ ਮਾਰ ਖਾਧੀ ਹੈ। ਪਾਵਨ ਪਵਿੱਤਰ ਗੁਰ-ਸ਼ਬਦ ਵਿੱਚ ਦੋ ਤਸਵੀਰਾਂ ਉੱਕਰੀਆਂ ਹਨ, ਇੱਕ ਸਾਧ ਦੀ ਅਤੇ ਦੂਜੀ ਨਿੰਦਕ ਦੀ। ਸਭ ਤੋਂ ਪਹਿਲਾਂ ਕੁਝ ਕੁ ਵੀਚਾਰ ਸਾਧ ਦੀ ਕਰਦੇ ਹਾਂ, ਫਿਰ ਦੂਜੀ ਨਿੰਦਕ ਦੀ ਵੀਚਾਰ ਕਰਾਂਗੇ। ਗੁਰਬਾਣੀ ਵਿੱਚ ਸਾਧ ਇੱਕ ਉਚ ਬਿਰਤੀ ਦਾ ਨਾਮ ਹੈ। ਸਾਧ ਨਿਰੇ ਕਿਸੇ ਲਿਬਾਸ ਦਾ ਨਾਮ ਨਹੀਂ। ਪਾਵਨ ਬਚਨ ਹਨ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ (ਪੰਨਾ ੩੧੯)

ਜਿਨ੍ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥
ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥
(ਪੰਨਾ ੧੨੬੪)

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ (ਪੰਨਾ ੨੯)

ਥੋੜ੍ਹਾ ਜਿਹਾ ਉਸ ਸਮੇਂ ਦਾ ਵੀ ਖ਼ਿਆਲ ਕਰਨਾ ਪਵੇਗਾ ਕਿ ਇਹ ਗੁਰ-ਸ਼ਬਦ ਰੱਬੀ ਸੁਨੇਹਾ ਕਦੋਂ ਮਨੁੱਖਤਾ ਨੂੰ ਸੇਧ ਦੇਣ ਵਾਸਤੇ ਗੁਰਬਾਣੀ ਬਣਿਆ। ਬਨਾਰਸ ਦੀ ਧਰਤੀ 'ਤੇ ਹਰ ਵਕਤ ਆਪਣੇ ਆਪ ਨੂੰ ਰੱਬ ਦਾ ਠੇਕੇਦਾਰ ਸਮਝਣ ਵਾਲਾ ਪੰਡਿਤ, ਹੋਰ ਕਿਸੇ ਨੂੰ ਵੀ ਧਰਮੀ ਨਹੀਂ ਸਮਝਦਾ, ਸਿਰਫ਼ ਧਰਮੀ ਹੋਣ ਦੀ ਆਪੇ ਹੀ ਆਪਣੇ 'ਤੇ ਮੋਹਰ ਲਾਈ ਬੈਠਾ ਸੀ। ਜੇਕਰ ਕੋਈ ਹੋਰ ਸੱਚਾ ਧਰਮੀ ਪੈਦਾ ਹੁੰਦਾ ਹੈ ਤਾਂ ਉਸ ਬਾਰੇ ਈਰਖਾ ਵਸ ਹੋ ਕੇ ਬੋਲੇ ਹੋਏ ਬੋਲ ਨਿੰਦਾ ਬਣ ਗਏ। ਹੁਣ ਇੱਕ ਪਾਸੇ ਤਾਂ ਧਰਮੀ ਦੀ ਤਸਵੀਰ ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਮਹਾਰਾਜ ਵਰਗੇ ਦੀ ਹੈ, ਦੂਜੇ ਪਾਸੇ ਈਰਖਾ ਵੱਸ ਹੋ ਕੇ ਕੂੜ ਬੋਲਣ ਵਾਲੇ ਬ੍ਰਾਹਮਣ ਦੀ ਹੈ। ਐਸੇ ਨਿੰਦਕ ਦੀ ਅਵਸਥਾ ਹੈ ਕਿ:

ਨਿੰਦਕ ਕਉ ਫਿਟਕੇ ਸੰਸਾਰੁ ॥
ਨਿੰਦਕ ਕਾ ਝੂਠਾ ਬਿਉਹਾਰੁ ॥ (ਪੰਨਾ ੧੧੫੧)

ਜਨ ਨਿਰਵੈਰ ਨਿੰਦਕ ਅਹੰਕਾਰੀ ॥
ਜਨ ਭਲ ਮਾਨਹਿ ਨਿੰਦਕ ਵੇਕਾਰੀ ॥ (ਪੰਨਾ ੮੬੯)

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (ਪੰਨਾ ੭੫੫)

ਇਹਨਾਂ ਪੰਗਤੀਆਂ ਦਾ ਸਹਾਰਾ ਫਿਰ ਗ਼ਲਤ ਢੰਗ ਨਾਲ ਲੈ ਲਿਆ ਜਾਂਦਾ ਹੈ ਕਿ ਨਿੰਦਾ ਕਿਸੇ ਦੀ ਵੀ ਚੰਗੀ ਨਹੀਂ। ਨਿੰਦਾ ਕਰਨ ਵਾਲਾ ਮਨਮੁਖ ਮੁਗਧ ਹੈ, ਪਰ ਇਥੇ ਸਚਾਈ ਫਿਰ ਲੁੱਕੀ ਹੋਈ ਰਹਿ ਗਈ ਕਿ ਅਸਲ ਵਿੱਚ ਨਿੰਦਾ ਕੀ ਚੀਜ਼ ਹੈ ? ਸੱਚ ਨੂੰ ਸੱਚ ਬਿਆਨਣਾ ਨਿੰਦਾ ਨਹੀਂ ਹੁੰਦੀ, ਪਰ ਸਚਾਈ ਨੂੰ ਵੀ ਈਰਖਾ ਵੱਸ ਹੋ ਕੇ ਕੂੜ ਬਣਾ ਕੇ ਪੇਸ਼ ਕਰਨਾ ਨਿੰਦਾ ਰੂਪ ਹੈ। ਇੱਕ ਗੱਲ ਇਥੇ ਹੋਰ ਸਮਝ ਲੈਣੀ ਚਾਹੀਦੀ ਹੈ ਕਿ ਜਿਹਨਾਂ ਦਾ ਅਸਲ ਵਿੱਚ ਨਾਮ ਨਾਲ ਪਿਆਰ ਬਣ ਗਿਆ ਉਹਨਾਂ ਦੀ ਨਿੰਦਾ ਹੋ ਹੀ ਨਹੀਂ ਸਕਦੀ। ਹਾਂ, ਉਹਨਾਂ ਬਾਰੇ ਕੂੜ ਬੋਲਣ ਵਾਲਾ ਝੱਖ ਮਾਰ ਰਿਹਾ ਹੁੰਦਾ ਹੈ :

ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥
ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥
(ਪੰਨਾ ੪੫੧)

ਇਥੇ ਭਗਤ ਕਬੀਰ ਸਾਹਿਬ ਜੀ ਦੀ ਮਿਸਾਲ ਦੇਣੀ ਯੋਗ ਹੋਵੇਗੀ। ਇੱਕ ਪਾਸੇ ਕਬੀਰ ਸਾਹਿਬ ਜੀ ਸੰਤ ਸ਼ਬਦ ਨੂੰ ਭਲਾ ਪਰ ਦੂਜੇ ਪਾਸੇ ਬਨਾਰਸ ਦਾ ਠੱਗ ਆਖਦੇ ਹਨ। ਹੁਣ ਆਪ ਹੀ ਨਿਰਨਾ ਕਰੀਏ ਕਿ ਇਹ ਨਿੰਦਾ ਹੈ ਜਾਂ ਸੱਚ ਹੈ ? ਦੋਵੇਂ ਬਚਨ ਹਨ :

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥੧੬੪॥ (ਪੰਨਾ ੧੩੭੩)

ਦੂਜੇ ਪਾਸੇ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ ॥ (ਪੰਨਾ ੪੭੬)

ਇਸ ਲਈ ਇਸ ਮੁਬਾਰਿਕ ਬਚਨ ਵਿੱਚ ਸੰਤ ਦੇ ਲਿਬਾਸ ਵਿੱਚ ਸੰਤ ਬਿਰਤੀ ਵਿੱਚ ਵਸਣ ਵਾਲੇ ਮਹਾਂਪੁਰਖ ਦੀ ਨਿੰਦਾ ਕਰਨ ਵਾਲੇ ਦੀ ਗੱਲ ਕੀਤੀ ਹੈ :

ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥ (ਪੰਨਾ ੮੭੫)

ਸੰਤ ਦੇ ਨਿੰਦਕ ਦੀ ਥਾਂ ਰੱਬੀ ਗੋਦ ਨਹੀਂ ਬਲਕਿ ਨਰਕ ਵਿੱਚ ਹੁੰਦੀ ਹੈ। ਉਹ ਨਿੰਦਾ ਕਰਨ ਦੇ ਕਾਰਨ ਪ੍ਰਮੇਸ਼ਰ ਜੀ ਦੇ ਦਰ 'ਤੇ ਨਹੀਂ ਜਾ ਸਕਦਾ:

ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥
ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥੩॥

(ਪੰਨਾ ੩੮੧)

ਜੇ ਓਹੁ ਅਠਸਠਿ ਤੀਰਥ ਨ੍ਹਾਵੈ ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥ (ਪੰਨਾ ੮੭੫)

ਨਿੰਦਾ ਕਰਨ ਵਾਲੇ ਦੇ ਚੰਗੇ ਕੰਮ ਵੀ ਨਿੰਦਾ ਕਰਨ ਕਰਕੇ ਬੇਕਾਰ ਹੀ ਹਨ, ਉਹ ਨਿਰੰਕਾਰ ਨੂੰ ਚੰਗੇ ਨਹੀਂ ਲੱਗਦੇ। ਜੇਕਰ ਨਿੰਦਾ ਕਰਨ ਵਾਲਾ ਅਠਾਹਠ ਤੀਰਥਾਂ ਦਾ ਇਸ਼ਨਾਨ ਕਰੇ, ਬਾਰਾਂ ਲਿੰਗਾਂ ਦੀ ਪੂਜਾ ਕਰੇ, ਪਿਆਸਿਆਂ ਲਈ ਖੂਹ ਲਗਵਾ ਦੇਵੇ, ਤੀਰਥਾਂ ਦੇ ਕੰਢਿਆਂ 'ਤੇ ਜ਼ਮੀਨ ਦਾਨ ਕਰੇ, ਪਰ ਸਭ ਕੁਝ ਬੇਅਰਥ ਹੈ:

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥
ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ (ਪੰਨਾ ੬੪੯)

ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨॥ (ਪੰਨਾ ੮੭੫)

ਕੁਰਕੁਸ਼ੇਤਰ ਦੀ ਧਰਤੀ 'ਤੇ ਗ੍ਰਹਿਣ ਲੱਗਣ ਸਮੇਂ ਪਾਠ ਪੂਜਾ ਕਰੇ। ਆਪਣੀ ਇਸਤਰੀ ਸ਼ਿੰਗਾਰ ਕਰਕੇ ਦਾਨ ਕਰੇ ਅਤੇ ਫਿਰ ਉਸਦਾ ਮੁੱਲ ਭਰ ਕੇ ਵਾਪਸ ਲਵੇ, ਸਿਮਤ੍ਰੀਆਂ ਦਾ ਪਾਠ ਸੁਣੇ ਭਾਵ ਅਜਿਹੇ ਹਿੰਦੂ ਵੀਚਾਰਧਾਰਾ ਅਨੁਸਾਰ ਚੰਗੇ ਕੰਮ ਵੀ ਕਰੇ, ਪਰ ਨਿੰਦਾ ਕਰਨ ਨਾਲ ਉਹ ਸਭ ਕੁਝ ਗਵਾ ਬੈਠਦਾ ਹੈ:

ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥
ਆਪਨ ਬੀਜਿ ਆਪੇ ਹੀ ਖਾਹਿ ॥ (ਪੰਨਾ ੨੮੦)

ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥ (ਪੰਨਾ ੮੭੫)

ਨਿੰਦਕ ਨਿੰਦਾ ਦੇ ਔਗੁਣ ਨੂੰ ਲੁਕਾਉਣ ਲਈ ਅਤੇ ਆਪਣਾ ਜਸ ਭਗਤੀ ਵਰਗਾ ਕਰਵਾਉਣ ਲਈ ਅਨੇਕਾਂ ਲੰਗਰ ਲਾਵੇ, ਧਰਤੀ ਦਾਨ ਕਰੇ, ਘਰ ਬਣਾ ਕੇ ਦਾਨ ਕਰੇ, ਆਪਣਾ ਵਿਗਾੜ ਕੇ ਦੂਜੇ ਦਾ ਸਵਾਰੇ, ਪਰ ਫਿਰ ਵੀ ਉਹ ਨਿੰਦਾ ਦੀ ਸਜ਼ਾ ਤੋਂ ਬਚ ਨਹੀਂ ਸਕਦਾ। ਅਨੇਕਾਂ ਜੋਨੀਆਂ ਵਿੱਚ ਭਟਕੇਗਾ :

ਸੰਤ ਕੀ ਨਿੰਦਾ ਜੋਨੀ ਭਵਨਾ ॥ (ਪੰਨਾ ੧੧੯੫)

ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥੪॥੨॥ (ਪੰਨਾ ੮੭੫)

ਨਿੰਦਕ ਸੱਚ ਪ੍ਰਗਟ ਹੋਣ ਨਾਲ ਸੰਸਾਰ ਵਿੱਚ ਵੀ ਬਹੁਤ ਖੁਆਰ ਹੁੰਦਾ ਹੈ। ਇੱਕ ਗੱਲ ਚੰਗੀ ਤਰ੍ਹਾਂ ਵੀਚਾਰ ਵੇਖੀ ਹੈ ਕਿ ਆਖ਼ਿਰ ਪਾਪੀ ਨਰਕਾਂ ਵਿੱਚ ਹੀ ਜਾਂਦਾ ਹੈ, ਇਸ ਲਈ ਸੰਸਾਰ ਦੇ ਭਲੇ ਲੋਕੋ ! ਪ੍ਰਮੇਸ਼ਰ ਜੀ ਵਿੱਚ ਰੱਤਿਆਂ ਦੀ ਨਿੰਦਾ ਨਾ ਕਰੋ। ਨਿੰਦਕ ਦੀ ਕਿਤੇ ਵੀ ਗਤੀ ਨਹੀਂ ਹੁੰਦੀ। ਉਸਨੂੰ ਆਪਣਾ ਬੀਜਿਆ ਖਾਣਾ ਹੀ ਪੈਂਦਾ ਹੈ :

ਨਿੰਦਕ ਕੀ ਗਤਿ ਕਤਹੂ ਨਾਹਿ ॥
ਆਪਿ ਬੀਜਿ ਆਪੇ ਹੀ ਖਾਹਿ ॥ (ਪੰਨਾ ੧੧੯੫)

ਤੱਤਸਾਰ

ਨਿੰਦਕ ਦੀ ਜ਼ਬਾਨ ਕੂੜ, ਈਰਖਾ ਭਰੇ ਬੋਲ ਬੋਲਦੀ ਹੈ, ਜਿਹੜੇ ਨਿੰਦਾ ਬਣ ਜਾਂਦੇ ਹਨ ਅਤੇ ਨਿੰਦਕ ਹੋਣ ਕਰਕੇ ਰੱਬੀ ਦਰਗਾਹ ਵਿੱਚ ਨਿੰਦਕ ਦੋਸ਼ੀ ਹੁੰਦਾ ਹੈ, ਦੂਜੇ ਪਾਸੇ ਪ੍ਰਭੂ ਪਿਆਰੇ ਦੀ ਰਸਨਾ ਸਾਈਂ ਦੇ ਗੁਣ ਗਾਉਣ ਕਰਕੇ ਉਸਨੂੰ ਰੱਬੀ ਗੋਦ ਨਸੀਬ ਹੁੰਦੀ ਹੈ। ਇਸ ਲਈ ਨਿੰਦਾ ਨਹੀਂ ਕਰਨੀ ਚਾਹੀਦੀ। ਪਰ ਸੱਚ ਨੂੰ ਸੱਚ ਕਹਿਣਾ ਵੀ ਧਰਮ ਹੈ :

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥ (ਪੰਨਾ ੪੮੮)

ਰਾਮਕਲੀ ਬਾਣੀ ਰਵਿਦਾਸ ਜੀ ਕੀ

੧ਓ ਸਤਿਗੁਰ ਪ੍ਰਸਾਦਿ ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥

(ਪੰਨਾ ੯੭੩-੭੪)

ਗੁਨੀਐ—ਵੀਚਾਰਨਾ। ਪਰਸੈ—ਛੂਹਣਾ। ਅਨਭਉ—ਸੁਤੇ ਪ੍ਰਕਾਸ਼, ਵਾਹਿਗੁਰੂ। ਹਿਰਨ—ਸੋਨਾ। ਮਤਸਰ—ਈਰਖਾ।

ਸੰਸੈ ਗਾਂਠਿ

ਸਤਿਗੁਰੂ ਜੀ ਦਾ ਇਹ ਅੰਮ੍ਰਿਤ ਬਚਨ ਪੜ੍ਹਦਿਆਂ ਹੀ ਬੁੱਧੀ ਬੇਵਸ ਹੋ ਜਾਂਦੀ ਹੈ ਕਿ ਅਸੀਂ ਕਿਰਤ ਕਰਮ ਕੇ ਵਿਛੁੜੇ ਹੋਏ ਹਾਂ, ਫਿਰ ਇਸ ਦੇ ਨਾਲ ਹੀ ਅੱਧੀ ਪੰਕਤੀ ਅਰਦਾਸ ਬਣ ਜਾਂਦੀ ਹੈ ਕਿ ਕਿਰਪਾ ਕਰਕੇ ਹੇ ਨਿਰੰਕਾਰ ਜੀ! ਸਾਨੂੰ ਆਪਣੇ ਨਾਲ ਮਿਲਾ ਲਵੋ ਜੀ। ਇੱਕ ਵਾਰੀ ਬਾਰਹਮਾਹ ਦੀ ਅਰੰਭਤਾ ਦੀ ਇਹ ਪੰਕਤੀ ਨਜ਼ਰ ਅੱਗੇ ਰੱਖੀਏ :

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

(ਪੰਨਾ ੧੩੩)

ਇੱਕ ਪਾਸੇ ਧਰਮ ਦਾ ਪਹਿਲਾ ਉਪਦੇਸ਼ ਹੀ ਕ੍ਰਿਤ ਕਰੋ ਹੈ, ਫਿਰ ਕਿਰਤਿ ਕਰਮ ਕੇ ਵੀਛੁੜੇ, ਮਾੜੇ ਕੰਮਾਂ ਦੇ ਨਹੀਂ, ਕਿਰਤ ਕਰਮ ਦੇ ਵਿਛੁੜੇ ਹੋਏ ਹਾਂ। ਬੱਸ ਇਸ ਗੁੰਝਲ ਨੂੰ ਖੋਲ੍ਹਣ ਨਾਲ ਹੀ ਵੀਚਾਰ ਵਾਲੇ ਸ਼ਬਦ ਦੀ ਤਹਿ ਖੁੱਲ੍ਹ ਸਕਦੀ ਹੈ। ਨਿਰੰਕਾਰ ਨੇ ਜੀਵ ਪੈਦਾ ਕਰਕੇ ਉਸ ਦੀ ਕਿਰਤ 'ਤੇ ਧਰਮ ਦਾ ਪਹਿਰਾ ਰੱਖ ਦਿੱਤਾ। ਕਰਮ ਕਰਨ ਲੱਗਿਆਂ ਇਸ ਨੂੰ ਇੱਕ ਗੱਲ ਸਮਝਾ ਦਿੱਤੀ ਕਿ ਜਦੋਂ ਵੀ ਕਿਰਤ ਕਾਰ ਕਰੇਂਗਾ ਤਾਂ ਇਥੋਂ ਦੋ ਰਾਹ ਤੇਰੇ ਸਾਹਮਣੇ ਹੋਣਗੇ, ਇੱਕ ਰਾਹ ਹੋਵੇਗਾ ਜਿਹੜਾ ਕਰਮ ਕਰਨ ਮਗਰੋਂ ਅਹੰ ਭਾਵ ਪੈਦਾ ਕਰੇਗਾ ਕਿ ਕੰਮ ਬਹੁਤ ਚੰਗਾ ਸੀ। ਬਸ ਜਦੋਂ ਕਰਮ ਕਰਕੇ ਅਹੰ ਦੇ ਰਾਹ 'ਤੇ ਤੁਰ ਪਿਆ ਤਾਂ ਹਰ ਕਰਮ ਕਰਦਿਆਂ ਹੋਇਆਂ ਵੀ ਮਾਲਿਕ ਦੇ ਦਰ ਦੀ ਦੂਰੀ ਵੱਧਦੀ ਚਲੀ ਜਾਵੇਗੀ। ਹੈਰਾਨੀ ਇਸ ਗੱਲ ਦੀ ਹੈ ਕਿ ਫਿਰ ਧਰਮ ਦੇ ਕਰਮ ਕਰਦਿਆਂ ਵੀ ਦੂਰ ਹੀ ਹੁੰਦਾ ਚਲਾ ਜਾਵੇਂਗਾ। ਕਰਮ ਧਰਮ ਦੇ ਹਨ, ਇਨ੍ਹਾਂ ਕੰਮਾਂ ਨੇ ਹੀ ਨੇੜੇ ਕਰ ਦੇਣਾ ਸੀ ਪਰ ਅਹੰ ਨੇ ਉਤਨਾ ਹੀ ਦੂਰ ਕਰ ਦਿੱਤਾ। ਇੱਕ ਦਿਨ ਅਜਿਹਾ ਆਇਆ ਕਿ ਮਕੜੀ ਆਪਣੇ ਬਣਾਏ ਜਾਲ ਵਿੱਚ ਜਿਵੇਂ ਆਪ ਹੀ ਖ਼ੁਦ ਫਸ ਜਾਂਦੀ ਹੈ, ਤੇਰੀ ਕਿਰਤ ਨੇ ਤੈਨੂੰ ਹੀ ਦੋਸ਼ੀ ਬਣਾ ਦਿੱਤਾ। ਕੰਮ ਤੂੰ ਹੀ ਕੀਤੇ, ਕੀਤੇ ਵੀ ਕਿਰਤ ਸਮਝ ਕੇ ਪਰ ਕਰਮਾਂ ਨੇ ਹੀ ਕਿਸੇ ਨੂੰ ਨੇੜੇ ਤੇ ਕਿਸੇ ਨੂੰ ਦੂਰ ਕਰ ਦਿੱਤਾ :

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥

(ਪੰਨਾ ੬੩੫)

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥ *(ਪੰਨਾ ੭੮੯)*

ਅਜਿਹੇ ਹੋਰ ਵੀ ਅਨੇਕਾਂ ਕਰਮ ਕਰਦਿਆਂ ਵਿਛੋੜਾ ਵਧਦਾ ਗਿਆ। ਫਿਰ ਗੁਰੂ ਨੇ ਗੱਲ ਸਮਝਾਈ ਕਿ :

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ ॥੧੮॥

(ਪੰਨਾ ੯੧੯)

ਗੁਰੂ ਨੇ ਸਮਝਾਇਆ ਕਿ ਕਰਮ ਉਹੋ ਹੀ ਹਨ ਪਰ ਤੇਰੇ ਮਨ ਨੂੰ ਕਰਮ ਕਰਨ ਦਾ ਹੰਕਾਰ ਲੱਗ ਗਿਆ ਜਿਸ ਨੇ ਕਿਰਤ ਹੋਣ ਦੇ ਬਾਵਜੂਦ ਵੀ ਵਿਛੋੜ ਦਿੱਤਾ। ਜਦੋਂ ਇਸ ਮਨ ਨੂੰ ਗੁਰੂ ਸ਼ਬਦ ਨਾਲ ਧੋਤਾ ਤਾਂ ਫਿਰ ਹਰੀ ਨਾਲ ਚਿੱਤ ਲੱਗ ਗਿਆ। ਹੁਣ ਉਹ ਦੂਜਾ ਰਸਤਾ ਦਿਸਿਆ ਜਿਸ ਦਾ ਪਿੱਛੇ ਜ਼ਿਕਰ ਕਰ ਆਏ ਹਾਂ। ਇਹ ਰਸਤਾ ਹੈ ਕਰਮ ਕਰਕੇ ਹਰ ਕਰਮ ਨਾਲ ਇਹ ਅਹਿਸਾਸ ਪੈਦਾ ਕਰਨਾ ਕਿ ਤੇਰੀ ਕਿਰਪਾ ਨਾਲ ਕਰ ਰਿਹਾ ਹਾਂ। ਮੈਂ ਤਾਂ ਕੁਝ ਵੀ ਕਰਨ ਜੋਗਾ ਨਹੀਂ, ਸਭ ਤੇਰੀ ਹੀ ਕਿਰਪਾ ਹੈ। ਉਹ ਕਰਮ ਜਿਹੜੇ ਦੂਰ ਲੈ ਕੇ ਜਾਂਦੇ ਸਨ, ਉਹ ਹੀ ਨੇੜੇ ਲੈ ਜਾਣਗੇ। ਇੱਕ ਛੋਟੀ ਜਿਹੀ ਉਦਾਹਰਣ ਹੈ। ਸੱਤਵੇਂ ਪਾਤਿਸ਼ਾਹ ਗੁਰੂ ਹਰਿ ਰਾਇ ਸਾਹਿਬ ਨੂੰ ਸਿੱਖਾਂ ਨੇ ਪੁੱਛਿਆ ਕਿ ਸਾਡੀ ਅੱਖ ਫ਼ੈਸਲਾ ਨਹੀਂ ਕਰ ਪਾ ਰਹੀ ਕਿ ਆਪ ਜੀ ਦੀ ਬਖ਼ਸ਼ਿਸ਼ ਦਾ ਪਾਤਰ ਕੌਣ ਬਣੇ ? ਦੋਵੇਂ ਪੁੱਤਰ ਸਾਨੂੰ ਇੱਕੋ ਜਿਹੇ ਲੱਗਦੇ ਹਨ। ਸਾਹਿਬ ਜੀ ਨੇ ਇੱਕ ਸੂਈ ਦਿੱਤੀ ਅਤੇ ਕਿਹਾ ਕਿ ਬਾਣੀ ਪੜ੍ਹਦਿਆਂ ਇਹ ਸੂਈ ਚੁਭੋ ਕੇ ਵੇਖ ਲੈਣਾ, ਜਿਹੜਾ ਤੜਪ ਗਿਆ ਉਹ ਬਖ਼ਸ਼ਿਸ਼ ਤੋਂ ਖ਼ਾਲੀ ਅਤੇ ਜਿਹੜਾ ਸਹਿ ਗਿਆ ਉਹ ਭਰਿਆ ਹੋਵੇਗਾ।

ਦੋਵੇਂ ਪੁੱਤਰ ਹਨ, ਦੋਵੇਂ ਕਰਮ ਇੱਕੋ ਹੀ ਕਰ ਰਹੇ ਹਨ, ਪਰ ਇੱਕ ਨੇ ਹਉਮੈ ਗੁਆ ਦਿੱਤੀ, ਤੇਰੀ ਕਿਰਪਾ ਤੱਕ ਪਹੁੰਚ ਗਿਆ; ਦੂਜਾ ਬਾਬਾ ਰਾਮ

ਰਾਇ ਮੈਂ ਬਾਣੀ ਪੜ੍ਹਦਾ ਹਾਂ, ਦਾ ਭਾਵ ਰੱਖਿਆ, ਉਹ ਬਖ਼ਸ਼ਿਸ਼ ਤੋਂ ਖ਼ਾਲੀ ਰਹਿ ਗਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾਤਿ ਪ੍ਰਾਪਤ ਕਰ ਗਏ। ਇਸੇ ਤਰ੍ਹਾਂ ਕਰਮ ਉਹੋ ਹੀ ਹਨ ਜਿਹੜੇ ਮਿਲਾਪ ਦਾ ਕਾਰਨ ਬਣਦੇ ਹਨ ਅਤੇ ਉਹੋ ਹੀ ਕਰਮ ਛੁਟਕਾਰਾ ਬਣ ਜਾਂਦੇ ਹਨ, ਪਰ ਫ਼ਰਕ ਸਿਰਫ਼ ਇਸ ਵਿਚ ਹੈ ਕਿ ਕਰਮ ਕਰਨ ਲੱਗਿਆਂ ਹਉ ਭਾਵ ਨਾਲ ਕੀਤੇ ਸਨ ਜਾਂ ਤੇਰੀ ਕਿਰਪਾ ਨਾਲ ਕੀਤੇ ਸਨ। ਹਉ ਵਾਲੇ ਕਰਮ ਨੇ ਕੰਮ ਬਣ ਜਾਣਾ ਹੈ। ਤੇਰੀ ਕਿਰਪਾ ਵਾਲੇ ਕਰਮ ਨੇ ਬਖ਼ਸ਼ਿਸ਼ ਬਣ ਜਾਣਾ ਹੈ। ਵੀਚਾਰ ਵਾਲੇ ਸ਼ਬਦ ਵਲ ਪਰਤੀਏ।

ਇੱਕ ਅਰਦਾਸ ਤੋਂ ਰਹਾਉ ਵਾਲਾ ਬੰਦ ਸ਼ੁਰੂ ਕੀਤਾ ਹੈ ਕਿ ਹੇ ਵਾਹਿਗੁਰੂ ਜੀ! ਮੇਰੇ ਚਿੱਤ ਵਿੱਚ ਇੱਕ ਭਰਮ ਦੀ ਭਾਵ ਭੁਲੇਖੇ ਦੀ ਗੰਢ ਬੱਝੀ ਹੈ ਕਿ ਉਹ ਮੇਰੇ ਖੋਲ੍ਹਣ ਨਾਲ ਨਹੀਂ ਖੁੱਲ੍ਹਦੀ। ਮੈਂ ਬਾਹਰ ਕਰਮ ਕਰਦਾ ਹਾਂ, ਅੰਦਰੋਂ ਲੁੱਟਿਆ ਜਾ ਰਿਹਾ ਹਾਂ। ਇਹ ਭੁਲੇਖਾ ਦੂਰ ਕਰ ਦਿਓ ਕਿ ਮੈਂ ਕੁਛ ਕਰਦਾ ਹਾਂ। ਇਸ ਅੰਦਰ ਕੁਝ ਕਰਦੇ ਦੇ ਭੁਲੇਖੇ ਨੇ ਹੀ ਸਾਰੀ ਦੁਨੀਆਂ ਲੁੱਟ ਲਈ, ਸਿਰਫ਼ ਉਹ ਹੀ ਬਚਦੇ ਹਨ ਜਿਹਨਾਂ ਨੂੰ ਅਹਿਸਾਸ ਹੋ ਗਿਆ ਕਿ ਤੇਰੀ ਕਿਰਪਾ ਹੀ ਬਚਾ ਸਕਦੀ ਹੈ:

ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥

(ਪੰਨਾ ੬੭੪)

ਇਸ 'ਮੈਂ ਕੁਝ ਕਰਦਾ ਹਾਂ' ਦੀ ਭਰਮ ਗੰਢ ਦੇ ਕਾਰਨ ਹੀ ਕਾਮ, ਕ੍ਰੋਧ, ਮਾਇਆ ਦਾ ਸੁਭਾਅ ਹੰਕਾਰੀ ਹੋ ਕੇ ਮੇਰੀ ਗਤ ਵਿਗਾੜ ਕੇ ਲੁੱਟੀ ਜਾ ਰਹੇ ਹਨ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

(ਪੰਨਾ ੬੦੦)

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥

(ਪੰਨਾ ੬੭੩)

ਪਾਰਸ ਅਤੇ ਲੋਹਾ ਨੇੜੇ ਨੇੜੇ ਜਿਤਨਾ ਸਮਾਂ ਮਰਜ਼ੀ ਪਏ ਰਹਿਣ ਪਰ ਲੋਹਾ ਸੋਨਾ ਤਦ ਬਣੇਗਾ ਜੇ ਪਾਰਸ ਨਾਲ ਛੁਹ ਜਾਵੇਗਾ। ਇਸੇ ਤਰ੍ਹਾਂ ਮੇਰੇ ਕਰਮ ਪੜ੍ਹਨਾ ਵੀਚਾਰਨਾ, ਨਾਮ ਸੁਣਨਾ, ਤਦ ਤੱਕ ਮੇਰਾ ਕੁਝ ਨਹੀਂ ਸਵਾਰ ਸਕਦੇ, ਜਦੋਂ ਤੱਕ ਤੇਰੀ ਕਿਰਪਾ ਇਹਨਾਂ ਨੂੰ ਸਵੀਕਾਰ ਨਹੀਂ ਕਰਦੀ। ਇਹਨਾਂ ਕਰਮਾਂ ਨੂੰ ਕਮਾਉਂਦਾ ਹੋਇਆ ਵੀ ਮੈਂ ਅੰਦਰੂਨੀ ਅਨਭਉ ਪ੍ਰਕਾਸ਼ ਨਹੀਂ ਕਰ ਸਕਦਾ, ਇਹ ਸਭ ਤੇਰੀ ਕਿਰਪਾ ਨਾਲ ਹੀ ਪੈਦਾ ਹੋ ਸਕਦਾ ਹੈ:

ਕਿਆ ਪੜੀਐ ਕਿਆ ਗੁਨੀਐ ॥
ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥
ਜਉ ਸਹਜ ਨ ਮਿਲਿਓ ਸੋਈ ॥੧॥ (ਪੰਨਾ ੬੫੫)
ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥
(ਪੰਨਾ ੯੭੪)

ਸਾਡੇ ਵਰਗਾ ਕੋਈ ਕਵੀ ਨਹੀਂ। ਮੈਂ ਕੁਲੀਨ ਹਾਂ, ਵਿਦਵਾਨ ਹਾਂ, ਜੋਗੀ ਹਾਂ, ਸੰਨਿਆਸੀ ਹਾਂ, ਗਿਆਨਵਾਨ ਹਾਂ, ਸੂਰਮਾ ਹਾਂ, ਦਾਤਾ ਹਾਂ, ਇਹ ਮਤਿ ਕਦੇ ਵੀ ਨਾਸ ਨਹੀਂ ਹੋਈ। ਇਹਨਾਂ ਨੇ ਹੰਕਾਰ ਪੈਦਾ ਕਰ ਦਿੱਤਾ, ਜਿਸ ਨਾਲ ਤੇਰੀ ਬਖ਼ਸ਼ਿਸ਼ ਤੋਂ ਖ਼ਾਲੀ ਰਹਿ ਗਿਆ ਹਾਂ। ਹੁਣ ਕਿਰਪਾ ਕਰਕੇ ਸੰਸੇ ਦੀ ਗੰਢ ਖੋਲ੍ਹ ਕੇ ਹਉ ਦੀ ਥਾਂ ਤੇਰੀ ਕਿਰਪਾ ਦੀ ਸਮਝ ਲੱਗ ਜਾਵੇਗੀ:

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ (ਪੰਨਾ ੭੩੯)

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥
(ਪੰਨਾ ੯੭੪)

ਰਵਿਦਾਸ ਜੀ ਮਹਾਰਾਜ ਆਖਦੇ ਹਨ ਕਿ ਸਾਰੇ ਜੀਵ ਇਸ ਸੰਸੇ ਦੀ ਗੰਢ ਦੇ ਕਾਰਨ ਸਮਝ ਨਹੀਂ ਪਾ ਰਹੇ ਬਲਕਿ ਭੁਲੇ ਫਿਰ ਰਹੇ ਹਨ। ਇਹਨਾਂ ਵੱਲ ਦੇਖ ਕੇ ਮੈਂ ਤਾਂ ਅਰਦਾਸ ਕਰਦਾ ਹਾਂ ਕਿ ਮੈਨੂੰ ਤਾਂ ਕੇਵਲ ਨਾਮ ਦਾ ਆਸਰਾ ਹੈ। ਮੈਨੂੰ ਤਾਂ ਤੇਰਾ ਨਾਮ ਹੀ ਪ੍ਰਾਨ, ਧਨ ਅਤੇ ਜੀਵਨ ਹੈ:

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥
(ਪੰਨਾ ੭੨੭)

ਤੱਤਸਾਰ

ਮਨੁੱਖ ਧਰਮ ਦੇ ਕਰਮ ਕਰਦਾ ਹੋਇਆ ਵੀ ਧਰਮੀ ਨਹੀਂ ਬਣ ਸਕਦਾ ਜਿੰਨਾ ਚਿਰ ਉਸਦੇ ਹਿਰਦੇ ਵਿੱਚ ਹੰਕਾਰ ਦਾ ਵਾਸਾ ਹੁੰਦਾ ਹੈ। ਹਰ ਕਰਮ ਹਉਮੈ ਦਾ ਬਣ ਜਾਣ ਕਾਰਨ "ਇਨ ਬਿਧਿ ਮਿਲਨ ਨ ਜਾਈ" ਵਾਲੀ ਹੀ ਕਿਰਿਆ ਬਣ ਜਾਂਦੀ ਹੈ, ਪਰ "ਸਭ ਕਿਰਪਾ ਤੁਮਾਰੀ" ਕਹਿ ਕੇ ਹਰੇਕ ਮਾਣ ਵਡਿਆਈ ਜਾਂ ਕਾਰਜ ਰਾਸਿ ਆਉਣ ਦੀ ਪ੍ਰਾਪਤੀ ਨੂੰ ਵਾਹਿਗੁਰੂ ਜੀ ਦੀ ਬਖ਼ਸ਼ਿਸ਼ ਸਮਝ ਲਈਏ, ਫਿਰ ਖੁਆਰ ਨਹੀਂ ਹੋਵਾਂਗੇ ਬਲਕਿ ਨਿਰੰਕਾਰ ਹੋ ਜਾਵਾਂਗੇ।

ਰਾਗ ਮਾਰੂ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥

(ਪੰਨਾ ੧੧੦੬)

ਢਰੈ—ਕਿਰਪਾ ਕਰਦਾ ਹੈ, ਪਸੀਜਦਾ ਹੈ। ਗੁਸਈਆ—ਮਾਲਕ। ਮਾਥੇ ਛਤ੍ਰੁ—ਸਤਿਕਾਰ ਦੇਣਾ। ਛੋਤਿ—ਛੋਹ। ਸਰੈ—ਹੋ ਸਕਦਾ ਹੈ।

ਐਸੀ ਲਾਲ

ਹਰ ਕੋਈ ਗ਼ਰੀਬ ਨੂੰ ਪੈਰਾਂ ਥੱਲੇ ਲਿਤਾੜਨਾ ਚਾਹੁੰਦਾ ਹੈ ਅਤੇ ਲਿਤਾੜਦਾ ਵੀ ਹੈ। ਗ਼ਰੀਬ ਸਾਰੀ ਜ਼ਿੰਦਗੀ ਦੂਜਿਆਂ ਨੂੰ ਤੁਸੀਂ ਤੁਸੀਂ ਕਹਿ ਕੇ ਬੁਲਾਉਣ ਵਾਲਾ ਆਪਣੇ ਲਈ ਹਮੇਸ਼ਾ ਤੂੰ ਹੀ ਸੁਣਦਾ ਹੈ। ਦੂਜਿਆਂ ਨੂੰ ਆਦਰ ਦੇਣ ਵਾਲਾ ਆਪ ਨਿਰਾਦਰ ਹੀ ਸਹਾਰਦਾ ਹੈ। ਦੂਜਿਆਂ ਨੂੰ ਸੁੱਖਾਂ ਭਰੇ ਮਹੱਲ ਛੱਤ ਕੇ ਦੇਣ ਵਾਲਾ ਆਪ ਸਦਾ ਝੁੱਗੀਆਂ, ਫੁੱਟ-ਪਾਥਾਂ 'ਤੇ ਹੀ ਸੌਂਦਾ ਹੈ। ਦੂਜਿਆਂ ਦੇ ਹਰ ਦੁੱਖ ਨੂੰ ਆਪਣੀ ਝੋਲੀ ਵਿੱਚ ਪਵਾ ਕੇ ਸ਼ੁਕਰ ਕਰਕੇ ਦੂਜਿਆਂ ਨੂੰ ਸੁੱਖ ਹੀ ਵੰਡਦਾ ਹੈ। ਇਹ ਸਭ ਕੁਝ ਹੋਣ ਦੇ ਬਾਵਜੂਦ ਵੀ ਗ਼ਰੀਬ ਦੀ ਹਾਲਤ ਨੂੰ ਕਬੀਰ ਸਾਹਿਬ ਜੀ ਨੇ ਬਿਆਨ ਕੀਤਾ ਹੈ ਕਿ ਦੋ ਸਕੇ ਭਰਾਵਾਂ ਵਿੱਚ ਵੀ ਕਿਤਨਾ ਅੰਤਰ ਪੈ ਜਾਂਦਾ ਹੈ :

ਜਉ ਨਿਰਧਨੁ ਸਰਧਨ ਕੈ ਜਾਇ ॥
ਆਗੇ ਬੈਠਾ ਪੀਠਿ ਫਿਰਾਇ ॥੧॥
ਜਉ ਸਰਧਨੁ ਨਿਰਧਨ ਕੈ ਜਾਇ ॥
ਦੀਆ ਆਦਰੁ ਲੀਆ ਬੁਲਾਇ ॥੨॥ (ਪੰਨਾ ੧੧੫੯)

ਅਜਿਹੇ ਗ਼ਰੀਬ ਨੂੰ ਹੇ ਮੇਰੇ ਲਾਲ! ਤੇਰੇ ਤੋਂ ਬਿਨਾਂ ਕੌਣ ਗਲ ਨਾਲ ਲਾ ਸਕਦਾ ਹੈ। ਕੇਵਲ ਗਲ ਨਾਲ ਹੀ ਨਹੀਂ ਬਲਕਿ ਗ਼ਰੀਬ ਦੇ ਸਿਰ ਉੱਤੇ ਉਹ ਛਤਰ ਰੱਖ ਦੇਵੇ ਜਿਸਨੂੰ ਹਰ ਕੋਈ ਈਰਖਾ ਵਸ ਹੋ ਕੇ ਲਾਹੁਣਾ ਚਾਹੁੰਦਾ ਹੋਵੇ, ਪਰ ਉਹ ਛਤਰ ਸਦੀਵੀ ਹੋ ਨਿਬੜੇ, ਜਿਸ ਨੂੰ ਕਦੇ ਵੀ ਕੋਈ ਵੀ ਨਾ ਉਤਾਰ ਸਕੇ :

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥
ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥
(ਪੰਨਾ ੫੯੦)

ਜਿਸ ਰਸਤੇ ਗ਼ਰੀਬ ਲੰਘ ਜਾਵੇ ਉਥੋਂ ਫਿਰ ਕੋਈ ਅਖੌਤੀ ਧਰਮੀ ਲੰਘ ਜਾਵੇ ਤਾਂ ਉਸ ਅਖੌਤੀ ਦਾ ਧਰਮ ਹੀ ਭ੍ਰਿਸ਼ਟ ਹੋ ਗਿਆ ਸਮਝਿਆ ਜਾਂਦਾ ਹੈ। ਦੁਨੀਆਂ ਦੀ ਨਜ਼ਰ ਵਿੱਚ ਅਜਿਹੇ ਗ਼ਰੀਬ ਨੂੰ ਪਕੜ ਕੇ ਅਜਿਹੀ ਥਾਂ 'ਤੇ

ਬਿਠਾ ਦਿੱਤਾ ਜਾਵੇ, ਜਿਥੋਂ ਅਜਿਹੇ ਲੋਕਾਂ ਨੂੰ ਲੰਘਣਾ ਹੀ ਨਹੀਂ ਬਲਕਿ ਮੱਥਾ ਟੇਕ ਕੇ ਲੰਘਣਾ ਪਵੇ। ਕੁਝ ਦੇਣ ਲਈ ਨਹੀਂ, ਕੁਝ ਲੈਣ ਲਈ ਤਰਲੇ ਮਿੰਨਤਾਂ, ਅਰਦਾਸਾਂ ਕਰਨੀਆਂ ਪੈਣ। ਅੱਗੇ ਜਿਸਦਾ ਧਰਮ ਭ੍ਰਿਸ਼ਟ ਹੁੰਦਾ ਸੀ ਉਹ ਹੁਣ ਸਗੋਂ ਧਰਮ ਦੀਆਂ ਗੱਲਾਂ ਪੁੱਛੇ। ਅਜਿਹੀਆਂ ਬਖ਼ਸ਼ਿਸ਼ਾਂ ਮੇਰੇ ਲਾਲ ਜੀਉ ! ਤੇਰੇ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ।

ਜਿਸ ਨੂੰ ਹਰ ਕੋਈ ਨੀਚ ਜਾਣ ਕੇ ਵਿਹਾਰ ਕਰਦਾ ਹੋਵੇ, ਅੱਜ ਉਹ ਸਭ ਤੋਂ ਉੱਚੀ ਤੇ ਸੁੱਚੀ ਥਾਂ 'ਤੇ ਬੈਠਾ ਹੈ। ਇਹ ਸਾਰੀ ਆਪ ਜੀ ਦੀ ਕਿਰਪਾ ਦਾ ਹੀ ਸਦਕਾ ਹੈ। ਨੀਚ ਨੂੰ ਤੇਰੇ ਤੋਂ ਬਿਨਾਂ ਕੌਣ ਉੱਚਾ ਕਰ ਸਕਦਾ ਹੈ:

ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥ (ਪੰਨਾ ੩੮੬)

ਭਗਤ ਭਗਤ ਜਗ ਵਜਿਆ ਚਹੁੰ ਜੁਗਾ ਵਿਚ ਚਮਰੇਟਾ ॥

ਅਜਿਹੀ ਰਹਿਮਤ ਐਸੀ ਲਾਲ ਤੇਰੇ ਤੋਂ ਬਿਨਾਂ ਹੋਰ ਕੌਣ ਕਰ ਸਕਦਾ ਹੈ। ਇਹ ਤਾਂ ਕੇਵਲ ਤੇਰੇ ਹੀ ਦਰ ਤੋਂ ਰਹਿਮਤਾਂ ਦੀ ਵਰਖਾ ਹੁੰਦੀ ਹੈ:

ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥
(ਪੰਨਾ ੬੫੪)

ਇਹ ਤਾਂ ਕੇਵਲ ਦੁਨੀਆਂ ਨੂੰ ਦਿਸਦੀਆਂ ਵਡਿਆਈਆਂ ਦਾ ਜ਼ਿਕਰ ਹੈ ਪਰ ਹੇ ਨਿਰੰਕਾਰ ਜੀ! ਤੇਰੇ ਕੋਲੋਂ ਤਾਂ ਸਭ ਕੁਝ ਹੋ ਸਕਦਾ ਹੈ। ਸੰਸਾਰ ਹੈਰਾਨ ਰਹਿ ਜਾਂਦਾ ਹੈ ਕਿ ਜਿਨ੍ਹਾਂ ਨੂੰ ਅਸੀਂ ਹੇਠਾਂ ਫ਼ਰਸ਼ਾਂ 'ਤੇ ਰੋਲਣਾ ਚਾਹੁੰਦੇ ਸਾਂ, ਅੱਜ ਉਹ ਅਰਸ਼ਾਂ 'ਤੇ ਨਾ ਛੁਪਣ ਵਾਲੇ ਤਾਰਿਆਂ ਵਾਂਗ ਚਮਕ ਰਹੇ ਹਨ। ਨਾਮਦੇਵ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਸੈਨ ਜੀ ਆਦਿਕ ਆਪ ਹੀ ਨਹੀਂ ਤਰ ਗਏ ਬਲਕਿ ਅੱਜ ਉਹ ਹੋਰਨਾਂ ਨੂੰ ਤਰਨ ਦਾ ਉਪਦੇਸ਼ ਬਖ਼ਸ਼ਿਸ਼ ਕਰ ਰਹੇ ਹਨ। ਤੇਰੇ ਦਰ ਤੋਂ ਹਰ ਤਰ੍ਹਾਂ ਦੀ ਦਾਤ ਮਿਲਦੀ ਹੈ। ਪਰ ਇਹ ਐਸੀ ਲਾਲ, ਇਹੋ ਜਿਹੀ ਲਾਲ ਤੇਰੇ ਬਿਨਾਂ ਹੋਰ ਕੌਣ ਕਰ ਸਕਦਾ ਹੈ ? ਹਾਂ, ਧਰਮ ਦੀ ਦੁਨੀਆਂ ਵਿੱਚ ਪੂਜਣ ਵਾਲੀਆਂ ਚੀਜ਼ਾਂ ਦਾ ਅੰਤ ਨਹੀਂ। ਬੇ-ਅੰਤ ਦੇਵੀ ਦੇਵਤੇ ਹਨ, ਬੇਅੰਤ ਰਿਸ਼ੀ ਮੁਨੀ, ਪੀਰ ਪੈਗ਼ੰਬਰ ਹਨ, ਐਸੀ ਲਾਲ ਕਰਨ ਵਾਲਾ ਤੇਰੇ ਤੋਂ ਬਿਨਾਂ ਹੋਰ ਕੋਈ ਵੀ ਨਹੀਂ।

ਇੱਕ ਵਾਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਿਰਾਜ ਦੇ ਇਲਾਕੇ ਵਿੱਚ ਗਏ। ਸੰਗਤਾਂ ਦਰਸ਼ਨਾਂ ਲਈ ਆਈਆਂ। ਇਥੇ ਇੱਕ ਚੌਧਰੀ ਕਾਲੇ ਖ਼ਾਂ ਰਹਿੰਦਾ ਸੀ, ਜਿਸ ਦੇ ਕੋਲ ਉਹਨਾਂ ਦੇ ਭਰਾ ਭਰਜਾਈ ਦੀ ਮੌਤ ਹੋ ਜਾਣ ਮਗਰੋਂ ਉਸ ਦੇ ਦੋ ਬੱਚੇ ਫੂਲ ਅਤੇ ਸੰਦਲੀ ਰਹਿੰਦੇ ਸਨ, ਇਹ ਵੀ ਨਾਲ ਹੀ ਮੱਥਾ ਟੇਕਣ

ਆਏ। ਇਹਨਾਂ ਨੇ ਚੁਪ-ਚੁਪੀਤੇ ਹੀ ਇਸ਼ਾਰੇ ਨਾਲ ਆਪਣਾ ਦੁੱਖ ਸਤਿਗੁਰੂ ਜੀ ਨੂੰ ਦੱਸਣਾ ਚਾਹਿਆ ਤਾਂ ਇਹਨਾਂ ਨੇ ਮੱਥਾ ਟੇਕਦੇ ਸਮੇਂ ਆਪਣੇ ਪੇਟ 'ਤੇ ਹੱਥ ਫੇਰਿਆ। ਤਦ ਸਤਿਗੁਰੂ ਜੀ ਨੇ ਪੁੱਛ ਲਿਆ, ਕਾਲੇ ਖ਼ਾਂ, ਇਹ ਕੀ ਕਹਿੰਦੇ ਹਨ ? ਤਦ ਕਾਲੇ ਖ਼ਾਂ ਨੇ ਦੱਸਿਆ ਕਿ ਭੁੱਖੇ ਹਨ। ਸਾਹਿਬ ਜੀ ਨੇ ਹੱਸ ਕੇ ਆਖਿਆ ਕਿ ਭਾਈ ਇਹ ਤਾਂ ਸਤਲੁਜ ਅਤੇ ਜਮਨਾ ਦੇ ਵਿਚਾਲੇ ਰਾਜ ਕਰਨਗੇ। ਇਹਨਾਂ ਆਪ ਤਾਂ ਕੀ ਭੁੱਖੇ ਰਹਿਣਾ ਹੈ, ਹੋਰਾਂ ਨੂੰ ਵੀ ਦੇਣਗੇ। ਫੂਲ ਅਤੇ ਸੰਦਲੀ ਨਿਹਾਲੋ ਨਿਹਾਲ ਹੋ ਗਏ। ਜਿਹੜੇ ਕੇਵਲ ਦੋ ਵਕਤ ਦੀ ਪੇਟ ਪੂਰਤੀ ਮੰਗਣ ਗਏ ਸਨ, ਉਹਨਾਂ ਨੂੰ ਰਾਜ ਮਿਲ ਜਾਵੇ, ਅਜਿਹੀ ਮੇਰੇ ਲਾਲ ਬਿਨਾਂ ਹੋਰ ਕੌਣ ਕਰ ਸਕਦਾ ਹੈ। ਇਹਨਾਂ ਦੇ ਰਾਜ ਵਿੱਚੋਂ ਹੀ ਫਿਰ ਬਹੁਤ ਪ੍ਰਤਾਪੀ ਰਾਜੇ ਹੋਏ ਹਨ। ਇਹ ਮੇਰੇ ਸਤਿਗੁਰੂ ਪਾਤਿਸ਼ਾਹ ਜੀ ਦਾ ਪਾਵਨ ਉਪਦੇਸ਼ ਇਹਨਾਂ ਹੀ ਬਖ਼ਸ਼ਿਸ਼ਾਂ ਦਾ ਜ਼ਿਕਰ ਕਰਕੇ ਸਾਨੂੰ ਸਭ ਨੂੰ ਰੱਬੀ ਬੰਦਗੀ ਕਰਨ ਦਾ ਸੁਨੇਹਾ ਦਿੰਦਾ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥੧॥ ਰਹਾਉ ॥
(ਪੰਨਾ ੧੧੦੬)

ਹੇ ਮੇਰੇ ਪਿਆਰੇ ਲਾਲ ਪ੍ਰਮੇਸ਼ਰ ਜੀਉ! ਤੇਰੇ ਤੋਂ ਬਿਨਾਂ ਅਜਿਹੀ ਹੋਰ ਕੌਣ ਬਖ਼ਸ਼ਿਸ਼ ਕਰ ਸਕਦਾ ਹੈ। ਮੇਰਾ ਗੁਸਾਈਂ ਭਾਵ ਮੇਰਾ ਮਾਲਿਕ ਗ਼ਰੀਬਾਂ ਨੂੰ ਗਲੇ ਲਾਉਣ ਵਾਲਾ ਹੈ। ਕੇਵਲ ਗਲੇ ਹੀ ਨਹੀਂ ਬਲਕਿ ਸੀਸ 'ਤੇ ਛੱਤ੍ਰ ਝੁਲਾ ਦੇਣ ਵਾਲਾ ਹੈ। ਅੱਜ ਆਪਾਂ ਬਿਨਾਂ ਪਾਕਿ ਮੁਹੱਬਤ ਦੇ ਆਸ਼ਿਕਾਂ ਨੂੰ ਪ੍ਰਮੇਸ਼ਰ ਜੀ ਨੇ ਉਥੇ ਬਿਠਾ ਦਿੱਤਾ ਹੈ ਜਿਥੇ ਹਰ ਕੋਈ ਨਮਸਕਾਰਾਂ ਕਰਦਾ ਹੈ :

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥ (ਪੰਨਾ ੯੬੪)

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥ (ਪੰਨਾ ੧੧੦੬)

ਮੇਰੇ ਗੋਬਿੰਦ ਜੀ ਨੇ ਉਸ ਨੀਚ ਨੂੰ ਇਤਨਾ ਉੱਚਾ ਚੁੱਕ ਦਿੱਤਾ ਹੈ ਕਿ ਜਿਸ ਦੀ ਛੋਹ ਨਾਲ ਲੋਕ ਕਹਿੰਦੇ ਸਨ ਕਿ ਸਾਡਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ, ਅੱਜ ਉਹ ਲੋਕ ਸਗੋਂ ਧਰਮ ਦਾ ਰਾਹ ਆ ਕੇ ਪੁੱਛਦੇ ਹਨ। ਮੇਰੇ ਮਾਲਿਕ ਦੀ ਕਿਰਪਾ ਦਾ ਸਦਕਾ ਹਰ ਕੋਈ ਆਪਣਾ ਹੁਕਮ ਮਨਾਉਣ ਦੀ ਭਾਵਨਾ ਰੱਖਣ ਵਾਲਾ ਹੁਣ ਸਗੋਂ ਹੁਕਮ ਮੰਗਦਾ ਵੀ ਹੈ, ਸੁਣਦਾ ਵੀ ਹੈ ਅਤੇ ਮੰਨਦਾ ਵੀ ਹੈ।

ਇਥੇ ਭਾਈ ਜੀਵਨ ਸਿੰਘ ਦੀ ਸਾਖੀ ਜ਼ਰੂਰ ਵੀਚਾਰਨੀ ਚਾਹੀਦੀ ਹੈ ਜਿਸ ਨੂੰ ਪਹਿਲਾਂ ਭਾਈ ਜੈਤਾ ਜੀ ਦੇ ਰੂਪ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਲੈ ਕੇ ਆਉਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਛਾਤੀ ਨਾਲ ਲਾ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਸਨਮਾਨ ਦਿੱਤਾ ਸੀ। 'ਨੀਚਹ ਊਚ ਕਰੈ ਮੇਰਾ ਗੋਬਿੰਦੁ' ਦੇ ਬਚਨਾਂ ਨੂੰ ਸੱਚ ਕਰ ਵਿਖਾਇਆ ਸੀ :

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥
(ਪੰਨਾ ੧੧੦੬)

ਰੱਬੀ ਰੂਹ ਰਵਿਦਾਸ ਜੀ ਆਖ ਰਹੇ ਹਨ ਕਿ ਮੇਰੇ ਵਾਹਿਗੁਰੂ ਜੀ ਸਭ ਕੁਝ ਕਰਨ ਕਾਰਨ ਸਮਰੱਥ ਹਨ, ਉਹ ਸਭ ਕੁਝ ਕਰ ਸਕਦੇ ਹਨ। ਉਹਨਾਂ ਦੀ ਬਖ਼ਸ਼ਿਸ਼ ਨਾਲ ਹੀ ਨਾਮਦੇਵ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਜੀ, ਸੈਨ ਜੀ ਇਹ ਸਾਰੇ ਤਰ ਗਏ ਹਨ। ਅੱਜ ਇਹ ਤਰਨ ਦੀ ਜਾਚ ਸਿਖਾ ਰਹੇ ਹਨ।

ਤੱਤਸਾਰ

ਪ੍ਰਮੇਸ਼ਰ ਜੀ ਦਾ ਸੁਭਾਅ ਗ਼ਰੀਬ ਨਿਵਾਜ਼ ਹੋਣ ਕਰਕੇ ਸੰਸਾਰ ਭਾਵੇਂ ਗ਼ਰੀਬਾਂ ਨੂੰ ਰੋਲਣਾ ਚਾਹੁੰਦਾ ਹੋਵੇ ਪਰ ਉਸ ਦੀਆਂ ਅਥਾਹ ਬਖ਼ਸ਼ਿਸ਼ਾਂ ਪਾ ਕੇ ਅਜਿਹੇ ਮਨੁੱਖਤਾ ਦੇ ਉੱਚੇ ਅਸਥਾਨ 'ਤੇ ਸੁਸ਼ੋਭਿਤ ਹੋ ਜਾਂਦੇ ਹਨ ਜਿਥੋਂ ਹਰ ਕੋਈ ਆਪਣਾ ਸੀਸ ਨਿਵਾਕੇ ਸੁਭਾਗਾ ਬਣਨਾ ਚਾਹੁੰਦਾ ਹੈ :

ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥ *(ਪੰਨਾ ੧੧੫੬)*

ਰਾਗ ਕੇਦਾਰਾ ਬਾਣੀ ਰਵਿਦਾਸ ਜੀਉ ਕੀ

੧ਓ ਸਤਿਗੁਰ ਪ੍ਰਸਾਦਿ ॥

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥
ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ ਰਹਾਉ ॥
ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥

(ਪੰਨਾ ੧੧੨੪)

ਖਟੁ ਕਰਮ—ਛੇ ਕਰਮ ਬ੍ਰਾਹਮਣਾਂ ਦੇ, ਵੇਦ ਪੜ੍ਹਨਾ ਪੜ੍ਹਾਉਣਾ; ਜੱਗ ਕਰਨਾ ਕਰਾਉਣਾ, ਦਾਨ ਲੈਣ ਅਤੇ ਦੇਣਾ। ਕਈਆਂ ਇਹ ਛੇ ਕਰਮ ਮੰਨੇ ਹਨ—ਸੰਧਿਆ, ਸਨਾਨ, ਜਪ, ਹਵਨ, ਵੇਦ ਪਾਠ ਅਤੇ ਦੇਵ ਪੂਜਾ। ਚਰਨਾਰਬਿੰਦ—ਚਰਨ ਕੰਵਲ (ਪਰਮਾਤਮਾ ਦੇ)। ਸੁਪਚ—ਚੰਡਾਲ। ਅਮਰਿਓ—1. ਅਮਰ ਹੋਇਆ; 2. ਅਪੜਿਆ। ਸੁਆਨ ਸਤ੍ਰੁ—ਕੁੱਤਿਆਂ ਦਾ ਵੈਰੀ। ਬਾਲਮੀਕਿ ਚੰਡਾਲ ਸੀ। ਪਾਂਡਵਾਂ ਨੇ ਬੜਾ ਜੱਗ ਕੀਤਾ। ਸਭ ਭੋਜਨ ਪਾ ਚੁੱਕੇ ਪਰ ਜੱਗ ਦੀ ਪੂਰਨਤਾ ਦਾ ਘੰਟਾ ਨਾ ਵਜਿਆ। ਫਿਰ ਕ੍ਰਿਸ਼ਨ ਜੀ ਨੇ ਕਹਿਆ, ਬਾਲਮੀਕ ਨਹੀਂ ਆਏ। ਜਦ ਉਹ ਆਏ ਤਾਂ ਕ੍ਰਿਸ਼ਨ ਜੀ ਨੇ ਉਹਨਾਂ ਦੇ ਚਰਨ ਧੋਤੇ ਤੇ ਜਦੋਂ ਉਹਨਾਂ ਭੋਜਨ ਪਾਇਆ ਤਾਂ ਘੰਟਾ ਵਜਿਆ। ਲੁਭਤੁ—ਸ਼ਿਕਾਰੀ ਜਿਸ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਬਾਣ ਮਾਰਿਆ। ਕ੍ਰਿਸ਼ਨ ਜੀ ਨੇ ਉਸਨੂੰ ਵੀ ਮੁਕਤ ਕਰ ਦਿੱਤਾ। ਅਜਾਮਲੁ—ਕਨੌਜ ਦਾ ਇਕ ਬ੍ਰਾਹਮਣ ਜੋ ਬੜਾ ਬਦਕਾਰ ਸੀ। ਕਿਸੇ ਸੰਤ ਨੇ ਕਿਰਪਾ ਕਰਕੇ ਉਸਨੂੰ ਆਪਣੇ ਪੁੱਤਰ ਦਾ ਨਾਮ ਨਾਰਾਇਣ ਰੱਖਣ ਲਈ ਕਹਿਆ! ਉਹ ਮੁਕਤ ਹੋ ਗਇਆ। ਗਨਿਕਾ ਇੱਕ ਵੇਸਵਾ ਸੀ। ਇਕ ਮਹਾਤਮਾ ਨੇ ਉਸਨੂੰ ਕਹਿਆ ਕਿ ਤੂੰ ਇੱਕ ਤੋਤਾ ਰਖ ਲੈ ਅਤੇ ਉਸ ਨੂੰ 'ਰਾਮ ਰਾਮ' ਕਹਿਣਾ ਸਿਖਾ। ਤੋਤੇ ਨੂੰ ਪੜ੍ਹਾਂਦਿਆਂ ਉਸ ਦੀ ਲਿਵ ਨਾਮ ਵਿਚ ਲੱਗ ਗਈ ਅਤੇ ਉਹ ਮੁਕਤ ਹੋ ਗਈ। ਕੁੰਚਰੁ—ਹਾਥੀ, ਜਿਸ ਦੀ ਲੱਤ ਤੰਦੂਏ ਨੇ ਦਰਿਆ ਵਿਚ ਫੜ ਲਈ ਸੀ। ਉਸ ਪ੍ਰਮੇਸ਼ਰ ਦਾ ਧਿਆਨ ਕੀਤਾ। ਵਿਸ਼ਨੂੰ ਜੀ ਨੇ ਚੱਕਰ ਨਾਲ ਤੰਦੂਏ ਦਾ ਸਿਰ ਕੱਟ ਦਿੱਤਾ। ਹਾਥੀ ਨੂੰ ਮੁਕਤੀ ਮਿਲ ਗਈ। ਇਹ ਚਾਰੇ ਕਥਾਵਾਂ ਪੁਰਾਣਾਂ ਵਿਚ ਵਿਦਮਾਨ ਹਨ।

ਭਗਤਿ ਬਿਸੇਖ

ਮਨੁੱਖ ਦੇ ਕੋਲ ਸੰਸਾਰੀ ਪਦਾਰਥ ਜਾਂ ਸੰਸਾਰ ਵੇਖਣ ਵਾਲੀਆਂ ਅੱਖਾਂ ਤਾਂ ਹਨ ਪਰ ਰੱਬੀ ਰਹਿਮਤਾਂ ਵੇਖਣ ਵਾਲੀਆਂ ਅੱਖਾਂ ਕੇਵਲ ਗੁਰੂ, ਪੀਰਾਂ, ਪੈਗ਼ੰਬਰਾਂ, ਭਗਤਾਂ ਕੋਲ ਹੁੰਦੀਆਂ ਹਨ। ਸੰਸਾਰ ਜੋ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ ਹੈ, ਉਸ ਤੋਂ ਉੱਤੇ ਰੱਬੀ ਰਹਿਮਤਾਂ ਵੇਖਣ ਲਈ ਗੁਰੂ ਜੀ ਕੋਲ ਜਾਣਾ ਪੈਂਦਾ ਹੈ। ਗੁਰੂ ਜੀ ਕਿਰਪਾ ਕਰਕੇ ਦੱਸਦੇ ਹਨ ਕਿ ਭਗਤੀ ਦੀ, ਰੱਬ ਦਾ ਨਾਮ ਜਪਣ ਦੀ ਕੀ ਵਿਸ਼ੇਸ਼ਤਾ ਹੈ। ਭਗਤੀ ਕਰਨ ਨਾਲ ਕੀ ਪ੍ਰਾਪਤੀ ਹੁੰਦੀ ਹੈ।

ਅਜੋਕੀ ਜ਼ਿੰਦਗੀ ਵੱਲ ਝਾਤ ਮਾਰੀਏ ਤਾਂ ਸਹਿਜੇ ਹੀ ਕਈ ਗੱਲਾਂ ਦਾ ਜਵਾਬ ਮਿਲ ਜਾਂਦਾ ਹੈ। ਇੱਕ ਦੋ ਉਦਾਹਰਣਾਂ ਦੀ ਸਾਂਝ ਪਾਉਣੀ ਯੋਗ ਹੋਵੇਗੀ। ਕਦੇ ਮੋਬਾਇਲ ਫ਼ੋਨ ਦੇਖਣਾ, ਪਹਿਲਾਂ ਪਹਿਲ ਇਸ ਦਾ ਇੱਕੋ ਕੰਮ ਸੀ ਕਿ ਫ਼ੋਨ ਰਾਹੀਂ ਗੱਲ ਕਰਨੀ, ਪਰ ਅੱਜ ਇਹੋ ਫ਼ੋਨ ਕਈ ਹੋਰ ਕੰਮ ਕਰਦਾ ਹੈ, ਕੈਮਰਾ ਹੈ, ਮੂਵੀ ਕੈਮਰਾ ਹੈ, ਕੈਲਕੁਲੇਟਰ ਹੈ, ਘੜੀ ਹੈ, ਅਲਾਰਮ ਹੈ ਭਾਵ ਕਈ ਸਹੂਲਤਾਂ ਨੂੰ ਇੱਕੋ ਥਾਂ ਇਕੱਠਾ ਕਰ ਦਿੱਤਾ ਹੈ। ਅੱਜ ਕਾਰਾਂ ਵਿੱਚ ਪਿਛਲੇ ਸਮੇਂ ਦੇ ਮੁਕਾਬਲੇ ਕਿੰਨਾ ਕੁਝ ਹੋਰ ਪਾ ਦਿੱਤਾ ਹੈ। ਦੁਕਾਨਾਂ 'ਤੇ ਕਈ ਤਰ੍ਹਾਂ ਦੀਆਂ ਲੋੜਾਂ ਇੱਕ ਹੀ ਥਾਂ 'ਤੇ ਇਕੱਠੀਆਂ ਕਰ ਦਿੱਤੀਆਂ ਹਨ। ਮਿਊਜ਼ਿਕ ਦੀ ਦੁਨੀਆਂ ਨੂੰ ਇੱਕ ਸੀ.ਡੀ. ਵਿੱਚ ਬੰਨ੍ਹ ਦਿੱਤਾ ਹੈ, ਭਾਵ ਅੱਜ ਸਭ ਚੀਜ਼ ਦਾ ਅਕਾਰ ਘਟਾ ਕੇ ਉਸ ਇੱਕੋ ਚੀਜ਼ ਵਿੱਚੋਂ ਅਨੇਕਾਂ ਚੀਜ਼ਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ।

ਬਸ ਇਸ ਤਰ੍ਹਾਂ ਹੀ ਜ਼ਿੰਦਗੀ ਦੀਆਂ ਅਨੇਕਾਂ ਲੋੜਾਂ ਹਨ। ਕਦੇ ਰੋਜ਼ੀ ਰੋਟੀ, ਦੇਹ ਅਰੋਗਤਾ, ਇੱਜ਼ਤ ਪਤਿ, ਸੁੱਖਾਂ ਭਰੀ ਜ਼ਿੰਦਗੀ, ਕਾਰੋਬਾਰ ਦਾ ਠੀਕ ਚੱਲਣਾ, ਪਰਿਵਾਰਕ ਇਤਫ਼ਾਕ, ਔਲਾਦ ਦਾ ਹੋਣਾ, ਔਲਾਦ ਦਾ ਸੁੱਖ, ਮਨ ਦੀ ਸ਼ਾਂਤੀ, ਘਰ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਸਮਾਂ ਚੰਗਾ, ਆਤਮਾ ਨੂੰ ਨਿਜ ਘਰ ਮਿਲ ਜਾਣਾ, ਹੋਰ ਵੀ ਅਜਿਹੇ ਅਨੇਕਾਂ ਜ਼ਿੰਦਗੀ ਦੇ ਸੁੱਖਾਂ ਦੀ ਗੱਲ ਸਾਹਿਬ ਜੀ ਆਖਦੇ ਹਨ ਕਿ ਇਹ ਸਭ ਕੁਝ ਪ੍ਰਮੇਸ਼ਰ ਜੀ ਨੇ ਪਹਿਲਾਂ ਤੋਂ ਹੀ ਇੱਕ ਥਾਂ 'ਤੇ ਇਕੱਠੀਆਂ ਕੀਤੀਆਂ ਹੋਈਆਂ ਹਨ। ਜੀਵ ਨੇ ਇੱਕੋ ਕੰਮ ਕਰਨਾ

ਹੈ, ਬਾਕੀ ਸਾਰੇ ਕੰਮ ਇਸ ਦੇ ਆਪਣੇ ਆਪ ਹੋ ਜਾਣੇ ਹਨ। ਉਹ ਇੱਕੋ ਇੱਕ ਕੰਮ ਹੈ ਹਰ ਤਰ੍ਹਾਂ ਦਾ ਕਰਮ ਕਾਂਡ ਤਿਆਗ ਕੇ ਕੇਵਲ ਰੱਬੀ ਬੰਦਗੀ ਕਰਨੀ। ਪਰ ਮਨੁੱਖ ਹੋਰ ਅਨੇਕਾਂ ਕਰਮ ਤਾਂ ਕਰ ਲੈਂਦਾ ਹੈ, ਪਰ ਬੰਦਗੀ ਨਹੀਂ ਕਰ ਸਕਦਾ। ਤੀਰਥਾਂ 'ਤੇ ਜਾ ਸਕਦਾ ਹੈ, ਬ੍ਰਤ ਰੱਖ ਸਕਦਾ ਹੈ, ਦਾਨ ਪੁੰਨ, ਹੋਰ ਅਨੇਕਾਂ ਜੋਗੀਆਂ ਜਾਂ ਪਾਖੰਡੀ ਬਾਬਿਆਂ ਦੇ ਦੱਸੇ ਕਰਮ ਕਰ ਸਕਦਾ ਹੈ, ਪਰ ਬੰਦਗੀ ਤੋਂ ਹਮੇਸ਼ਾ ਕਿਨਾਰਾ ਕਰਦਾ ਹੈ, ਪਰ ਸਾਹਿਬ ਆਖਦੇ ਹਨ :

ਜਪਹੁ ਤ ਏਕੋ ਨਾਮਾ ॥
ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ (ਪੰਨਾ ੭੨੮)

ਭਗਤੀ ਦੀ ਵਿਸ਼ੇਸਤਾ ਨੂੰ ਪ੍ਰਗਟ ਕਰਦਾ ਇੱਕ ਅੰਮ੍ਰਿਤ ਬਚਨ ਹੈ :

ਐਸੋ ਸਹਾਈ ਹਰਿ ਕੋ ਨਾਮ ॥
ਸਾਧਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ ॥
ਬੂਡਤ ਕਉ ਜੈਸੇ ਬੇੜੀ ਮਿਲਤ ॥
ਬੂਝਤ ਦੀਪਕ ਮਿਲਤ ਤਿਲਤ ॥
ਜਲਤ ਅਗਨੀ ਮਿਲਤ ਨੀਰ ॥
ਜੈਸੇ ਬਾਰਿਕ ਮੁਖਹਿ ਖੀਰ ॥੧॥
ਜੈਸੇ ਰਣ ਮਹਿ ਸਖਾ ਭ੍ਰਾਤ ॥
ਜੈਸੇ ਭੂਖੇ ਭੋਜਨ ਮਾਤ ॥
ਜੈਸੇ ਕਿਰਖਹਿ ਬਰਸ ਮੇਘ ॥
ਜੈਸੇ ਪਾਲਨ ਸਰਨਿ ਸੇਂਘ ॥੨॥
ਗਰੁੜ ਮੁਖਿ ਨਹੀ ਸਰਪ ਤ੍ਰਾਸ ॥
ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥
ਜੈਸੋ ਆਂਡੋ ਹਿਰਦੇ ਮਾਹਿ ॥
ਜੈਸੋ ਦਾਨੋ ਚਕੀ ਦਰਾਹਿ ॥੩॥
ਬਹੁਤੁ ਓਪਮਾ ਥੋਰ ਕਹੀ ॥
ਹਰਿ ਅਗਮ ਅਗਮ ਅਗਾਧਿ ਤੁਹੀ ॥
ਊਚ ਮੂਚੌ ਬਹੁ ਅਪਾਰ ॥
ਸਿਮਰਤ ਨਾਨਕ ਤਰੇ ਸਾਰ ॥੪॥੩॥ (ਪੰਨਾ ੬੯੬-੯੭)

ਇੱਕੋ ਹੀ ਹਰੀ ਦਾ ਜਪਿਆ ਨਾਮ ਜ਼ਿੰਦਗੀ ਦੇ ਤਮਾਮ ਕਾਰਜਾਂ ਨੂੰ ਸਵਾਰ ਦਿੰਦਾ ਹੈ, ਪਰ ਹੋਰ ਅਨੇਕਾਂ ਕਰਮ ਕਾਂਡ ਰਸਤੇ ਵਿੱਚ ਹੀ ਲੁੱਟੇ ਜਾਂਦੇ ਹਨ। ਇਸੇ ਲਈ ਸਾਹਿਬ ਜੀ ਨੇ ਮਿਸਾਲਾਂ ਦੇ ਦੇ ਸਾਨੂੰ ਸਮਝਾਇਆ ਹੈ :

ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ ਰਹਾਉ ॥

(ਪੰਨਾ ੧੧੨੪)

ਰੱਬੀ ਭਗਤੀ ਦੀ ਵਿਸ਼ੇਸ਼ਤਾ ਦੇਖ ਕਿ ਬਾਲਮੀਕ ਕਿਸ ਜਾਤ ਦਾ ਸੀ, ਪਰ ਭਗਤੀ ਨੇ ਕਿਥੇ ਰੁਤਬਾ ਦਿਵਾ ਦਿੱਤਾ ਹੈ। ਕਹਿੰਦੇ ਹਨ ਕਿ ਪਾਂਡਵਾਂ ਨੇ ਜੱਗ ਕੀਤਾ। ਜੇਕਰ ਜਗ ਪ੍ਰਵਾਨ ਹੋ ਜਾਵੇ ਤਾਂ ਰੱਬੀ ਦਰਗਾਹ ਵਿੱਚੋਂ ਇੱਕ ਘੰਟਾ ਖੜਕਣ ਦੀ ਅਵਾਜ਼ ਆਉਂਦੀ ਹੈ, ਪਰ ਉਹ ਨਾ ਆਈ। ਪੜਤਾਲ ਕਰਨ 'ਤੇ ਪਤਾ ਲੱਗਾ ਕਿ ਬਾਲਮੀਕ ਮਹਾਨ ਰਿਸ਼ੀ ਜਗ ਵਿੱਚ ਨਹੀਂ ਆਇਆ। ਫਿਰ ਬੁਲਾਇਆ ਗਿਆ। ਕ੍ਰਿਸ਼ਨ ਜੀ ਨੇ ਪੈਰ ਧੋਤੇ, ਭੋਜਨ ਛਕਾਇਆ ਤਾਂ ਉਸ ਵੇਲੇ ਹੀ ਜੱਗ ਨੂੰ ਪ੍ਰਵਾਨਗੀ ਮਿਲ ਗਈ। ਸਾਹਿਬ ਆਖਦੇ ਹਨ ਕਿ ਇਹ ਰੱਬੀ ਬੰਦਗੀ ਦੀ ਵਿਸ਼ੇਸ਼ਤਾਈ ਹੈ। ਹੇ ਮਨਾ! ਤੂੰ ਬਾਲਮੀਕ ਜੀ ਵੱਲ ਦੇਖਕੇ ਹੀ ਰੱਬ ਨੂੰ ਚੇਤੇ ਕਰ ਲੈ:

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥

(ਪੰਨਾ ੭੩੩)

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥
ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥

(ਪੰਨਾ ੧੧੨੪)

ਰੱਬੀ ਕਿਰਪਾ ਨਾਲ ਕਿਸੇ ਨੂੰ ਚੰਗੀ ਕੁਲ ਵੀ ਨਸੀਬ ਹੋਵੇ, ਬ੍ਰਾਹਮਣੀ ਸੋਚ ਅਨੁਸਾਰ ਛੇ ਕਰਮਾਂ ਦਾ ਧਾਰਨੀ ਹੋਵੇ ਪਰ ਜੇਕਰ ਉਸ ਦੇ ਹਿਰਦੇ ਵਿੱਚ ਰੱਬੀ ਯਾਦ ਨਹੀਂ ਅਤੇ ਨਾ ਹੀ ਹਰੀ ਦੀ ਕਥਾ ਭਾਵ ਵੀਚਾਰ ਚੰਗੀ ਲੱਗਦੀ ਹੋਵੇ, ਅਸਲ ਵਿੱਚ ਉਹ ਪੁਰਖ ਚੰਡਾਲ ਹੈ ਨਾ ਕਿ ਬ੍ਰਾਹਮਣੀ ਸੋਚ ਅਨੁਸਾਰ ਜਾਤਾਂ ਆਦਿਕ ਦੀ ਵੰਡ ਵਾਲਾ ਕੋਈ ਚੰਡਾਲ ਹੈ। ਅਸਲ ਵਿੱਚ:

ਖਸਮੁ ਵਿਸਾਰਹਿ ਤੇ ਕਮਜਾਤਿ ॥
ਨਾਨਕ ਨਾਵੈ ਬਾਝੁ ਸਨਾਤਿ ॥੪॥੩॥ (ਪੰਨਾ ੧੦)

ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥
ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥ (ਪੰਨਾ ੧੧੨੪)

ਕੋਈ ਕੁੱਤਿਆਂ ਦਾ ਵੈਰੀ ਭਾਵ ਚੰਡਾਲ ਹੋਵੇ, ਸਭ ਤੋਂ ਨੀਵੀਂ ਜਾਤਿ ਹੋਵੇ, ਪਰ ਉਹ ਕ੍ਰਿਸ਼ਨ ਭਾਵ ਪ੍ਰਮੇਸ਼ਰ ਨਾਲ ਆਪਣਾ ਚਿੱਤ ਲਾ ਲਵੇ ਤਾਂ ਲੋਕ ਤਾਂ ਕੇਵਲ ਉਸ ਦੀ ਜਾਤ ਜਨਮ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ, ਪਰ ਉਹ ਧਾਰਮਿਕ ਤੌਰ 'ਤੇ ਤਿੰਨਾਂ ਲੋਕਾਂ ਦੀ ਉਪਮਾ ਦਾ ਪਾਤਰ ਬਣ ਚੁੱਕਾ ਹੈ:

ਜਿਸੁ ਨੀਚ ਕਉ ਕੋਈ ਨ ਜਾਨੈ ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥ *(ਪੰਨਾ ੩੮੬)*

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥
(ਪੰਨਾ ੧੧੨੪)

ਰੱਬੀ ਭਗਤੀ ਦੀ ਵਿਸ਼ੇਸ਼ਤਾ ਪ੍ਰਗਟ ਕਰਦਿਆਂ ਰਵਿਦਾਸ ਜੀ ਆਖਦੇ ਹਨ ਕਿ ਅਜਾਮਲ, ਵੇਸਵਾ (ਪਿੰਗਲਾ), ਲੁਭਿਤ, ਜਿਸਨੇ ਕ੍ਰਿਸ਼ਨ ਜੀ ਦੇ ਪੈਰਾਂ ਵਿੱਚ ਤੀਰ ਮਾਰਿਆ ਤੇ ਕ੍ਰਿਸ਼ਨ ਜੀ ਨੇ ਉਸਨੂੰ ਮਾਫ਼ ਕਰ ਦਿੱਤਾ। ਉਹ ਹਾਥੀ ਜਿਸਨੂੰ ਪੁਰਾਣੇ ਸਰਾਪ ਕਰਕੇ ਤੰਦੂਏ ਨੇ ਪਕੜ ਲਿਆ ਸੀ, ਰੱਬੀ ਯਾਦ ਨਾਲ ਮੁਕਤ ਹੋ ਗਿਆ ਸੀ। ਇਹ ਸਭ ਬੰਦਗੀ ਦਾ ਲੜ ਪਕੜ ਕੇ ਪਰਮੇਸ਼ਰ ਤੱਕ ਪਹੁੰਚ ਗਏ, ਫਿਰ ਜੇਕਰ ਅਸੀਂ ਵੀ ਉਸ ਦੀ ਬੰਦਗੀ ਦਾ ਸਹਾਰਾ ਲਵਾਂਗੇ ਤਾਂ ਸਾਨੂੰ ਵੀ ਵਾਹਿਗੁਰੂ ਬਖ਼ਸ਼ ਕੇ ਆਪਣੇ ਨਾਲ ਮਿਲਾ ਲਵੇਗਾ।

ਤੱਤਸਾਰ

ਕੁਦਰਤ ਦਾ ਨੇਮ ਹੈ ਕਿ ਲਗਪਗ ਹਰ ਚੀਜ਼ ਨਾਲ ਕੁਝ ਫੋਕਟ ਅਤੇ ਕੁਝ ਗੁਣ ਹੁੰਦਾ ਹੈ। ਅਸਲੀਅਤ ਇਹ ਹੈ ਕਿ ਫੋਕਟ ਤਿਆਗ ਕੇ ਗੁਣ ਦੀ ਸਾਂਝ ਪਾਉਣੀ ਹੁੰਦੀ ਹੈ, ਪਰ ਅਨਜਾਣ ਲੋਕ ਫੋਕਟ ਵਿੱਚ ਹੀ ਭਟਕਦੇ ਰਹਿ ਜਾਂਦੇ ਹਨ, ਪਰ ਦੂਜੇ ਪਾਸੇ ਗੁਣਾਂ ਦੇ ਧਾਰਨੀ ਨਿਰੰਕਾਰੀ ਗੋਦ ਵਿੱਚ ਜਾ ਪਹੁੰਚੇ ਹਨ। ਇਸੇ ਤਰ੍ਹਾਂ ਸੰਸਾਰੀ ਲੋਕ ਜਾਤਾਂ ਆਦਿ ਫੋਕਟ ਵਿੱਚ ਗੁਆਚੇ ਰਹਿੰਦੇ ਹਨ, ਪਰ ਬੰਦਗੀ ਦੀ ਵਿਸ਼ੇਸ਼ਤਾ ਜਾਨਣ ਵਾਲੇ ਸਾਂਈਂ ਦਾ ਰੂਪ ਹੋ ਜਾਂਦੇ ਹਨ:

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥
(ਪੰਨਾ ੬੬੭)

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰ ਪ੍ਰਸਾਦਿ ॥

ਬਿਨੁ ਦੇਖੇ ਉਪਜੈ ਨਹੀ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥੧॥
ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥
ਸੋ ਮੁਨਿ ਮਨ ਕੀ ਦੁਬਿਧਾ ਖਾਇ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥
ਕਰਤਾ ਹੋਇ ਸੁ ਅਨਭੈ ਰਹੈ ॥੨॥
ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥

(ਪੰਨਾ ੧੧੬੭)

ਬਰਨ ਸਹਿਤ—ਸਣੇ ਉਸਤਤ ਦੇ, ਮਤਲਬ ਸਮਝ ਕੇ। ਕੇਵਲ—ਕੇਵਲ ਉਹੋ ਜੋਗੀ। ਬਿਨੁ ਦੁਆਰੇ—ਜਿਸ ਦੀਆਂ ਇੰਦ੍ਰੀਆਂ ਨਹੀਂ ਭਾਵ ਨਿਰੰਕਾਰ ਵਿੱਚ। ਅਨਭੈ—ਅਨੁਭਵ, ਸਾਖਿਅਤ ਗਿਆਨ। ਬਿਲਾਇ—ਨਾਸ ਹੋ ਜਾਂਦੇ ਹਨ। ਦਧਿ—ਦਹੀਂ।

ਪਰਚੈ ਰਾਮੁ

ਪ੍ਰਭੂ ਭਗਤੀ ਦਾ ਸਹਾਰਾ ਲੈ ਕੇ ਮਨ ਨੇ ਆਪਣੇ ਮੂਲ ਦੀ ਪਹਿਚਾਣ ਤੱਕ ਦਾ ਸਫ਼ਰ ਤਹਿ ਕਰਨਾ ਹੈ। ਮਨ ਆਪਣਾ ਪਿਛੋਕੜ ਸਮਝ ਲਵੇ ਤਾਂ ਆਤਮਾ ਰੂਪ ਹੋ ਕੇ ਪਰਮਾਤਮਾ ਤੱਕ ਪਹੁੰਚ ਸਕਦਾ ਹੈ।

ਮਾਇਕੀ ਪਦਾਰਥਾਂ ਦੀ ਖਿੱਚ, ਰਸਾਂ ਕਸਾਂ ਦੇ ਚਸਕੇ ਇਸ ਨੂੰ ਆਪਣੇ ਵਾਲੇ ਪਾਸੇ ਅਜਿਹਾ ਪਰਚਾ ਲੈਂਦੇ ਹਨ ਕਿ ਇਹ ਸਾਰੀ ਉਮਰ ਇਹਨਾਂ ਨਾਲ ਹੀ ਪਰਚਿਆ ਰਹਿੰਦਾ ਹੈ, ਜ਼ਿੰਦਗੀ ਦੇ ਅਸਲ ਮਨੋਰਥ ਨੂੰ ਭੁਲਿਆ ਹੀ ਰਹਿੰਦਾ ਹੈ। ਮਨ ਦੇ ਭੁਲਾਉਣ ਲਈ ਤਾਂ ਵੈਸੇ ਹੀ ਵਿਕਾਰਾਂ ਦਾ ਜਾਲ ਬਹੁਤ ਹੈ, ਕਦੇ ਕਾਮ, ਕਦੇ ਕਰੋਧ, ਲੋਭ ਮੋਹ ਅਹੰਕਾਰ, ਪਰਿਵਾਰਕ ਮੋਹ ਮਮਤਾ ਤੇ ਪ੍ਰਾਪਤੀਆਂ, ਪਦਵੀਆਂ ਦਾ ਮਾਣ, ਆਦਿਕ ਬਹੁਤ ਹਨ, ਪਰ ਮਾਇਆ ਨੇ ਹੋਰ ਸਾਇੰਸ ਦੀ ਸਹੂਲਤ ਨਾਲ ਇਸਨੂੰ ਪਰਚਾਈ ਰੱਖਣ ਦੇ ਸਾਧਨ ਦਿਨ ਪ੍ਰਤੀ ਦਿਨ ਇਸਨੂੰ ਦੇ ਕੇ ਆਪਣੇ ਵਾਲੇ ਪਾਸੇ ਲਾਇਆ ਹੋਇਆ ਹੈ। ਹੁਣ ਇਸ ਨੂੰ ਦੁਨੀਆਂ ਦੇ ਪ੍ਰਚਾਵੇ ਤਾਂ ਬਹੁਤ ਚੰਗੇ ਲੱਗਦੇ ਹਨ, ਪਰ ਸੱਚ ਦੀ ਪ੍ਰਾਪਤੀ ਤੋਂ ਸੱਖਣਾ ਹੈ।

ਆਮ ਦੁਨੀਆਂ ਮਾਇਆ ਦੇ ਇਹਨਾਂ ਤਿੰਨ ਸਾਧਨਾਂ ਵਿੱਚ ਪਰਚੀ ਹੋਈ ਹੈ: 1. ਸ਼ਰਾਬ ਭਾਵ ਨਸ਼ਿਆਂ ਵਿੱਚ; 2. ਸ਼ਬਾਬ ਭਾਵ ਰੰਗ ਰੂਪ ਵਿੱਚ; 3. ਕਬਾਬ ਭਾਵ ਖਾਣ ਪੀਣ, ਰਸ ਕਸ ਵਿੱਚ। ਪ੍ਰਮੇਸ਼ਰ ਜੀ ਨੇ ਇਹਨਾਂ ਤੋਂ ਕੱਢ ਕੇ ਇਸ ਦੇ ਪ੍ਰਚਾਵੇ ਲਈ ਸੱਚੀਆਂ ਦਾਤਾਂ ਦਿੱਤੀਆਂ ਸਨ। ਸ਼ਰਾਬ ਦੀ ਥਾਂ 'ਤੇ ਨਾਮ ਦਾ ਨਸ਼ਾ, ਸ਼ਬਾਬ ਦੀ ਥਾਂ 'ਤੇ ਹਰ ਪਾਸੇ ਰੱਬੀ ਰੂਪ ਤੱਕਣਾ ਅਤੇ ਕਬਾਬ ਦੀ ਥਾਂ 'ਤੇ ਹਰਿ ਰਸ ਦਾ ਧਾਰਨੀ ਹੋਣਾ। ਵਿਕਾਰੀ ਰਸਾਂ ਵਿੱਚ ਖਚਤ ਹੋਣ ਕਰਕੇ ਇਹ ਇਹਨਾਂ ਤੋਂ ਦਰਕਿਨਾਰਾ ਹੀ ਕਰਦਾ ਰਿਹਾ। ਵੈਸੇ ਵੀ ਗੁਰਮਤਿ ਦੇ ਸੁਨਹਿਰੀ ਅਸੂਲ ਹਨ ਕਿ ਪੂਜਾ ਅਕਾਲ ਕੀ, ਦੀਦਾਰ ਖ਼ਾਲਸੇ ਕਾ ਤੇ ਪਰਚਾ ਸ਼ਬਦ ਕਾ। ਭਾਵ ਜੇ ਮਨ ਪਰਚਾਵਾ ਕਰਨਾ ਹੈ ਤਾਂ ਰੱਬੀ ਬਾਣੀ ਦੇ ਸ਼ਬਦਾਂ ਨੂੰ ਵੀਚਾਰ ਕੇ ਪੜ੍ਹੀਏ, ਫਿਰ ਮਨ ਐਸਾ ਪਰਚ ਜਾਂਦਾ ਹੈ ਕਿ ਦੁਨੀਆਂ ਦੇ ਕੋਈ ਵੀ ਰਸ ਕਸ ਇਸ ਨੂੰ ਅਪਣਾ ਗ਼ੁਲਾਮ ਨਹੀਂ ਬਣਾ ਸਕਦੇ। ਸਤਿਗੁਰੂ ਜੀ ਤਾਂ ਹਰ ਪਲ ਹੋਕਾ ਦਿੰਦੇ ਹਨ ਕਿ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (ਪੰਨਾ ੪੪੧)

ਪਰ ਇਹ ਮਾਇਆਧਾਰੀ ਅਤਿ ਅੰਨਾ ਬੋਲਾ ਹੋਣ ਕਰਕੇ ਸਮਝ ਨਹੀਂ ਪਾ ਰਿਹਾ:

ਪਰਚੈ ਰਾਮੁ ਰਵੈ ਜਉ ਕੋਈ ॥
ਪਾਰਸੁ ਪਰਸੈ ਦੁਬਿਧਾ ਨ ਹੋਈ ॥੧॥ ਰਹਾਉ ॥ (ਪੰਨਾ ੧੧੬੭)

ਪਾਰਸ ਵਿੱਚ ਇਹ ਰੱਬੀ ਗੁਣ ਹੈ ਕਿ ਜਦੋਂ ਇਸ ਦੇ ਨਾਲ ਤਾਂਬਾ ਸਪਰਸ਼ ਕਰ ਜਾਂਦਾ ਹੈ ਤਾਂ ਇਸ ਵਿੱਚ ਦੁਬਿਧਾ ਨਹੀਂ ਕਿ ਉਹ ਸੋਨਾ ਨਹੀਂ ਬਣੇਗਾ। ਸੋਨਾ ਬਣੇਗਾ ਪਰ ਜੇ ਨਾਲ ਛੂਹ ਜਾਏ। ਅੰਮ੍ਰਿਤ ਬਚਨ ਹੈ:

ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥
ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥ (ਪੰਨਾ ੧੧੫੮)

ਇਸੇ ਤਰ੍ਹਾਂ ਜਦੋਂ ਇਹ ਮਨ ਪ੍ਰਮੇਸ਼ਰ ਜੀ ਦੇ ਨਾਮ ਨਾਲ ਪਰਚ ਜਾਂਦਾ ਹੈ ਤਾਂ ਇਹ ਯਕੀਨੀ ਰਾਮ ਦਾ ਰੂਪ ਹੋ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ ਕਿ:

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥
(ਪੰਨਾ ੧੧੨੭-੨੮)

ਬਿਨੁ ਦੇਖੇ ਉਪਜੈ ਨਹੀ ਆਸਾ ॥
ਜੋ ਦੀਸੈ ਸੋ ਹੋਇ ਬਿਨਾਸਾ ॥
ਬਰਨ ਸਹਿਤ ਜੋ ਜਾਪੈ ਨਾਮੁ ॥
ਸੋ ਜੋਗੀ ਕੇਵਲ ਨਿਹਕਾਮੁ ॥੧॥ (ਪੰਨਾ ੧੧੬੭)

ਇੱਕ ਮਾਨੋ ਸਵਾਲ ਜਵਾਬ ਰਾਹੀਂ ਸਾਹਿਬ ਜੀ ਸਮਝਾਉਂਦੇ ਹਨ ਕਿ ਜਿਹੜੀ ਚੀਜ਼ ਦੇਖੀ ਨਹੀਂ ਉਸ ਪ੍ਰਤੀ ਮਿਲਾਪ ਦਾ ਚਾਅ ਪੈਦਾ ਨਹੀਂ ਹੁੰਦਾ। ਜੋ ਕੁਝ ਸਾਡੀ ਨਜ਼ਰ ਦੇਖਦੀ ਹੈ ਉਹ ਬਿਨਸਨਹਾਰ ਹੈ। ਸਾਡੀਆਂ ਅੱਖਾਂ ਦੇ ਸਾਹਮਣੇ ਹੀ ਬਿਨਸ ਰਿਹਾ ਹੈ ਫਿਰ ਅਸੀਂ ਉਸ ਵਾਹਿਗੁਰੂ ਜੀ ਨਾਲ ਆਪਣੀਆਂ ਪ੍ਰੀਤਾਂ-ਗੰਢਾਂ ਕਿਵੇਂ ਪਾਈਏ? ਤਾਂ ਮੇਰੇ ਸਾਂਈਂ ਜੀ ਸੁਮਤਿ ਰੂਪ ਜਵਾਬ ਦਿੰਦੇ ਹਨ ਕਿ ਜਿਹੜਾ ਵੀ ਜੋਗੀ ਭਾਵ ਜਗਿਆਸੂ ਕਾਮਨਾ ਰਹਿਤ ਹੋ ਕੇ ਉਸਦਾ ਨਾਮ ਜਪਦਾ ਹੈ, ਉਹ ਯਕੀਨੀ ਪਰਮ ਪਦਵੀ ਨੂੰ ਪ੍ਰਾਪਤ ਕਰਦਾ ਹੈ। ਸ਼ਰਤ ਸਿਰਫ਼ ਇੱਕੋ ਹੀ ਹੈ ਕਿ ਉਹ ਜਿਵੇਂ ਪਾਰਸ ਨੂੰ ਤਾਂਬਾ ਛੂਹ ਗਿਆ ਤੇ ਫਿਰ ਉਹ ਸੋਨਾ ਹੀ ਹੋ ਜਾਏਗਾ, ਇਸੇ ਤਰ੍ਹਾਂ ਜੇ ਕਰ ਮਨ ਪਰਚ ਗਿਆ ਫਿਰ ਰਾਮ ਰੂਪ ਹੋ ਹੀ ਜਾਵੇਗਾ:

ਜੋ ਪ੍ਰਾਣੀ ਗੋਵਿੰਦੁ ਧਿਆਵੈ ॥
ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥ (ਪੰਨਾ ੧੯੭)

ਸੋ ਮੁਨਿ ਮਨ ਕੀ ਦੁਬਿਧਾ ਖਾਇ ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥
ਮਨ ਕਾ ਸੁਭਾਉ ਸਭੁ ਕੋਈ ਕਰੈ ॥
ਕਰਤਾ ਹੋਇ ਸੁ ਅਨਭੈ ਰਹੈ ॥੨॥ (ਪੰਨਾ ੧੧੬੭)

ਅਸਲੀ ਧਰਮੀ (ਗੁਨੀ) ਉਹੋ ਹੀ ਹੈ ਜੋ ਤਿੰਨਾਂ ਲੋਕਾਂ ਵਿੱਚ ਇੱਕ ਪ੍ਰਕਾਸ਼ ਹੀ ਵੇਖਦਾ ਹੈ, ਉਸਦੇ ਮਨ ਦੀ ਦੁਬਿਧਾ ਨਾਸ ਹੋ ਜਾਂਦੀ ਹੈ। ਮਨ ਦੀ ਦੁਬਿਧਾ ਉੱਨਾ ਚਿਰ ਹੀ ਹੈ ਜਿੰਨਾ ਚਿਰ ਮਨ ਹਰੀ ਨਾਲ ਪਰਚਦਾ ਨਹੀਂ। ਸਾਰੀ ਕਾਇਨਾਤ ਵਿੱਚ ਹਰ ਕੋਈ ਮਨ ਦੇ ਸੁਭਾਅ ਅਨੁਸਾਰ ਹੀ ਚੱਲਦਾ ਹੈ। ਪਰ ਧਰਮੀ ਮਨ ਨੂੰ ਆਪਣੇ ਅਨੁਸਾਰ ਭਾਵ ਗੁਰੂ ਬਚਨਾਂ ਅਨੁਸਾਰ ਤੋਰਦਾ ਹੈ। ਉਹ ਮਨ ਦਾ ਕਹਿਆ ਨਹੀਂ ਸਗੋਂ ਗੁਰੂ ਦਾ ਕਹਿਆ ਕਮਾਉਂਦਾ ਹੈ:

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥ (ਪੰਨਾ ੧੧੨੮)

ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩॥ (ਪੰਨਾ ੧੧੬੭)

ਬਨਾਸਪਤੀ 'ਤੇ ਆਏ ਫੁੱਲ ਅਸਲ ਵਿੱਚ ਫਲ ਦੀ ਆਮਦ ਦਾ ਸੁਨੇਹਾ ਹੈ। ਫੁੱਲ ਨੇ ਤਾਂ ਆਪ ਹੀ ਝੜ ਜਾਣਾ ਹੈ, ਉਸਨੂੰ ਝਾੜਨ ਦੀ ਲੋੜ ਨਹੀਂ, ਸਾਂਭਣ ਦੀ ਲੋੜ ਤਾਂ ਫਲ ਨੂੰ ਹੁੰਦੀ ਹੈ। ਇਸੇ ਤਰ੍ਹਾਂ ਗਿਆਨ ਦੀ ਪ੍ਰਾਪਤੀ ਲਈ ਕਰਮ ਦੀ ਲੋੜ ਹੈ। ਜਦੋਂ ਗਿਆਨ ਪ੍ਰਾਪਤ ਹੋ ਗਿਆ, ਗਿਆਨ ਰੂਪ ਫਲ ਸੰਭਾਲ ਲਿਆ ਤਾਂ ਕਰਮ ਤਾਂ ਆਪੇ ਬਦਲਕੇ ਧਰਮ ਹੋ ਜਾਣਾ ਹੈ। ਭੁੱਲੜੇ ਲੋਕ ਹਨ ਜਿਹੜੇ ਕੇਵਲ ਕਰਮ ਨਾਲ ਹੀ ਪਰਚੇ ਰਹਿੰਦੇ ਹਨ। ਜਿਵੇਂ ਇਹ ਯਕੀਨੀ ਹੈ ਕਿ ਫੁੱਲ ਮਗਰੋਂ ਫਲ ਦੀ ਪ੍ਰਾਪਤੀ ਹੈ ਤਾਂ ਇਹ ਵੀ ਯਕੀਨੀ ਹੈ ਕਿ ਰਾਮ ਨਾਲ ਪਰਚੇ ਮਨ ਨੇ ਇੱਕ ਦਿਨ ਕਰਮ ਤੋਂ ਅੱਗੇ ਧਰਮ ਭਾਵ ਰੱਬ ਤੱਕ ਸਾਂਝ ਬਣਾ ਲੈਣੀ ਹੈ:

ਇਸੁ ਮਨ ਕਉ ਨਹੀ ਆਵਨ ਜਾਨਾ ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥੬॥ (ਪੰਨਾ ੩੩੦)

ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥

ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥ (ਪੰਨਾ ੧੧੬੭)

ਰਵਿਦਾਸ ਜੀ ਮਹਾਰਾਜ ਆਖਦੇ ਹਨ ਕਿ ਜਦੋਂ ਇਹ ਸਪੱਸ਼ਟ ਹੈ ਕਿ ਘਿਉ ਦੀ ਪ੍ਰਾਪਤੀ ਲਈ ਦੁੱਧ ਦਾ ਦਹੀਂ ਰੂਪ ਬਣਾ ਕੇ ਰਿੜਕਣਾ ਜ਼ਰੂਰੀ ਹੈ ਅਤੇ ਇੱਕ ਸਿਆਣੀ ਔਰਤ ਇਸ ਸੱਚ ਨੂੰ ਜਾਣ ਕੇ ਅਜਿਹਾ ਕਰਦੀ ਹੈ ਤੇ ਘਿਉ ਦੀ ਪ੍ਰਾਪਤੀ ਕਰ ਲੈਂਦੀ ਹੈ। ਜਿਵੇਂ ਘਿਉ ਰਹਿੰਦਾ ਤਾਂ ਸਦਾ ਦੁੱਧ ਵਿੱਚ ਹੀ ਹੈ, ਪਰ ਪ੍ਰਗਟ ਕਰਨਾ ਚਾਹੇ ਤਾਂ ਉਹ ਪ੍ਰਗਟ ਵੀ ਹੋ ਜਾਂਦਾ ਹੈ, ਇਸੇ ਤਰ੍ਹਾਂ ਰੱਬ ਹੈ ਤਾਂ ਸਾਰਿਆਂ ਵਿੱਚ ਹੀ ਪਰ ਗੁਰਮੁਖ ਨੇ ਉਸ ਨੂੰ ਪ੍ਰਗਟ ਕਰ ਜੀਵਨ ਮੁਕਤ ਕਰ ਲਿਆ ਹੈ। ਇਤਨਾ ਸਪੱਸ਼ਟ ਕਰਨ ਦੇ ਬਾਵਜੂਦ ਵੀ ਜਿਹੜਾ ਰਾਮ ਨਾਲ ਨਹੀਂ ਪਰਚਦਾ ਭਾਵ ਰੱਬੀ ਯਾਦ ਵਿੱਚ ਨਹੀਂ ਜੁੜਦਾ, ਉਹ ਵਿਚਾਰਾ ਅਭਾਗਾ ਹੀ ਹੈ।

ਤੱਤਸਾਰ

ਧਾਰਮਿਕ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਕਿਰਿਆ ਮਨ ਦੀ ਹੈ, ਪਰ ਇਹ ਵੀ ਸੱਚ ਹੈ ਕਿ ਜਿਤਨਾ ਮਨ ਧਾਰਮਿਕ ਦੁਨੀਆਂ ਤੋਂ ਦੂਰ ਰਹਿੰਦਾ ਹੈ, ਉੱਨਾ ਹੋਰ ਕਿਸੇ ਕਾਰਜਾਂ ਵੇਲੇ ਨਹੀਂ। ਜੇ ਕਿਧਰੇ ਮਨ ਰੱਬ ਦੀ ਯਾਦ ਵਿੱਚ ਇਕਾਗਰਤਾ ਨਾਲ ਪਰਚ ਜਾਵੇ ਤਾਂ ਇੱਕ ਦਿਨ ਪ੍ਰਮੇਸ਼ਰ ਰੂਪ ਹੋ ਜਾਂਦਾ ਹੈ :

ਮਮਾ ਮੂਲ ਗਹਿਆ ਮਨੁ ਮਾਨੈ ॥
ਮਰਮੀ ਹੋਇ ਸੁ ਮਨ ਕਉ ਜਾਨੈ ॥
ਮਤ ਕੋਈ ਮਨ ਮਿਲਤਾ ਬਿਲਮਾਵੈ ॥
ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥ (ਪੰਨਾ ੩੪੨)

ਬਸੰਤ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਤੁਝਹਿ ਸੁਝੰਤਾ ਕਛੂ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥
ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥
ਫੇੜੇ ਕਾ ਦੁਖੁ ਸਹੈ ਜੀਉ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁੋ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥

(ਪੰਨਾ ੧੧੯੬)

ਊਭਿ—ਖੜੋ ਜਾਣਾ ਭਾਵ ਆਕੜ ਜਾਣਾ। ਲਵੈ—ਬੋਲਦਾ ਹੈ। ਖੂੰਬ—ਖੁੰਮਾਂ। ਰਾਜੁ—ਪ੍ਰਕਾਸ਼। ਕਲਤ੍ਰ—ਇਸਤਰੀ। ਕੰਕਰੁ—ਦਾਸ। ਫੇੜੇ ਕਾ—ਕੀਤੇ ਦਾ।

ਗਰਬਹਿ ਬਾਵਲੀ

ਬੰਦਾ ਸਾਰੀ ਜ਼ਿੰਦਗੀ ਮੈਂ ਅਤੇ ਮੇਰੀ ਇਹਨਾਂ ਦੋ ਸ਼ਬਦਾਂ ਦੇ ਦੁਆਲੇ ਹੀ ਘੁੰਮਦਾ ਰਹਿੰਦਾ ਹੈ, ਪਰ ਫਿਰ ਵੀ ਹੈਰਾਨੀ ਦੀ ਗੱਲ ਹੈ ਕਿ ਸਭ ਤੋਂ ਘੱਟ ਗਿਆਨ ਇਹਨਾਂ ਹੀ ਦੋ ਸ਼ਬਦਾਂ ਦਾ ਹੈ। ਮੈਂ ਦਾ ਹਰ ਸਵਾਲ ਅਧੂਰਾ ਲੈ ਕੇ ਹੀ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦਾ ਹੈ। ਜੋ ਕੁਝ ਮੈਂ ਹਾਂ, ਉਹ ਸਮਝ ਨਹੀਂ ਸਕਿਆ, ਜੋ ਸਮਝਦਾ ਰਿਹਾ, ਉਹ ਅਸਲ ਵਿੱਚ ਮੈਂ ਨਹੀਂ ਸੀ। ਇਸੇ ਤਰ੍ਹਾਂ ਹੀ ਮੇਰੀ ਦੀ ਕਹਾਣੀ ਹੈ। ਜੋ ਮੇਰੀ ਸੀ, ਉਹ ਸਮਝ ਨਹੀਂ ਆਈ, ਜੋ ਸਮਝ ਆਈ, ਉਹ ਮੇਰੀ ਨਹੀਂ ਸੀ।

ਉਹ ਪੁਰਖ ਕਿਤਨਾ ਸੁਭਾਗਾ ਹੈ ਜਿਹੜਾ ਇਹਨਾਂ ਦੀ ਅਸਲੀਅਤ ਨੂੰ ਜਾਣ ਲੈਂਦਾ ਹੈ। ਇਹਨਾਂ ਦੋ ਚੀਜ਼ਾਂ ਦੀ ਪਹਿਚਾਣ ਵਾਸਤੇ ਅਨੇਕਾਂ ਗੁਰੂ ਪੀਰ ਧਰਤੀ 'ਤੇ ਆਏ ਅਤੇ ਪਹਿਚਾਣ ਕਰਵਾਉਂਦੇ ਰਹੇ, ਪਰ ਅੱਜ ਵੀ ਇਨਸਾਨ ਇਹਨਾਂ ਦੋ ਚੀਜ਼ਾਂ ਤੋਂ ਉੱਨਾ ਹੀ ਅਨਜਾਣ ਹੈ। ਕਿੰਨੇ ਸੁਭਾਗੇ ਪਲ ਹੋਣਗੇ ਜਦੋਂ ਮੈਂ, ਮੈਂ ਨਾਲ ਗੱਲ ਕਰਦਾ ਹੋਵੇਗਾ। ਮੈਂ ਤੂੰ ਨਾਲ ਗੱਲ ਹਮੇਸ਼ਾਂ ਹੀ ਕਰਦਾ ਰਹਿੰਦਾ ਹੈ। ਇਥੋਂ ਤੱਕ ਕਿ ਦੋ ਪਾਤਰ ਆਪਣੀ ਇਕਾਂਤ ਦੀ ਦੁਨੀਆਂ ਵਿੱਚ ਵੀ ਸਿਰਜ ਲੈਂਦਾ ਹੈ। ਉਹ ਕਲਪਨਾ ਵਿੱਚ ਸਿਰਜੇ ਪਾਤਰ ਨਾਲ ਤਾਂ ਲੰਮਾ ਸਮਾਂ ਗੱਲਾਂ ਕਰ ਸਕਦਾ ਹੈ ਪਰ ਮੈਂ, ਮੈਂ (ਆਪ ਆਪਣੇ ਆਪੇ ਨਾਲ) ਨਾਲ ਸਾਰੀ ਜ਼ਿੰਦਗੀ ਗੱਲ ਨਹੀਂ ਕਰ ਸਕਦਾ, ਬਾਹਰ ਹੀ ਭਟਕਦਾ ਰਹਿੰਦਾ ਹੈ।

ਜਿਹਨਾਂ ਨੇ ਆਪਣੇ ਆਪੇ ਨਾਲ ਗੱਲ ਕੀਤੀ ਹੈ, ਉਹਨਾਂ ਨੇ ਆਪਣੇ ਸਰੀਰ ਅਤੇ ਸਰੀਰਕ ਅੰਗਾਂ ਨਾਲ ਵੀ ਗੱਲ ਕੀਤੀ ਹੈ। ਇਸ ਸ਼ਬਦ ਨੂੰ ਵੀਚਾਰਿਆਂ ਇਸ ਤਰ੍ਹਾਂ ਹੀ ਲੱਗਦਾ ਹੈ ਕਿ ਜਿਵੇਂ ਕਿਸੇ ਸੁਭਾਗੇ ਦੀ ਆਪਣੀ ਹੀ ਕਾਇਆਂ ਨਾਲ ਇੱਕ ਮੁਲਾਕਾਤ ਦਾ ਜ਼ਿਕਰ ਹੈ। ਇਸ ਮੁਲਾਕਾਤ ਵਿੱਚ ਉਹ ਸੱਚ ਸਮਝਾਇਆ ਗਿਆ ਹੈ ਜਿਸਨੂੰ ਉਹ ਸਮਝਣਾ ਨਹੀਂ ਚਾਹੁੰਦੀ। ਹੇ ਕਾਇਆਂ ! ਤੂੰ ਦੇਖ ਕਿੰਨੀ ਤਰ੍ਹਾਂ ਦਾ ਹੰਕਾਰ ਪਾਲ ਰੱਖਿਆ ਹੈ। ਸਭ ਤੋਂ ਪਹਿਲਾਂ ਆਪਣੀ ਸੁੰਦਰਤਾ ਦਾ ਹੀ ਹੰਕਾਰ ਹੈ। ਸੁੰਦਰਤਾ ਹੰਕਾਰ ਲਈ ਨਹੀਂ ਬਲਕਿ ਪਿਆਰ ਲਈ ਹੁੰਦੀ ਹੈ। ਤੂੰ ਭਲੀਏ, ਉੱਨਾ ਪਿਆਰ ਨਹੀਂ ਵੰਡਿਆ ਜਿੰਨਾ ਹੰਕਾਰ ਵੰਡਿਆ ਹੈ। ਦੂਜਾ ਇਸ ਕਾਇਆਂ ਨਾਲ ਹੰਢਾਏ ਦੁੱਖਾਂ ਸੁੱਖਾਂ ਦੀ

ਕਹਾਣੀ ਹਰ ਬੰਦਾ ਲਈ ਬੈਠਾ ਹੈ। ਜਦੋਂ ਵੀ ਕਿਸੇ ਦੇ ਕੋਲ ਬੈਠ ਕੇ ਦੇਖੋ ਉਸ ਕੋਲ ਦੁੱਖਾਂ ਸੁੱਖਾਂ ਦੀ ਇੱਕ ਵੱਖਰੀ ਕਿਸਮ ਦੀ ਕਹਾਣੀ ਮਿਲੇਗੀ। ਅਸਲ ਵਿੱਚ ਇਹ ਵੀ ਹੰਕਾਰ ਹੀ ਹੈ। ਸੰਸਾਰ ਵਿੱਚ ਕਮਾਏ ਧਨ, ਸਰੀਰ ਨਾਲ ਸੰਬੰਧਿਤ ਰਿਸ਼ਤੇ, ਧੀਆਂ ਪੁੱਤਰਾਂ ਆਦਿਕ ਦੇ, ਇਹ ਸਭ ਹੰਕਾਰ ਦਾ ਖਲਾਰਾ ਹੈ। ਇਸ ਸਭ ਨੇ ਬਦਲ ਜਾਣਾ ਹੈ, ਜਿਸ ਦਿਨ ਤੇਰੇ ਵਿੱਚ ਰੱਖੀ ਉਹ ਜੋਤਿ, ਜਿਸਦੇ ਰੱਖਣ ਨਾਲ ਦੁਨੀਆਂ ਵਿੱਚ ਤੂੰ ਆਇਆ, ਜਿਸ ਜੋਤਿ ਕਾਰਨ ਦੁਨੀਆਂ ਵਿੱਚ ਰਿਹਾ, ਮਾਲਿਕ ਨੇ ਕੱਢ ਲੈਣੀ ਹੈ। ਉਸ ਜੋਤਿ ਮਗਰੋਂ ਤੈਨੂੰ ਅੱਗ ਦੇ ਜਾਂ ਸਪੁਰਦੇ-ਖ਼ਾਕ ਕਰਨਾ ਪਵੇਗਾ। ਜੋਤਿ ਬਿਨਾਂ ਤੈਨੂੰ ਰੱਖਿਆ ਨਹੀਂ ਜਾ ਸਕਦਾ। ਸਾਰੀ ਦਿਹਾੜੀ ਕੰਮ ਕਾਰ ਕਰਦਿਆਂ ਹੌਲੀ ਹੌਲੀ ਉਮਰ ਹੀ ਲੰਘ ਗਈ, ਪਰ ਉਹ ਕੰਮ ਫਿਰ ਵੀ ਅਧੂਰਾ ਹੀ ਰਿਹਾ :

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ
ਸੁਖਦਾਤਾ ਮਨਿ ਨ ਵਸਾਇਆ ॥ *(ਪੰਨਾ ੬੪੪)*

ਆਉ ਅੱਜ ਜੀਵ ਆਪਣੀ ਹੀ ਕਾਇਆਂ ਨਾਲ ਮੁਲਾਕਾਤ ਕਰਕੇ ਸਮਝਾ ਰਿਹਾ ਹੈ। ਆਪਾਂ ਵੀ ਕੋਸ਼ਿਸ਼ ਕਰੀਏ, ਹੋ ਸਕਦਾ ਹੈ ਸਾਡਾ ਵੀ ਅਹਿਸਾਸ ਨਾਲ ਰਲ ਕੇ, ਮਹਿਸੂਸ ਕਰਕੇ ਗੁਰਮਤਿ ਦਾ ਮਾਰਗ ਅਪਣਾ ਸਕੇ :

ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
(ਪੰਨਾ ੧੧੯੬)

ਹੇ ਮੇਰੀ ਬਾਵਲੀ, ਦਿਵਾਨੀ ਕਾਇਆਂ ! ਤੂੰ ਕਿਸ ਗੱਲ ਦਾ ਹੰਕਾਰ ਕਰਦੀ ਹੈਂ। ਤੇਰੀ ਕਾਇਆਂ ਕੇਵਲ ਇੱਕ ਬਰਸਾਤ ਦੇ ਦਿਨਾਂ ਵਿੱਚ ਉੱਗੀ ਖੁੰਭ ਵਾਂਗੂੰ ਹੀ ਪੈਦਾ ਹੋਈ, ਖਿੜੀ ਅਤੇ ਚੱਲ ਵਸੀ :

ਤੁਝਹਿ ਸੁਝੰਤਾ ਕਛੂ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥ *(ਪੰਨਾ ੧੧੯੬)*

ਸਰੀਰ ਅਸਲ ਵਿੱਚ ਆਤਮਾ ਦਾ ਪਹਿਰਾਵਾ ਹੈ। ਪਹਿਰਾਵਾ ਹੀ ਹੰਕਾਰ ਵਿੱਚ ਆਕੜ ਜਾਏ ਤਾਂ ਉਸ ਦੀ ਕੀ ਖ਼ੂਬੀ ਹੈ ? ਹੰਕਾਰੀ ਨੂੰ ਤਾਂ ਵੈਸੇ ਹੀ ਕਿਧਰੇ ਥਾਂ ਟਿਕਾਣਾ ਨਹੀਂ ਹੁੰਦਾ ਪਰ ਤੇਰੀ ਤਾਂ ਮਾਨੋ ਗਰਦਨ 'ਤੇ ਕਾਂ ਤੇਰੀ ਥੋੜ ਚਿਰੀ ਜ਼ਿੰਦਗੀ ਦਾ ਸੁਨੇਹਾ ਦਿੰਦਾ ਹੈ, ਭਾਵ ਮੌਤ ਤੇਰੇ ਸਿਰ 'ਤੇ ਹੈ। ਤੈਨੂੰ ਹੰਕਾਰ ਦੀ ਥਾਂ ਤੇ ਅਸਲੀਅਤ ਪਹਿਚਾਨਣੀ ਚਾਹੀਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿੰਨੇਂ ਹੁਣ ਤੱਕ ਆਤਮਾ ਨੇ ਸਰੀਰ ਧਾਰਨ ਕੀਤੇ ਹਨ,

ਇਹ ਸਰੀਰ ਰੂਪ ਕੱਪੜਾ ਉਹਨਾਂ ਸਭਨਾਂ ਵਿੱਚੋਂ ਸੋਹਣਾ ਹੈ, ਪਰ ਸੋਹਣਾ ਸੋਹਣੇ ਪ੍ਰੀਤਮ ਦੇ ਮਿਲਾਪ ਲਈ ਹੈ ਨਾ ਕਿ ਹੰਕਾਰ ਕਰਨ ਲਈ ਹੈ। ਕਦੇ ਵੀ ਕੋਈ ਇਸਤਰੀ ਕੇਵਲ ਪਹਿਰਾਵੇ ਦਾ ਹੀ ਮਾਣ ਕਰਕੇ ਪਤੀ ਦੀ ਪਿਆਰੀ ਨਹੀਂ ਹੁੰਦੀ।

ਕਦੇ ਸੁਹਾਗਵਤੀ ਵੱਲ ਦੇਖਣਾ, ਪਹਿਰਾਵੇ ਤਾਂ ਉਹ ਪੇਕੇ ਘਰ ਵੀ ਪਾ ਰਹੀ ਸੀ, ਪਹਿਰਾਵਾ ਉਸਨੇ ਸਾਰੀ ਜ਼ਿੰਦਗੀ ਹੀ ਪਾਉਣਾ ਹੈ, ਪਰ ਜਿਹੜਾ ਪਹਿਰਾਵਾ ਪਹਿਨ ਕੇ ਉਸਨੇ ਪਤੀ ਮਿਲਾਪ ਲਈ ਜਾਣਾ ਹੈ ਭਾਵ ਵਿਆਹ ਵਾਲਾ ਪਹਿਰਾਵਾ, ਉਸ ਦਿਨ ਉਹ ਆਪਣੀ ਹੈਸੀਅਤ ਮੁਤਾਬਿਕ ਸਭ ਤੋਂ ਮਹਿੰਗਾ ਜਾਣ ਕੇ ਖ਼ਰੀਦਦੀ ਹੈ, ਸ਼ਿੰਗਾਰ ਕਰਦੀ ਹੈ, ਪਰ ਕੁਝ ਕਰਕੇ ਉਹ ਘਰ ਹੀ ਆਕੜ ਵਿੱਚ ਬੈਠੀ ਰਵ੍ਹੇ ਤੇ ਕੰਤ ਸੁਹੇਲੜੇ ਦਾ ਮਿਲਾਪ ਨਾ ਮਾਣ ਸਕੇ ਤਾਂ ਉਹ ਪਹਿਰਾਵਾ ਉਸ ਲਈ ਦੁਖਦਾਈ ਬਣ ਜਾਂਦਾ ਹੈ। ਦੂਜੇ ਪਾਸੇ ਜੇਕਰ ਮਿਲਾਪ ਖੱਟ ਲੈਂਦੀ ਹੈ ਤਾਂ ਉਸ ਪਹਿਰਾਵੇ ਨੂੰ ਸੰਭਾਲ ਸੰਭਾਲ ਰੱਖਦੀ ਹੈ:

ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥ *(ਪੰਨਾ ੧੧੯੬)*

ਜਿਸ ਤਰ੍ਹਾਂ ਮਾਲਿਕ ਨੇ ਮਿਰਗ ਦੇ ਅੰਦਰ ਹੀ ਕਸਤੂਰੀ ਦੀ ਦਾਤ ਰੱਖੀ ਹੋਈ ਹੈ ਅਤੇ ਉਸ ਨੂੰ ਖ਼ੁਸ਼ਬੋ ਵੀ ਆਉਂਦੀ ਹੈ, ਪਰ ਭਾਲਦਾ ਸਾਰੀ ਜ਼ਿੰਦਗੀ ਬਾਹਰ ਹੀ ਰਹਿੰਦਾ ਹੈ, ਕਦੇ ਅੰਦਰ ਤੋਂ ਕੋਸ਼ਿਸ਼ ਨਹੀਂ ਕਰਦਾ, ਇਸ ਤਰ੍ਹਾਂ ਹੀ ਸਭ ਕੁਝ ਇਸ ਤਨ ਵਿੱਚ ਹੀ ਹੈ, ਪਰ ਇਹ ਮ੍ਰਿਗ ਵਾਂਗ ਬਾਹਰ ਹੀ ਭਾਲਦਾ ਫਿਰਦਾ ਹੈ:

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
(ਪੰਨਾ ੬੪੪)

ਪਿਆਰ ਵਾਲਿਓ! ਸਰੀਰ ਦੇ ਚਾਰ ਪੜਾਅ ਸਮਝਣੇ ਬਹੁਤ ਜ਼ਰੂਰੀ ਹਨ। ਪਹਿਲਾ ਪੜਾਅ ਹੈ ਇਸ ਸਰੀਰ ਨੂੰ ਮਿੱਟੀ ਦਾ ਪੁਤਲਾ ਕਿਹਾ ਹੈ। ਅਜਿਹੇ ਕਈ ਪ੍ਰਮਾਣ ਹਨ:

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥੬੪॥
(ਪੰਨਾ ੧੩੬੭)

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥
ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥੧੭੯॥
(ਪੰਨਾ ੧੩੭੪)

ਮਾਟੀ ਮਾਟੀ ਹੋਈ ਏਕ ॥
ਰੋਵਨਹਾਰੇ ਕੀ ਕਵਨ ਟੇਕ ॥੧॥ (ਪੰਨਾ ੮੮੫)

ਮਾਟੀ ਕੋ ਪੂਤਰਾ ਕੈਸੇ ਨਚਤ ਹੈ ਆਦਿ।

ਦੂਜਾ ਪੜਾਅ ਹੈ ਜਦੋਂ ਇਸ ਮਿੱਟੀ ਦੇ ਪੁਤਲੇ ਨੇ ਹੰਕਾਰ ਕਰ ਲਿਆ ਤਾਂ ਇਹੋ ਮਾਇਆ ਦਾ ਪੁਤਲਾ ਬਣ ਕੇ ਭਟਕਣ ਲੱਗ ਪਿਆ:

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ (ਪੰਨਾ ੩੧)

ਤੀਸਰਾ ਪੜਾਅ ਹੈ ਜਿਹਨਾਂ ਨੂੰ ਸਤਿਗੁਰੂ ਮਿਲ ਗਿਆ ਉਹ ਕਾਇਆਂ ਦੇ ਅੰਦਰ ਚਲੇ ਗਏ, ਜਿਹਨਾਂ ਅੰਦਰ ਜਾ ਕੇ ਦੇਖਿਆ ਤਦ ਹੈਰਾਨ ਹੋਏ ਕਿ ਇਹ ਸਰੀਰ ਤਾਂ ਅਸਲ ਵਿੱਚ ਧਰਮ ਦਾ ਜਿਊਂਦਾ ਜਾਗਦਾ ਮੰਦਰ ਹੈ:

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
(ਪੰਨਾ ੩੦੯)

ਚੌਥੇ ਪੜਾਅ ਵਿੱਚ ਇਸ ਕਾਇਆਂ ਨੇ ਹੀ ਸਭ ਕੁਝ ਬਣ ਜਾਣਾ ਹੈ। ਇਹੋ ਹੀ ਮੰਦਰ ਹੈ, ਇਸ ਅੰਦਰ ਹੀ ਸੱਚਾ ਦੇਵਤਾ ਭਾਵ ਪ੍ਰਮੇਸ਼ਰ ਹੈ:

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
(ਪੰਨਾ ੬੯੫)

ਇਥੇ ਪਹੁੰਚ ਕੇ ਇਹ ਸਰੀਰ ਪ੍ਰਵਾਨ ਹੋ ਜਾਂਦਾ ਹੈ ਜਿਸਨੇ ਕੂੜ ਵਿੱਚੋਂ ਸੱਚ ਨੂੰ ਪ੍ਰਾਪਤ ਕਰ ਲਿਆ:

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥ (ਪੰਨਾ ੯੨੨)

ਇਸ ਸਰੀਰ ਵਿੱਚ ਹੀ ਸਭ ਕੁਝ ਹੈ। ਜਿਸਨੇ ਵੀਚਾਰ ਕਰ ਲਿਆ, ਉਸਨੇ ਸੁਗੰਧੀ ਪਾ ਲਈ, ਜਿਸ ਨੇ ਹੰਕਾਰ ਕਰ ਲਿਆ ਉਸਨੇ ਖੁਆਰੀ ਪਾ ਲਈ:

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥
ਫੇੜੇ ਕਾ ਦੁਖੁ ਸਹੈ ਜੀਉ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥ (ਪੰਨਾ ੧੧੯੬)

ਉੱਤਮ ਜਾਮਾ ਪਾ ਕੇ ਇਸ ਨਾਲ ਸੰਬੰਧਿਤ ਸਰੀਰਾਂ ਦੇ ਝੂਠੇ ਪਿਆਰ ਵਿੱਚ ਹੀ ਫੱਸਕੇ ਹੰਕਾਰ ਕਰਦਾ ਰਿਹਾ, ਕਦੇ ਇਸਤਰੀ ਪਿਆਰੀ, ਕਦੇ ਪੁੱਤਰ ਪਿਆਰੇ, ਜਿਸਨੇ ਸਭ ਕੁਝ ਦਿੱਤਾ ਉਸ ਨੂੰ ਵਿਸਾਰਿਆ ਹੀ, ਕਦੇ ਪਿਆਰਿਆ ਨਹੀਂ। ਪਿਆਰ ਨੇ ਸਭ ਲੇਖਾ ਜੋਖਾ ਮੁਕਾ ਦੇਣਾ ਸੀ, ਪਰ ਹੰਕਾਰ ਨੇ ਕੀਤੇ ਕੰਮਾਂ ਦਾ ਲੇਖਾ ਰੱਬੀ ਦਰਬਾਰ ਵਿੱਚ ਪ੍ਰਗਟ ਕਰ ਦਿੱਤਾ। ਹੁਣ ਕੀਤੇ ਦਾ ਦੁੱਖ ਵੀ ਸਹਿਣਾ ਪਵੇਗਾ। ਜਿਸ ਨੂੰ ਸਾਰੀ ਜ਼ਿੰਦਗੀ ਚੇਤੇ ਵਿੱਚ ਰਖਿਆ, ਉਹ ਇਸਤਰੀ ਪੁੱਤਰ ਇਥੇ ਪਹੁੰਚ ਨਹੀਂ ਸਕਦੇ। ਜੋ ਪਹੁੰਚ ਸਕਦਾ ਸੀ, ਉਸਨੂੰ ਚੇਤੇ ਨਾ ਕਰਨ ਕਰਕੇ ਪੁਕਾਰ ਨਹੀਂ ਹੁੰਦਾ। ਇਥੇ ਇੱਕ ਛੋਟੀ ਜਿਹੀ ਮਿਸਾਲ ਦੇਣੀ ਯੋਗ ਹੋਵੇਗੀ। ਇੱਕ ਵਿਦਿਆਰਥੀ ਸਾਰਾ ਸਾਲ ਪਹਿਲਾਂ ਵੀਚਾਰ ਕਰਦਾ ਹੈ ਭਾਵ ਉਸਤਾਦ ਕੋਲੋਂ ਸਮਝਦਾ ਹੈ, ਫਿਰ ਯਾਦ ਕਰਦਾ ਹੈ ਅਤੇ ਪ੍ਰੀਖਿਆ ਸਮੇਂ ਯਾਦ ਕੀਤਾ ਹੋਇਆ ਹੀ ਲਿਖਿਆ ਜਾ ਸਕਦਾ ਹੈ। ਜਿਸਨੇ ਗੁਰੂ ਕੋਲ ਵੀਚਾਰ ਹੀ ਨਹੀਂ ਕੀਤੀ, ਫਿਰ ਯਾਦ ਵੀ ਨਹੀਂ ਕੀਤਾ ਤਾਂ ਅੰਤ ਸਮੇਂ ਕਿਵੇਂ ਪੁਕਾਰ ਕਰ ਸਕਦਾ ਹੈ। ਅੰਤ ਸਮੇਂ ਉਸਨੂੰ ਹੀ ਪੁਕਾਰਿਆ ਜਾ ਸਕਦਾ ਹੈ, ਜਿਸਨੂੰ ਜ਼ਿੰਦਗੀ ਵਿੱਚ ਯਾਦ ਕੀਤਾ ਹੋਵੇ, ਇਸੇ ਲਈ ਸਾਹਿਬ ਜੀ ਸਿਮਰਨ 'ਤੇ ਜ਼ੋਰ ਦਿੰਦੇ ਹਨ ਕਿ :

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥
ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥ (ਪੰਨਾ ੬੭੯)

ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥ (ਪੰਨਾ ੧੧੯੬)

ਜਾਤੀ ਕਲੰਕ, ਜਨਮ ਅਤੇ ਜੋਨੀਆਂ, ਇਹਨਾਂ ਤਿੰਨਾਂ ਦੀ ਕੈਦ ਵਿੱਚੋਂ ਮੁਕਤੀ ਦਾ ਇੱਕੋ ਇੱਕ ਸਾਧਨ ਕੇਵਲ ਵਾਹਿਗੁਰੂ ਜੀ ਦੀ ਬੰਦਗੀ ਹੈ। ਜਿਹੜਾ ਰਾਮ ਨਾਮ ਜਪਦਾ ਹੈ ਉਸ ਦਾ ਜਾਤਿ, ਜਨਮ ਅਤੇ ਜੋਨੀਆਂ ਨਾਲ ਕੋਈ ਵਾਸਤਾ ਨਹੀਂ। ਇਹ ਨਾਮ ਕੇਵਲ ਸਤਿਗੁਰੂ ਜੀ ਕੋਲੋਂ ਮਿਲਣਾ ਹੈ। ਇਸ ਨਾਮ ਨੇ ਹੀ ਹੋਰ ਕੀਤੇ ਕਰੋੜਾਂ ਪਾਪ ਧੋ ਦੇਣੇ ਹਨ :

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥ (ਪੰਨਾ ੪)

ਤੱਤਸਾਰ

ਸਰੀਰਕ ਜਾਮਾ ਪਾ ਕੇ ਇਸਨੇ ਵਾਹਿਗੁਰੂ ਦੀ ਕਲਾਸ ਰੂਪ ਸਤਿਸੰਗਤਿ

ਵਿੱਚ ਜਾਣਾ ਸੀ ਜਿਥੋਂ ਇਸਨੇ ਉਹਨਾਂ ਗੁਣਾਂ ਦਾ ਧਾਰਨੀ ਹੋਣਾ ਸੀ ਕਿ ਇਸ ਕਾਇਆਂ ਦੀ ਪ੍ਰਾਪਤੀ ਦਾ ਮਨੋਰਥ ਕੀ ਹੈ, ਮੈਂ ਕੀ ਕਰਨਾ ਹੈ, ਫਿਰ ਉਪਦੇਸ਼ ਮਿਲਣਾ ਸੀ ਕਿ :

ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥ *(ਪੰਨਾ ੧੧੫੯)*

ਜਿਹਨਾਂ ਨੇ ਇਹ ਸਾਰੀ ਵੀਚਾਰ ਗੁਰੂ ਜੀ ਕੋਲੋਂ ਸਮਝੀ, ਉਹਨਾਂ ਨੇ ਫਿਰ ਅਰਦਾਸਾਂ ਕੀਤੀਆਂ ਹਨ ਕਿ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥
(ਪੰਨਾ ੬੯੪)

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ
ਰੇ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ
ਊਪਰੇ ਪੂਜੀਐ ਕਰਿ ਨਮਸਕਾਰੰ ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥

(ਪੰਨਾ ੧੨੯੩)

ਸਾਰੰ—ਸ੍ਰੇਸ਼ਟ। ਸੁਰਸਰੀ—ਗੰਗਾ। ਸਲਲ—ਜਲ। ਬਾਰੁਨੀ—ਸ਼ਰਾਬ। ਸੁਰਾ—ਸ਼ਰਾਬ। ਨਤ—ਨਹੀਂ ਤਾਂ, ਭਾਵੇਂ। ਤਰ ਤਾਰਿ—ਤਾੜ ਦਾ ਰੁੱਖ, ਕਿਉਂ ਜੁ ਇਸ ਦੇ ਵਿੱਚੋਂ ਤਾੜੀ ਨਾਮ ਸ਼ਰਾਬ ਬਣਦੀ ਹੈ। ਕਾਗਰਾ—ਕਾਗ਼ਜ਼। ਕੁਟ ਬਾਂਢਲਾ—ਕੱਟਣ ਵੱਢਣ ਵਾਲਾ, ਚਮਾਰ।

ਰਿਦੈ ਰਾਮ

ਕਾਦਰ ਨੇ ਕੁਦਰਤਿ ਦੀਆਂ ਕਿਤਾਬਾਂ ਵਿੱਚ ਬਹੁਤ ਹੀ ਕਮਾਲ ਦੇ ਗੁਣਾਂ ਨਾਲ ਭਰਪੂਰ ਲੇਖ ਲਿਖੇ ਹਨ, ਪਰ ਇਹਨਾਂ ਨੂੰ ਕੋਈ ਸੁਭਾਗੇ ਨੇਤਰਾਂ ਵਾਲਾ ਹੀ ਪੜ੍ਹ ਸਕਦਾ ਹੈ। ਅੱਖਰ ਹੋਰ ਹੁੰਦੇ ਹਨ, ਪਰ ਵਿਚਲਾ ਗਿਆਨ ਤੱਤ ਹੁੰਦਾ ਹੈ। ਅੱਖਰ ਆਪ ਭਾਵੇਂ ਕਾਲੇ ਹੁੰਦੇ ਹਨ, ਪਰ ਉਸ ਵਿਚਲਾ ਗਿਆਨ ਹਮੇਸ਼ਾ ਸਫ਼ੈਦ ਭਾਵ ਪਵਿੱਤਰ ਹੁੰਦਾ ਹੈ।

ਮਾਲਿਕ ਨੇ ਗੁਣਾਂ ਦੀ ਦਾਤਿ ਨੂੰ ਸੰਭਾਲਣ ਲਈ (ਕਵਰ) ਛਿੱਲੜ ਬਣਾਏ ਹਨ, ਪਰ ਛਿੱਲੜ ਆਪ ਗੁਣ ਨਹੀਂ ਹੁੰਦੇ। ਸਿਆਣੇ ਲੋਕ ਛਿੱਲੜਾਂ ਵਿੱਚੋਂ ਗੁਣਾਂ ਦਾ ਵਪਾਰ ਕਰ ਲੈਂਦੇ ਹਨ। ਮਾਨੋ ਬਦਾਮ ਹਨ, ਕੇਲੇ ਹਨ, ਸੰਤਰੇ ਹਨ। ਇਹਨਾਂ ਉੱਤੇ ਛਿੱਲੜ ਗੁਣ ਨੂੰ ਸੰਭਾਲਣ ਵਾਲੇ ਹਨ। ਆਮ ਕਰਕੇ ਇਹ ਵੀ ਵੇਖਦੇ ਹਾਂ ਕਿ ਇਹ ਚੀਜ਼ਾਂ ਵੇਖੀਆਂ ਕਰੀਬ ਸਾਰਿਆਂ ਨੇ ਹੁੰਦੀਆਂ ਹਨ ਪਰ ਚੱਖੀਆਂ ਸਾਰਿਆਂ ਨੇ ਨਹੀਂ ਹੁੰਦੀਆਂ। ਜਿਹਨਾਂ ਚੱਖੀਆਂ ਹਨ ਉਹ ਅਨੰਦ ਜਾਣਦੇ ਹਨ। ਛਿੱਲੜ ਹਰ ਕੋਈ ਵੇਖ ਸਕਦਾ ਹੈ, ਚੱਖ ਕੋਈ ਵਿਰਲਾ ਸਕਦਾ ਹੈ। ਚੱਖਣ ਲਈ ਕੋਈ ਮੁੱਲ ਤਾਰਨਾ ਪੈਂਦਾ ਹੈ।

ਇੱਕ ਗੱਲ ਇਥੇ ਬੜੀ ਵੀਚਾਰ ਨਾਲ ਸਮਝਣ ਵਾਲੀ ਹੈ ਕਿ ਆਮ ਕਰਕੇ ਇਹਨਾਂ ਪਦਾਰਥਾਂ ਨੂੰ ਖਾਣ ਵਾਲਾ ਖਾ ਕੇ, ਛਿੱਲੜਾਂ ਨੂੰ ਹਮੇਸ਼ਾਂ ਗੰਦ ਵਿੱਚ ਸੁੱਟ ਦਿੰਦਾ ਹੈ। ਹੁਣ ਇਸ ਗੰਦਗੀ ਨੂੰ ਫਰੋਲਣ ਵਾਲਾ ਉਹੋ ਹੀ ਹੁੰਦਾ ਹੈ ਜਿਹੜਾ ਗੰਦਗੀ ਖਾਣ ਦਾ ਆਦੀ ਹੋਵੇ। ਇਹ ਅਕਸਰ ਸੂਰ ਜਾਂ ਕਾਂ ਕੁੱਤੇ ਹੁੰਦੇ ਹਨ ਪਰ ਕੋਈ ਚੰਗਾ ਬੰਦਾ ਲੱਗਦੀ ਵਾਹ ਕਦੇ ਗੰਦ ਨਹੀਂ ਫਰੋਲਦਾ ਤੇ ਗੰਦ ਨਹੀਂ ਖਾਂਦਾ। ਕਿਉਂਕਿ ਗੰਦਗੀ ਫਰੋਲਣਾ ਅਤਿ ਮਾੜੇ ਬੰਦੇ ਦਾ ਕਰਮ ਹੈ। ਸਮਾਜ ਨੇ ਕੈਸਾ ਇਨਸਾਫ਼ ਕੀਤਾ, ਗੰਦਗੀ ਇਕੱਠੀ ਕਰਕੇ ਦੂਰ ਸੁੱਟਣ ਵਾਲਾ ਤਾਂ ਨੀਚ ਅਤੇ ਗੰਦਗੀ ਫਰੋਲਣ ਵਾਲਾ ਉੱਤਮ ਜਾਣਿਆ।

ਸਰੀਰ ਇੱਕ ਛਿੱਲੜ ਹੈ, ਇਸ ਵਿੱਚ ਬ੍ਰਹਮ ਰੂਪ ਸ਼ੁਭ ਦਾਤ ਦਾ ਵਾਸਾ ਹੈ।

ਜਿਹਨਾਂ ਨੇ ਬ੍ਰਹਮ ਪਹਿਚਾਣ ਲਿਆ, ਬ੍ਰਹਮ ਨੂੰ ਮਾਣ ਲਿਆ, ਉਹ ਤਾਂ ਚੰਗੇ ਲੋਕ ਗਿਣੇ ਗਏ ਕਿਉਂਕਿ ਉਹਨਾਂ ਨੇ ਕਾਦਰ ਦੇ ਅਸੂਲਾਂ ਦੀ ਪਾਲਣਾ

ਕੀਤੀ, ਗੁਣ ਧਾਰਨ ਕਰ ਲਏ ਅਤੇ ਛਿੱਲੜ ਤਿਆਗ ਦਿੱਤੇ। ਕਈ ਅਜਿਹੇ ਵੀ ਮਹਾਂ ਮੂਰਖ ਹਨ ਜਿਹੜੇ ਗੁਣਾਂ ਦੀ ਦਾਤ ਛੱਡਕੇ ਕੇਵਲ ਛਿੱਲੜਾਂ ਭਾਵ ਜਾਤਾਂ ਪਾਤਾਂ ਦੀ ਹੀ ਗੰਦਗੀ ਫਰੋਲਦੇ ਰਹੇ। ਸਾਰੀ ਜ਼ਿੰਦਗੀ ਗੰਦਗੀ ਨਾਲ ਹੀ ਸਾਂਝ ਬਣਾਈ ਰੱਖੀ, ਗੁਣਾਂ ਦੀ ਦਾਤ ਪਾ ਹੀ ਨਹੀਂ ਸਕੇ। ਜਿਹਨਾਂ ਨੇ ਗੁਣਾਂ ਦੀ ਦਾਤ ਸੰਭਾਲੀ, ਉਹਨਾਂ ਨੇ ਇਹਨਾਂ ਗੰਦਗੀ ਵਿੱਚ ਮੁੱਖ ਮਾਰਨ ਵਾਲਿਆਂ ਨੂੰ ਸਮਝਾਇਆ ਕਿ ਹੇ ਮੂਰਖ! ਜਾਤਾਂ ਦਾ ਹੰਕਾਰ ਨਾ ਕਰ ਬਲਕਿ ਇਹਨਾਂ ਵਿੱਚ ਵਸਦੇ ਰੱਬ ਦੇ ਰੂਪ ਦੇ ਦੀਦਾਰ ਕਰ। ਹਾਂ, ਜਿਸ ਦਿਨ ਤੈਨੂੰ ਰੱਬੀ ਦੀਦਾਰ ਹੋ ਗਏ, ਫਿਰ ਤੂੰ ਵੀ ਉੱਤਮ ਹੋ ਜਾਣਾ ਹੈ ਅਤੇ ਉਸ ਜਾਤ ਨੇ ਵੀ ਉੱਤਮ ਹੋ ਜਾਣਾ ਹੈ :

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥
(ਪੰਨਾ ੧੧੨੭-੨੮)

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥ (ਪੰਨਾ ੧੧੨੭)

ਨਮਸਕਾਰ ਤਾ ਕਉ ਲਖ ਬਾਰ ॥
ਇਹੁ ਮਨੁ ਦੀਜੈ ਤਾ ਕਉ ਵਾਰਿ ॥ (ਪੰਨਾ ੧੧੪੨)

ਮਹਾਨ ਸਤਿਗੁਰੂ ਜੀ ਨੇ ਆਪ ਭੌਰਾ ਬਣ, ਤਲਵੰਡੀ ਤੋਂ ਉੱਡ ਕੇ ਬ੍ਰਹਮਣ ਪਦ, ਜਾਤੀ ਹੰਕਾਰ ਦੇ ਚਿਕੜ ਵਿੱਚ ਪੈਦਾ ਹੋਏ ਕੰਵਲ ਫੁੱਲ ਵਿੱਚੋਂ ਸਤਿਗੁਰੂ ਰੂਪ ਬਾਣੀ ਲਿਆ ਕੇ ਇੱਕ ਅਜਿਹੇ ਅਸਥਾਨ ਉੱਤੇ ਸੰਭਾਲ ਲਈ ਜਿਥੋਂ ਕੋਈ ਵੀ ਖ਼ੁਸ਼ਬੋ ਮਾਣ ਸਕਦਾ ਹੈ। ਉਸ ਨੂੰ ਸੱਚੀ ਇਨਸਾਨੀਅਤ ਅਤੇ ਰੱਬ ਦੀ ਸਦੀਵੀ ਖ਼ੁਸ਼ਬੋ ਆਏਗੀ।

ਸਾਹਿਬ ਪਾਤਿਸ਼ਾਹ ਜੀ ਨੇ ਇਹਨਾਂ ਅੰਮ੍ਰਿਤ ਬਚਨਾਂ ਵਿੱਚ ਇਹੋ ਸੁਮਤਿ ਬਖ਼ਸ਼ੀ ਹੈ ਕਿ ਸਰੀਰ ਤਾਂ ਛਿੱਲੜ ਹੈ ਪਰ ਅੰਦਰ ਰੱਬ ਜੀ ਦਾ ਵਾਸਾ ਹੈ। ਲੋਕ ਮੇਰੀ ਸਰੀਰਕ ਜਾਤ ਨੂੰ ਹੀ ਦੇਖਦੇ ਰਹੇ, ਪਰ ਅੰਦਰ ਪ੍ਰਗਟ ਹਿਰਦੇ ਦੇ ਰਾਮ ਨੂੰ ਨਹੀਂ ਦੇਖ ਸਕੇ। ਆ ਤੈਨੂੰ ਕੁਝ ਮਿਸਾਲਾਂ ਦੇ ਕੇ ਗੁਣਾਂ ਦਾ ਧਾਰਨੀ ਬਣਾਉਣਾ ਚਾਹੁੰਦਾ ਹਾਂ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ ਰਹਾਉ ॥ (ਪੰਨਾ ੧੨੯੩)

ਹੇ ਸੰਸਾਰ ਰੂਪ ਨਗਰ ਦੇ ਲੋਕੋ! ਮੇਰੀ ਜ਼ਾਹਿਰਾ ਜਾਤ ਭਾਵੇਂ ਚਮਾਰ ਪ੍ਰਸਿੱਧ ਹੈ, ਪਰ ਮੈਂ ਜਾਤਾਂ ਆਦਿਕ ਦਾ ਗੰਦ ਫਰੋਲਣ ਦਾ ਆਦੀ ਨਹੀਂ। ਮੇਰੇ ਹਿਰਦੇ ਵਿੱਚ ਜਾਤ ਦਾ ਹੰਕਾਰ ਨਹੀਂ ਬਲਕਿ ਰੱਬ ਦਾ ਪਿਆਰ ਹੈ। ਮੇਰੇ ਦਿਲ ਵਿੱਚ

ਵਾਹਿਗੁਰੂ ਜੀ ਦੇ ਗੁਣਾਂ ਦੀ ਵੀਚਾਰ ਹੈ ਜੋ ਸਭ ਤੋਂ ਸ੍ਰੇਸ਼ਟ ਹਨ, ਜਿਹਨਾਂ ਨੇ ਮੇਰਾ ਜੀਵਨ, ਮੇਰੀ ਜ਼ਿੰਦਗੀ ਭਾਵ ਸਭ ਕੁਝ ਪਵਿੱਤਰ ਕਰ ਦਿੱਤਾ ਹੈ:

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ (ਪੰਨਾ ੧੪੨੨)

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
(ਪੰਨਾ ੧੨੯੩)

ਰੱਬੀ ਪਿਆਰ ਵਾਲੇ ਤਾਂ ਇਤਨੀ ਉੱਚੀ ਅਵਸਥਾ ਦੇ ਹੋ ਜਾਂਦੇ ਹਨ ਕਿ ਜੇਕਰ ਕੋਈ ਗੰਗਾ ਜਲ ਲੈ ਕੇ ਉਸ ਤੋਂ ਸ਼ਰਾਬ ਰੂਪ ਜ਼ਹਿਰ ਬਣਾਕੇ ਕਿਸੇ ਸੰਤ ਜਨ ਨੂੰ ਪੀਣ ਲਈ ਕਹਿਣ ਤਾਂ ਉਹ ਕਦੇ ਵੀ ਇਹ ਸੋਚ ਕੇ ਕਿ ਇਹ ਤਾਂ ਗੰਗਾ ਦੇ ਜਲ ਤੋਂ ਬਣੀ ਹੈ, ਕਦੇ ਧਾਰਨ ਨਹੀਂ ਕਰਦੇ। ਭਾਵ ਜ਼ਹਿਰ ਭਾਵੇਂ ਅੰਮ੍ਰਿਤ ਤੋਂ ਬਣੀ ਹੋਵੇ, ਧਾਰਨ ਨਹੀਂ ਕਰਦੇ। ਹਾਂ ਜੇਕਰ ਕਿਧਰੇ ਜ਼ਹਿਰ ਅੰਮ੍ਰਿਤ ਨਾਲ ਰਲ ਕੇ ਆਪਣਾ ਆਪ ਬਦਲਾ ਕੇ ਜ਼ਹਿਰ ਤੋਂ ਅੰਮ੍ਰਿਤ ਬਣ ਗਈ ਹੋਵੇ ਤਾਂ ਸਤਿਕਾਰਦੇ ਹਨ। ਇਸੇ ਤਰ੍ਹਾਂ ਕੋਈ ਚੰਗੀ ਜਾਤ ਰੂਪ ਗੰਗਾ ਜਲ ਵਿੱਚੋਂ ਜਨਮ ਕੇ ਆਪਣੇ ਹਿਰਦੇ ਵਿੱਚ ਸ਼ਰਾਬ ਵਰਗੇ ਜਾਤਿ ਦਾ ਹੰਕਾਰ ਧਾਰਨ ਕਰਦਾ ਹੈ ਤਾਂ ਰੱਬੀ ਪਿਆਰ ਵਾਲੇ ਦੀ ਕਦੇ ਉਸ ਨਾਲ ਨੇੜਤਾ ਨਹੀਂ ਹੁੰਦੀ, ਪਰ ਜੇਕਰ ਕੋਈ ਨੀਵੀਂ ਜਾਤ ਵਿੱਚੋਂ ਵੀ ਜਨਮ ਲੈਕੇ ਹਿਰਦੇ ਵਿੱਚ ਰੱਬੀ ਗੁਣ ਧਾਰਨ ਕਰ ਲੈਂਦਾ ਹੈ ਤਾਂ ਉਹ ਰੱਬ ਵਰਗਾ ਹੀ ਹੋ ਜਾਂਦਾ ਹੈ:

ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥
(ਪੰਨਾ ੮੫੮)

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥੨॥
(ਪੰਨਾ ੧੨੯੩)

ਪਵਿੱਤਰ ਵਸਤੂ ਤੋਂ ਅਪਵਿੱਤਰ ਬਣੀ ਹੋਵੇ ਉਹ ਤਾਂ ਧਾਰਨ ਨਹੀਂ ਕੀਤੀ ਜਾਂਦੀ ਪਰ ਵੀਚਾਰੋ, ਜੇਕਰ ਅਪਵਿੱਤਰ ਤੋਂ ਪਵਿੱਤਰ ਹੋ ਜਾਏ ਤਾਂ ਨਮਸਕਾਰਾਂ ਦੇ ਕਾਬਲ ਹੋ ਜਾਂਦੀ ਹੈ। ਜਿਵੇਂ ਤਾੜ ਦਾ ਰੁੱਖ ਜਿਸ ਤੋਂ ਸ਼ਰਾਬ ਪੈਦਾ ਹੁੰਦੀ ਹੈ, ਅਪਵਿੱਤਰ ਮੰਨਿਆ ਜਾਂਦਾ ਹੈ, ਪਰ ਇਸ ਦਾ ਜਦੋਂ ਕਾਗਜ਼ ਬਣ ਜਾਂਦਾ ਹੈ ਅਤੇ ਉਸ ਉੱਪਰ ਕੋਈ ਰੱਬੀ ਭਗਤੀ ਦੇ ਬਚਨ ਲਿਖ ਦੇਵੇ ਤਾਂ ਹਰ ਕੋਈ ਨਮਸਕਾਰਾਂ ਕਰਦਾ ਹੈ। ਇਸੇ ਤਰ੍ਹਾਂ ਭਾਵੇਂ ਕੋਈ ਜਾਤ ਕਰਕੇ ਕਿੰਨਾ ਵੀ ਅਪਵਿੱਤਰ ਹੋਵੇ, ਪਰ ਜੇਕਰ ਰਿਦੈ ਰਾਮ ਹੋਵੇ ਤਾਂ ਨਮਸਕਾਰਾਂ ਦੇ ਕਾਬਿਲ

ਹੋ ਜਾਂਦਾ ਹੈ। ਇਸ ਲਈ ਹਿਰਦੇ ਵਿੱਚ ਰੱਬ ਨੂੰ ਵਸਾ। ਭਗਤ ਸੈਨ ਜੀ ਦੇ ਹਿਰਦੇ ਵਸਿਆ :

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥ *(ਪੰਨਾ ੪੮੭)*

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥ *(ਪੰਨਾ ੧੨੯੩)*

ਆਪਣੇ ਆਪ ਨੂੰ ਗੰਗਾ ਦੇ ਪਵਿੱਤਰ ਜਲ ਵਰਗਾ ਸਮਝਣ ਵਾਲੇ, ਤੇਰੇ ਹਿਰਦੇ ਵਿੱਚ ਹੰਕਾਰ ਹੋਣ ਕਰਕੇ ਸ਼ਰਾਬ ਰੂਪ ਜ਼ਹਿਰ ਬਣ ਗਈ, ਜਿਸ ਨੂੰ ਕੋਈ ਵੀ ਦਾਨਾ ਪੁਰਖ ਪਰਵਾਨ ਨਹੀਂ ਕਰਦਾ, ਪਰ ਦੂਜੇ ਪਾਸੇ ਤਾੜੀ ਦਾ ਰੁੱਖ ਮਲੀਨ ਹੋ ਕੇ ਵੀ ਕਾਗਜ਼ ਬਣ ਆਪਣੇ 'ਤੇ ਹਰੀ ਜਸ ਲਿਖਵਾ ਕੇ ਪਵਿੱਤਰ ਹੋ ਗਿਆ। ਇਸੇ ਤਰ੍ਹਾਂ ਮੇਰੀ ਜਾਤ ਚਮਾਰ ਹੈ ਅਤੇ ਮੇਰੀ ਜਾਤ ਵਾਲੇ ਬਨਾਰਸ ਦੇ ਲਾਗੇ ਬੰਨੇ ਮਰੇ ਪਸ਼ੂ ਢੋਂਦੇ ਸਨ, ਪਰ ਜਦੋਂ ਦੀ ਰਵਿਦਾਸ ਦਾਸ ਨੇ ਤੇਰੇ ਨਾਮ ਦੀ ਸ਼ਰਨ ਲੈ ਲਈ, ਹੁਣ ਵੇਖ ਸਿਆਣੇ ਦਾਨੇ ਬ੍ਰਾਹਮਣ ਮੈਨੂੰ ਨਮਸਕਾਰਾਂ ਕਰਦੇ ਹਨ।

ਤੱਤਸਾਰ

ਰੱਬੀ ਦਰਬਾਰ ਵਿੱਚ ਸਵਾਲ ਇਹ ਨਹੀਂ ਕਿ ਸਰੀਰ ਦੀ ਕੀ ਜਾਤ ਹੈ, ਸਗੋਂ ਵੀਚਾਰ ਇਸ ਗੱਲ ਦੀ ਹੈ ਕਿ ਦਿਲ ਵਿੱਚ ਹੰਕਾਰ ਹੈ ਜਾਂ ਨਿਰੰਕਾਰ ਹੈ। ਜੇ ਨਿਰੰਕਾਰ ਹੋਇਆ ਤਾਂ ਹੀ ਪ੍ਰਮੇਸ਼ਰ ਵਾਹਿਗੁਰੂ ਜੀ ਨਾਲ ਮਿਲਾਪ ਹੋ ਸਕੇਗਾ।

ਮਲਾਰ

ਹਰਿ ਜਪਤ ਤੇਊ ਜਨਾ ਪਦਮ ਕਵਲਾਸ
ਪਤਿ ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥
ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ
ਫਿਰਹਿ ਅਜਹੁ ਬੰਨਾਰਸੀ ਆਸ ਪਾਸਾ ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥੩॥੨॥

(ਪੰਨਾ ੧੨੯੩)

ਪਦਮ ਕਵਲਾਸ ਪਤਿ—ਪਦਮ ਪਤ ਤੇ ਕਲਵਾਸਿ ਪਤਿ=ਵਿਸ਼ਨੂੰ ਤੇ ਸ਼ਿਵ ਜੀ। ਆਛੋਪ—ਜਿਹਦੇ ਨਾਲ ਕੋਈ ਛੋਹੇ ਨਾ, ਅਛੂਤ। ਨਾਮਨਾ—ਵਡਿਆਈ। ਸਪਤ ਦੀਪਾ—ਸੱਤਾਂ ਦੀਪਾਂ ਵਿੱਚ, ਭਾਵ ਸਾਰੇ ਸੰਸਾਰ ਵਿਚ। ਤਿਨ ਤਨੈ—ਉਹਦੇ ਸਰੀਰ ਨੂੰ।

ਹਰਿ ਜਪਤ

ਆਮ ਲੋਕ ਜ਼ਿੰਦਗੀ ਦਾ ਰਾਹ ਤਿੰਨ ਚੀਜ਼ਾਂ ਨੂੰ ਮੁੱਖ ਰੱਖਕੇ ਚੁਣ ਲੈਂਦੇ ਹਨ—ਪਹਿਲੀ ਹੈ ਮੇਰੀ ਕੁੱਲ ਦੀ ਕੀ ਰੀਤ ਹੈ; ਦੂਜੀ, ਮੇਰੇ ਪਰਿਵਾਰ ਦੀ ਵੀਚਾਰ; ਤੀਜੀ, ਦੁਨੀਆਂ ਵੱਲ ਦੇਖਕੇ। ਪਰ ਜਿਹਨਾਂ ਨੂੰ ਹਰੀ ਜਪਣ ਦੀ ਤਾਂਘ ਹੋਵੇ ਉਹ ਫਿਰ ਕੁਲ, ਪਰਿਵਾਰ ਅਤੇ ਸਮਾਜ ਦੀਆਂ ਸਮੂੰਹ ਰੀਤਾਂ ਰਸਮਾਂ ਨੂੰ ਠੋਕਰ ਮਾਰ ਕੇ ਇੱਕ ਵੱਖਰਾ ਨਿਵੇਕਲਾ ਰਾਹ ਚੁਣ ਲੈਂਦੇ ਹਨ। ਹਾਲਾਂਕਿ ਇਹਨਾਂ ਦਾ ਤਿਆਗੀ ਹੋ ਕੇ ਵੱਖਰੇ ਰਾਹ ਦੇ ਪਾਂਧੀ ਬਹੁਤੀ ਵਾਰੀ ਸਮਾਜ ਵੱਲੋਂ ਖਿਲਾਰੇ ਰੁਕਾਵਟਾਂ ਰੂਪੀ ਕੰਡਿਆਂ 'ਤੇ ਤੁਰਨਾ ਪ੍ਰਵਾਨ ਕਰ ਲੈਂਦੇ ਹਨ, ਪਰ ਹਰਿ ਜਪਤ ਦਾ ਮਾਰਗ ਨਹੀਂ ਤਿਆਗਦੇ। ਉਹਨਾਂ ਨੂੰ ਲੋਕ ਹਰ ਰੋਜ਼ ਘਟੀਆ ਕਿਸਮ ਦਾ ਹਾਸਾ ਮਜ਼ਾਕ ਕਰਕੇ, ਤਿੱਖੇ ਤੀਰ ਮਾਰ ਕੇ ਜ਼ਖ਼ਮੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੰਦਰੂਨੀ ਖਿੱਚ ਉਹਨਾਂ ਨੂੰ ਲੋਕਾਂ ਦੇ ਤਿੱਖੇ ਤੀਰਾਂ ਵੱਲੋਂ ਬੇਪ੍ਰਵਾਹ ਕਰਕੇ ਆਪਣੀ ਮੰਜ਼ਿਲ ਵੱਲ ਵਧਾਈ ਰੱਖਦੀ ਹੈ। ਹਰ ਤਰ੍ਹਾਂ ਦਾ ਵਿਰੋਧ ਹੋਣ ਦੇ ਬਾਵਜੂਦ ਵੀ, ਪੈਰ ਪੈਰ 'ਤੇ ਸੰਭਲ ਕੇ, ਅਡੋਲ ਰੱਖਣ ਦਾ ਹਰੀ ਦਾ ਸਹਾਰਾ ਸਦਾ ਹੀ ਸੱਚੀ ਲਗਨ ਪੈਦਾ ਕਰੀ ਰੱਖਦਾ ਹੈ। ਹਰੀ ਨੂੰ ਜਪਣ ਵਾਲਿਆਂ ਨੇ ਹਰ ਹਾਲਤ ਉਹਨਾਂ ਕੰਡਿਆਲਿਆਂ ਰਾਹਾਂ ਨੂੰ ਪਾਰ ਕਰ ਲਿਆ, ਤਦ ਹੀ ਤਾਂ ਮਨੁੱਖਤਾ ਅੱਜ ਉਹਨਾਂ ਦੀ ਦਹਿਲੀਜ਼ 'ਤੇ ਨਮਸਕਾਰ ਕਰਦੀ ਹੈ। ਕਬੀਰ ਸਾਹਿਬ ਜੀ ਇਸੇ ਲਈ ਆਖਦੇ ਹਨ ਕਿ :

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥੧੩॥ *(ਪੰਨਾ ੧੩੬੫)*

ਸਾਚੀ ਪ੍ਰੀਤ ਦੇ ਆਸ਼ਿਕ ਆਪਣੇ ਸਾਹਮਣੇ ਰੱਬੀ ਮਿਲਾਪ ਦੇ ਨਿਸ਼ਾਨੇ ਨੂੰ ਮੁੱਖ ਰੱਖਕੇ ਗ਼ਰੀਬੀ, ਕਰਮਾਂ ਅਤੇ ਮੋਹ ਜਾਲ ਦੀਆਂ ਸਾਰੀਆਂ ਫਾਹੀਆਂ ਨੂੰ ਕੱਟ ਕੇ, ਲੋਕ ਲਾਜ ਨੂੰ ਤਿਆਗ ਕੇ, ਰੱਬੀ ਰਾਹਾਂ 'ਤੇ ਚੱਲਕੇ, ਸੱਚ ਤੱਕ ਪਹੁੰਚੇ ਮਹਾਂਪੁਰਖਾਂ ਦੀਆਂ ਮਿਸਾਲਾਂ ਨੂੰ ਸਾਹਮਣੇ ਰੱਖ ਕੇ, ਇਹਨਾਂ ਰਾਹਾਂ 'ਤੇ ਮਸਤ ਟੋਰ ਟੁਰੀ ਗਏ, ਜਿਸ ਨਾਲ ਇਕ ਦਿਨ ਸਫਲਤਾ ਨੇ ਉਹਨਾਂ ਦੀ ਕਦਮ ਬੋਸੀ ਕੀਤੀ ਭਾਵ ਚਰਨ ਚੁੰਮੇ। ਸਾਚੀ ਪ੍ਰੀਤ ਅਤੇ ਨਾਮ ਦੀ ਤਾਕਤ ਅੱਗੇ ਹਰ ਰੁਕਾਵਟ ਹਾਰ ਗਈ ਅਤੇ ਨਾਮ ਦੇ ਵਣਜਾਰੇ ਜਿੱਤ ਗਏ :

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥ (ਪੰਨਾ ੧੨੯੩)

ਪ੍ਰਮੇਸ਼ਰ ਜੀ ਵਰਗਾ ਹੋਰ ਕੋਈ ਵੀ ਨਹੀਂ, ਉਸ ਨੂੰ ਜਪ ਕੇ ਉਸ ਵਾਹਿਗੁਰੂ ਜੀ ਦਾ ਰੂਪ ਹੋਇਆਂ ਦੀ ਬਰਾਬਰੀ ਫਿਰ ਕੌਣ ਕਰ ਸਕਦਾ ਹੈ। ਇਥੋਂ ਤੱਕ ਜਿਹਨਾਂ ਨੂੰ ਭੁਲੜੀ ਲੁਕਾਈ ਨੇ ਪੂਜਣਾ ਸ਼ੁਰੂ ਕਰ ਦਿੱਤਾ, ਉਹ ਸ਼ਿਵ ਜੀ, ਵਿਸ਼ਨੂੰ ਆਦਿਕ ਕੋਈ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਮੇਸ਼ਰ ਦੀ ਯਾਦ ਹੈ, ਉਹਨਾਂ ਨੂੰ ਸੱਚ ਦੀ ਪਹਿਚਾਣ ਹੋ ਗਈ ਕਿ ਹਰ ਥਾਂ ਉੱਤੇ ਇੱਕ ਹੀ ਅਨੇਕਾਂ ਰੂਪ ਧਾਰਨ ਕਰਕੇ ਵਸਿਆ ਹੋਇਆ ਹੈ, ਉਸ ਇੱਕ ਤੋਂ ਬਿਨਾਂ ਦੂਜਾ ਹੋਰ ਕੋਈ ਵੀ ਨਹੀਂ। ਜਿਵੇਂ ਸੂਰਜ ਇੱਕ ਹੀ ਹੈ, ਪਰ ਉਸ ਤੋਂ ਪੈਦਾ ਹੋਈਆਂ ਰੁੱਤਾਂ ਅਨੇਕ ਹਨ, ਇਸੇ ਤਰ੍ਹਾਂ ਕਰਤਾ ਇੱਕ ਹੀ ਹੈ, ਪਰ ਉਸ ਦੇ ਵੇਸ ਭਾਵ ਪਹਿਰਾਵੇ ਕਿੰਨੇ ਹੀ ਹਨ:

ਸੂਰਜੁ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥ (ਪੰਨਾ ੧੨-੧੩)

ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥੧॥ (ਪੰਨਾ ੧੨੯੩)

ਨਾਮ ਦੀ ਇਤਨੀ ਵਡਿਆਈ ਹੈ ਕਿ ਜਿਸ ਨਾਮਦੇਵ ਜੀ ਦੇ ਗ੍ਰਹਿ ਵਿਖੇ ਭਗਵਾਨ ਭਗਤੀ ਸੀ, ਜਾਤਿ ਕਰਕੇ ਵੀ ਛੀਂਬਾ ਨਾਮਾ ਕਹਿੰਦੇ ਸਨ, ਹੋਰ ਕੁਝ ਵੀ ਵੇਖਣ ਲਈ ਨਹੀਂ ਸੀ, ਪਰ ਉਸਨੇ ਹਰੀ ਨੂੰ ਅਜਿਹਾ ਜਪਿਆ ਕਿ ਅੱਜ ਸਾਰੇ ਸੰਸਾਰ ਵਿੱਚ ਉਹਨਾਂ ਦਾ ਪਵਿੱਤਰ ਨਾਮ ਸੁਣਿਆ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਨਾਮ ਦੀ ਮਹਿਮਾ ਤਾਂ ਬਿਆਸ ਅਤੇ ਸਨਕ ਦੇ ਗ੍ਰੰਥਾਂ ਵਿੱਚ ਵੀ ਲਿਖੀ ਹੋਈ ਹੈ। ਜੇਕਰ ਨਾਮ ਦੀ ਵਡਿਆਈ ਅਜਿਹੀ ਹੈ ਤਾਂ ਫਿਰ ਨਾਮ ਜਪਣ ਵਾਲਿਆਂ ਦੀ ਮਹਿਮਾ ਕਿਵੇਂ ਨਹੀਂ ਹੋਵੇਗੀ:

ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ
ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥ (ਪੰਨਾ ੧੨੯੩)

ਕਬੀਰ ਸਾਹਿਬ ਨੇ ਨਾਮ ਜਪ ਕੇ ਅਜਿਹੀ ਪਦਵੀ ਨੂੰ ਪਾ ਲਿਆ ਕਿ ਰੱਬ ਨੇ ਵੀ ਕਬੀਰ ਜੀ ਨਾਲ ਇਤਨਾ ਗਹਿਰਾ ਰਿਸ਼ਤਾ ਬਣਾ ਲਿਆ ਕਿ

ਆਪਣਾ ਹੀ ਰੂਪ ਬਣਾ ਲਿਆ। ਇਹਨਾਂ ਦੀਆਂ ਪਹਿਲੀਆਂ ਕੁਲ ਰੀਤਾਂ ਇਹੋ ਸਨ ਕਿ ਸ਼ੇਖ਼ਾਂ ਸ਼ਹੀਦਾਂ ਦੀਆਂ ਯਾਦਾਂ ਮਨਾਉਣਾ, ਈਦਾਂ ਵੇਲੇ ਬੱਕਰੇ ਅਤੇ ਗਊਆਂ ਨੂੰ ਮਾਰਨਾ, ਅਜਿਹਾ ਹੀ ਕਰਦੇ ਸਨ, ਪਰ ਪੁੱਤਰ ਨੇ ਨਾ ਹਾਕਮੀ ਦਬਾਅ, ਨਾ ਲੋਕ ਲਾਜ, ਨਾ ਹੀ ਕੁਲ ਰੀਤ ਦੀ ਪ੍ਰਵਾਹ ਕੀਤੀ ਬਲਕਿ ਸਭ ਕੁਝ ਛੱਡ ਕੇ ਰੱਬੀ ਭਗਤੀ ਨੂੰ ਅਜਿਹੀ ਰਸਨਾ ਉੱਪਰ ਰਾਮ ਦੀ ਸਿਮਰਨੀ ਬਣਾਇਆ ਕਿ ਅੱਜ ਉਹ ਕਬੀਰ ਜੀ 'ਨੀਚ ਕੁਲਾ ਜੋਲਾਹਰਾ ਭਇਓ ਗੁਨੀ ਗਹੀਰਾ॥' ਜਾਂ ਫਿਰ 'ਸੋ ਕਬੀਰੁ ਰਾਮੈ ਹੋਇ ਨਿਬਰਿਓ' ਭਾਵ ਪ੍ਰਮੇਸ਼ਰ ਰੂਪ ਹੋ ਗਿਆ। ਤਿੰਨਾਂ ਲੋਕਾਂ ਵਿੱਚ ਅੱਜ ਜੈ ਜੈਕਾਰ ਹੋ ਰਹੀ ਹੈ:

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ
ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥ (ਪੰਨਾ ੧੨੯੩)

ਹਰੀ ਨੂੰ ਜਪਣ ਕਰਕੇ ਅੱਜ ਤੇਰੇ ਦਾਸਾਂ ਦੇ ਦਾਸ ਰਵਿਦਾਸ ਨੂੰ ਵੱਡੇ ਵੱਡੇ ਅਚਾਰਵੰਤ ਕਹਾਉਣ ਵਾਲੇ ਬ੍ਰਾਹਮਣ ਲੋਕ ਆ ਕੇ ਨਮਸਕਾਰਾਂ ਕਰਦੇ ਹਨ। ਅੱਜ ਵੀ ਬਨਾਰਸ ਵਿੱਚ ਅਨੇਕਾਂ ਲੋਕ ਇਸ ਜਾਤ ਵਿੱਚੋਂ ਪੈਦਾ ਹੋਏ, ਅੱਜ ਵੀ ਮਰੇ ਪਸ਼ੂ ਢੋਂਦੇ ਹੋਣਗੇ, ਪਰ ਇਹ ਵਡਿਆਈ ਕੇਵਲ ਨਾਮ ਜਪਣ ਕਰਕੇ ਪ੍ਰਾਪਤ ਹੋਈ ਹੈ। ਨਾਮ ਦੀ ਤਾਕਤ ਅੱਗੇ ਕਿਸੇ ਜਾਤ ਦਾ, ਲੋਕਾਚਾਰੀ ਦਾ ਜਾਂ ਹੋਰ ਕਿਸੇ ਔਕੜ ਦਾ ਕੋਈ ਵੀ ਅਜਿਹਾ ਚਾਰਾ ਨਹੀਂ ਚੱਲਦਾ ਕਿ ਉਹ ਰਾਹ ਤੋਂ ਭਟਕਾ ਸਕੇ। ਇਸ ਲਈ ਜਿਹਨਾਂ ਨੇ ਜ਼ਿੰਦਗੀ ਦਾ ਮਾਰਗ ਰੱਬ ਦੇ ਮਿਲਾਪ ਦਾ ਮਾਰਗ ਚੁਣਿਆ ਹੈ ਉਹਨਾਂ ਨੇ ਆਖ਼ਿਰ ਨੂੰ ਜਿੱਤਾਂ ਹਾਸਿਲ ਕੀਤੀਆਂ ਹਨ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥
(ਪੰਨਾ ੧੧੦੬)

ਤੱਤਸਾਰ

ਇੱਕ ਪਾਸੇ ਦੁਨੀਆਂ ਦੀ ਝੂਠੀ ਵਡਿਆਈ ਵਿੱਚ ਲੋਕ ਲੁੱਟੇ ਜਾ ਰਹੇ ਹਨ, ਜਾਤਾਂ ਪਾਤਾਂ, ਪੈਸੇ, ਧਨ ਦੌਲਤ ਆਦਿਕ ਦੀ ਵਡਿਆਈ ਹੁੰਦੀ ਹੈ, ਪਰ ਦੂਜੇ ਪਾਸੇ ਨਾਮ ਦੀ ਵਡਿਆਈ ਬਰਾਬਰ ਹੋਰ ਕੋਈ ਵਡਿਆਈ ਨਹੀਂ ਪਹੁੰਚ ਸਕਦੀ:

ਜਿਸੁ ਨੀਚ ਕਉ ਕੋਈ ਨ ਜਾਨੈ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥੧॥ (ਪੰਨਾ ੩੮੬)

ਮਲਾਰ

੧ਓ ਸਤਿਗੁਰ ਪ੍ਰਸਾਦਿ ॥

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥
ਮੈਲੇ ਕਪਰੇ ਕਹਾ ਲਉ ਧੋਵਉ ॥
ਆਵੈਗੀ ਨੀਦ ਕਹਾ ਲਗੁ ਸੋਵਉ ॥੧॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥
ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥
ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥

(ਪੰਨਾ ੧੨੯੩)

ਕਵਨ ਭਗਤਿ—ਕਿਹੜੀ ਭਗਤੀ ਨਾਲ। ਪਰਮ ਗਤੇ—ਉੱਚੀ ਆਤਮਿਕ ਅਵਸਥਾ। ਹਾਟਿਓ—ਹੱਟੀ (ਦੁਕਾਨ)। ਦੇਖਿਓ—ਅੱਗੇ ਆਇਆ।

ਸਾਧਸੰਗਤਿ ਪਾਈ ਪਰਮ ਗਤੇ

ਹਰ ਕਾਰਜ ਦੀ ਸਫਲਤਾ ਦਾ ਕੋਈ ਨਾ ਕੋਈ ਰਾਜ਼ ਹੁੰਦਾ ਹੈ, ਪਰ ਉਹ ਸਾਨੂੰ ਆਮ ਕਰਕੇ ਪਤਾ ਨਹੀਂ ਹੁੰਦਾ। ਜਿਹੋ ਜਿਹਾ ਕਾਰਜ ਹੋਵੇ, ਫਿਰ ਉਸ ਤਰ੍ਹਾਂ ਦੇ ਮਾਹਰ ਲੋਕਾਂ ਨੂੰ ਮਿਲਣਾ ਪੈਂਦਾ ਹੈ ਤਾਂ ਕਿ ਮੈਨੂੰ ਵੀ ਇਹ ਭੇਦ ਪਤਾ ਲੱਗ ਜਾਵੇ। ਇਸ ਕਰਕੇ ਹੀ ਬੱਚੇ ਦੀ ਨਾਜ਼ਕ ਜਿਹੀ ਜਿੰਦ ਉੱਤੇ ਵਿਦਿਆ ਭਾਵ ਗਿਆਨ ਪ੍ਰਾਪਤੀ ਦਾ ਭਾਰ ਲੱਦ ਦਿੱਤਾ ਜਾਂਦਾ ਹੈ।

ਜਦੋਂ ਬੱਚਾ ਸਕੂਲ, ਕਾਲਜ ਜਾਂ ਹੋਰ ਗਿਆਨ ਪ੍ਰਾਪਤੀ ਦੇ ਅਸਥਾਨਾਂ ਤੋਂ ਲੰਘ ਕੇ ਗਿਆਨ ਦੀ ਪ੍ਰਾਪਤੀ ਕਰਕੇ ਆਉਂਦਾ ਹੈ ਫਿਰ ਉਸਨੂੰ ਚੰਗੇ ਚੰਗੇ ਅਹੁਦੇ ਪ੍ਰਾਪਤ ਹੁੰਦੇ ਹਨ। ਬੱਸ ਇਸ ਤਰ੍ਹਾਂ ਹੀ ਜਦੋਂ ਜੀਵ ਸਾਧ ਸੰਗਤਿ ਰੂਪ ਗਿਆਨ ਪ੍ਰਾਪਤੀ ਦੇ ਸਾਧਨਾਂ ਵਿੱਚੋਂ ਲੰਘ ਕੇ ਆਉਂਦਾ ਹੈ ਤਾਂ ਇਸਨੂੰ ਵੀ ਧਾਰਮਿਕ ਦੁਨੀਆਂ ਵਿੱਚ ਗੁਰਮੁਖ, ਬ੍ਰਹਮ ਗਿਆਨੀ, ਸੰਤ, ਸਿੱਖ, ਗੁਰਸਿੱਖ ਆਦਿ ਸਤਿਕਾਰਿਤ ਅਹੁਦੇ ਨਾਲ ਨਿਵਾਜਿਆ ਜਾਂਦਾ ਹੈ। ਜਿੰਨੀ ਚੰਗੀ ਨੌਕਰੀ ਦੀ ਭਾਲ ਹੋਵੇ ਉੱਨਾ ਚੰਗਾ ਹੀ ਗਿਆਨ ਪ੍ਰਾਪਤ ਕਰਨਾ ਪੈਂਦਾ ਹੈ।

ਜਿਹਨਾਂ ਨੇ ਸਾਧ ਸੰਗਤ ਵਿੱਚੋਂ ਗੁਰੂ ਕਿਰਪਾ ਨਾਲ ਚੰਗਾ ਗਿਆਨ ਪ੍ਰਾਪਤ ਕੀਤਾ ਉਹ ਫਿਰ **ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰੀ** ਦੀ ਸੇਵਾ ਨਾਲ ਨਿਵਾਜਿਆ ਜਾਂਦਾ ਹੈ। ਇਹ ਚਾਕਰੀ ਸਭ ਤੋਂ ਔਖੀ ਹੈ ਕਿਉਂਕਿ ਬਾਕੀ ਸਭ ਚਾਕਰੀਆਂ ਵਿੱਚ ਕੁਝ ਪਾਉਣਾ ਹੁੰਦਾ ਹੈ, ਪਰ ਇਥੇ ਕੁਝ ਗਵਾਉਣਾ ਹੁੰਦਾ ਹੈ। ਜਿਸ ਨੇ ਜਿਤਨਾ ਆਪਾ ਗਵਾਇਆ, ਉਸਨੇ ਉਤਨਾ ਹੀ ਪਾਇਆ, ਜਿਸਨੇ ਸਭ ਕੁਝ ਗਵਾ ਲਿਆ, ਉਸਨੇ ਸਭ ਕੁਝ ਪਾ ਲਿਆ।

ਸਾਡਾ ਅੰਦਰ ਭਰਿਆ ਪਿਆ ਹੈ। ਕਿਧਰੇ ਵਿਕਾਰ ਹਨ, ਕਿਧਰੇ ਦੁਨੀਆਂ ਦੇ ਰਸ ਕਸ ਹਨ, ਹਉਮੈ, ਈਰਖਾ, ਤ੍ਰਿਸ਼ਨਾ, ਨਿੰਦਾ, ਉਸਤਤਿ, ਸੰਸਾਰੀ ਗਿਆਨ ਇਹ ਸਭ ਕੁਝ ਅੰਦਰੋਂ ਕਿਵੇਂ ਕੱਢਣਾ ਹੈ, ਇਸ ਗੱਲ ਦੀ ਮਤਿ ਗੁਰੂ ਜੀ ਸਾਧ ਸੰਗਤਿ ਰੂਪ ਕਲਾਸ ਵਿੱਚ ਬਖ਼ਸ਼ਿਸ਼ ਕਰਦੇ ਹਨ। ਇਸ ਤੋਂ ਅਗਲਾ ਪੜਾਅ ਹੈ ਕਿ ਜੀਵਨ ਵਿੱਚ ਧਰਮ, ਦਇਆ, ਨਿਮਰਤਾ, ਸੰਤੋਖ, ਸੇਵਾ

ਭਾਵਨਾ, ਸੱਚੀ ਸ਼ਰਧਾ, ਭਰੋਸਾ, ਨਾਮ ਅਤੇ ਹੋਰ ਸ਼ੁਭ ਗੁਣ ਕਿਸ ਤਰ੍ਹਾਂ ਧਾਰਨ ਕਰਨੇ ਹਨ।

ਮਨੁੱਖੀ ਸਰੀਰ ਜਾਮਾ ਹੈ, ਪਹਿਰਾਵਾ ਹੈ, ਸੋਹਣਾ ਕੱਪੜਾ ਹੈ। ਇਹ ਪ੍ਰਭੂ ਮਿਲਾਪ ਦਾ ਸਹਾਇਕ ਹੈ, ਪਰ ਪ੍ਰਭੂ ਮਿਲਾਪ ਲਈ ਇਸ ਜਾਮੇ ਅੰਦਰਲੀ ਸ਼ਖ਼ਸੀਅਤ ਵੀ ਤਾਂ ਖੜੀ ਕਰਨੀ ਹੈ। ਇਹ ਸ਼ਖ਼ਸੀਅਤ ਗੁਰੂ ਨਾਲ ਅਤੇ ਸਾਧ ਸੰਗਤਿ ਨਾਲ ਮਿਲਕੇ ਹੀ ਹੋ ਸਕਦੀ ਹੈ। ਲੇਖ ਦੇ ਵੱਧ ਜਾਣ ਦੇ ਡਰ ਤੋਂ, ਬਸ ਥੋੜ੍ਹੇ ਜਿਹੇ ਇਸ਼ਾਰੇ ਹੀ ਹਨ। ਹਰ ਉਹ ਦੁਰਲਭ ਚੀਜ਼ ਸੰਗਤ ਜਾਂ ਗੁਰੂ ਕੋਲੋਂ ਹੀ ਮਿਲਣੀ ਹੈ ਜਿਸ ਨੇ ਪ੍ਰਭੂ ਮਿਲਾਪ ਵਰਗੀ ਸ਼ਖ਼ਸੀਅਤ ਦੇਣੀ ਹੈ। ਜਿਵੇਂ, ਵੈਰ ਵਿਰੋਧਤਾ ਦਾ ਨਾਸ:

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥੧॥ (ਪੰਨਾ ੧੨੯੯)

ਨਾਮ ਜਪਣ ਲਈ:

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ (ਪੰਨਾ ੧੨)

ਹਰੀ ਰਸ ਲਈ:

ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥ (ਪੰਨਾ ੪੯੨)

ਤਰਨ ਲਈ:

ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥
ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥
(ਪੰਨਾ ੮੧੩-੧੪)

ਪਾਪ ਧੋਣ ਲਈ:

ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥ (ਪੰਨਾ ੬੨੫)

ਸੁੱਖ ਵਾਸਤੇ:

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥ (ਪੰਨਾ ੧੧੮੨)

ਪਤਿਤ ਤੋਂ ਪਵਿੱਤਰ :

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥੩॥ (ਪੰਨਾ ੯੬੧)

ਇਤਿਆਦਿਕ ਅਨੇਕਾਂ ਗੁਣ ਹਨ ਜਿਹੜੇ ਸੰਗਤ ਰੂਪ ਕਲਾਸ ਵਿੱਚ ਬੈਠਕੇ ਮਿਲਦੇ ਹਨ। ਇਸ ਮੁਬਾਰਿਕ ਬਚਨ ਵਿੱਚ ਵੀਚਾਰ ਹੈ ਕਿ ਹੇ ਮੇਰੇ ਪ੍ਰਾਨਾਂ ਤੋਂ ਵੀ ਪਿਆਰੇ ਮਾਲਿਕ ਪ੍ਰਭੂ ਜੀ ! ਮੈਂ ਜਦੋਂ ਤੇਰੇ ਮਿਲਾਪ ਲਈ ਤੜਫਦੇ ਲੋਕਾਂ ਨੂੰ ਵੇਖਦਾ ਹਾਂ, ਕੋਈ ਕਿਸੇ ਤਰ੍ਹਾਂ ਬੰਦਗੀ ਕਰਦਾ ਹੈ, ਕੋਈ ਕਿਸੇ ਤਰ੍ਹਾਂ ਭਗਤੀ ਕਰਦਾ ਹੈ, ਹਰ ਇੱਕ ਦਾ ਵਖਰੋ ਵੱਖਰਾ ਢੰਗ ਹੈ। ਮੈਂ ਇਹਨਾਂ ਪਿੱਛੇ ਭਟਕਣ ਦੀ ਬਜਾਏ ਤੁਹਾਡੇ ਕੋਲੋਂ ਹੀ ਪੁੱਛਦਾ ਹਾਂ ਕਿ ਤੁਹਾਨੂੰ ਕਿਹੜੀ ਭਗਤੀ ਪਸੰਦ ਹੈ ? ਮੈਂ ਉਹੋ ਭਗਤੀ ਕਰਕੇ ਤੁਹਾਡੀ ਦਹਿਲੀਜ਼ 'ਤੇ ਪ੍ਰਵਾਨ ਹੋ ਸਕਾਂ ਤਾਂ ਜਵਾਬ ਮਿਲਿਆ ਪਰਮ ਗਤੀ ਲਈ ਸਭ ਤੋਂ ਚੰਗੀ ਮਤਿ ਸਾਧ ਸੰਗਤਿ ਵਿੱਚੋਂ ਪ੍ਰਾਪਤ ਹੁੰਦੀ ਹੈ :

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥
ਸਾਧਸੰਗਤਿ ਪਾਈ ਪਰਮ ਗਤੇ ॥ ਰਹਾਉ ॥ (ਪੰਨਾ ੧੨੯੩)

ਸੰਗਤ ਵਿੱਚ ਪ੍ਰਮੇਸ਼ਰ ਜੀ ਦਾ ਵਾਸਾ ਹੋਣ ਕਰਕੇ "ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ", ਤੋਂ ਪੁੱਛ ਕੇ ਭਾਵ ਸਮਝ ਕੇ ਕੀਤੀ ਭਗਤੀ ਖ਼ੁਆਰੀ ਅਤੇ ਕਰਮ ਕਾਂਡਾਂ ਤੋਂ ਬਚਾ ਕੇ ਦਸ ਦਿੰਦੀ ਹੈ ਕਿ :

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥
(ਪੰਨਾ ੧੦)

ਮੈਲੇ ਕਪਰੇ ਕਹਾ ਲਉ ਧੋਵਉ ॥
ਆਵੈਗੀ ਨੀਦ ਕਹਾ ਲਗੁ ਸੋਵਉ ॥੧॥ (ਪੰਨਾ ੧੨੯੩)

ਜੇ ਮੈਂ ਸੋਚਾਂ ਕਿ ਪਹਿਲਾਂ ਕੱਪੜੇ ਧੋ ਕੇ ਪਵਿੱਤਰ ਕਰ ਲਵਾਂ ਤਾਂ ਅਨੇਕਾਂ ਲੋਕਾਂ ਨੂੰ ਦੇਖਦਾ ਹਾਂ ਜਿਹੜੇ ਤੀਰਥਾਂ 'ਤੇ ਕੱਪੜੇ ਧੋਂਦੇ ਹੀ ਸਾਰੀ ਉਮਰ ਲੰਘਾ ਗਏ, ਪਰ ਇਹ ਸਰੀਰ ਰੂਪ ਕੱਪੜਾ ਪਵਿੱਤਰ ਨਹੀਂ ਹੋਇਆ। ਧੋਂਦਾ ਹਾਂ, ਫਿਰ ਮੈਲਾ ਹੋ ਜਾਂਦਾ ਹੈ, ਕਿਥੋਂ ਕੁ ਤੱਕ ਧੋਈ ਜਾਵਾਂ। ਦੂਜਾ ਅਗਿਆਨਤਾ ਦੀ ਨੀਂਦ ਕਦੇ ਪੂਰੀ ਨਹੀਂ ਹੁੰਦੀ, ਦੂਜੀ ਨੀਂਦ ਤਾਂ ਪੂਰੀ ਹੋ ਜਾਂਦੀ ਹੈ। ਕਦੇ ਤਾਂ ਬਿਸਤਰੇ 'ਤੇ ਸੌਣਾ ਮੁਸ਼ਕਲ ਹੋ ਜਾਂਦਾ ਹੈ। ਜੀਅ ਕਰਦਾ ਹੈ ਕਿ ਉਠ ਖਲੋਵਾਂ, ਇਸ ਸਰੀਰਕ ਨੀਂਦ ਦੀ ਤਾਂ ਸੀਮਾ ਹੈ, ਕਿਤੇ ਨਾ ਕਿਤੇ ਤਾਂ ਪੂਰੀ ਹੋ ਜਾਂਦੀ ਹੈ, ਪਰ ਅਗਿਆਨਤਾ ਦੀ ਨੀਂਦਰ ਵਿੱਚ ਤਾਂ ਭਾਵੇਂ ਸਾਰਾ ਜੀਵਨ ਹੀ ਲੰਘ ਜਾਵੇ ਤਾਂ ਵੀ ਮਨ ਨਹੀਂ ਜਾਗਦਾ, ਇਸ ਨੂੰ ਜਗਾਉਣਾ ਹੀ ਪੈਂਦਾ ਹੈ। ਸੋ

ਕਦੋਂ ਕੁ ਤੱਕ ਸੁੱਤਾ ਰਹਾਂਗਾ, ਆਪੇ ਹੀ ਉਠਣਾ ਪਵੇਗਾ। ਇਹ ਨੀਂਦ ਕਦੇ ਪੂਰੀ ਨਹੀਂ ਹੁੰਦੀ, ਇਸੇ ਲਈ ਅੰਮ੍ਰਿਤ ਬਚਨ ਹਨ ਕਿ :

ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ ॥੧੨੯॥

(ਪੰਨਾ ੧੩੭੧)

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥
ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥੨॥ (ਪੰਨਾ ੧੨੯੩)

ਮਾਲਕ ਜੀਉ! ਤੁਸੀਂ ਕਿਹੜੀ ਭਗਤੀ ਨਾਲ ਮਿਲਦੇ ਹੋ ? ਇਹ ਤਾਂ ਕਰਕੇ ਮੈਂ ਪਹਿਲਾਂ ਪੁੱਛਿਆ ਹੈ, ਕਿਉਂਕਿ ਆਪਣੇ ਯਤਨਾਂ ਦੇ ਨਾਲ ਮੈਂ ਜਿਹੜੇ ਜਿਹੜੇ ਵੀ ਸਾਧਨ ਜੋੜ ਜੋੜਨ ਵਾਸਤੇ ਕੀਤੇ ਉਹ ਸਾਰੇ ਹੀ ਫੱਟ ਗਏ ਭਾਵ ਨਾ-ਕਾਮਯਾਬ ਹੋਏ, ਜਿਸ ਕਰਕੇ ਮੇਰੇ ਸਾਧਨ ਸਾਕਾਰ ਨਹੀਂ, ਜਿੰਨਾ ਚਿਰ ਆਪ ਜੀ ਦੀ ਕਿਰਪਾ ਨਹੀਂ ਹੁੰਦੀ। ਮੇਰੇ ਝੂਠੇ ਦਿਖਾਵੇ ਦਾ ਧਰਮ ਕਰਮ ਦਾ ਵਪਾਰ ਮੇਰੇ ਹੱਟੀ ਹੀ ਲੁੱਟ ਕੇ ਲੈ ਗਿਆ ਭਾਵ ਇਸ ਦਿਖਾਵੇ ਵਿੱਚ ਹੀ ਉਮਰ ਲੰਘ ਗਈ, ਪਰ ਮੈਂ ਜੁੜ ਨਹੀਂ ਸਕਿਆ :

ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ ॥
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥੯੭॥

(ਪੰਨਾ ੧੩੬੯)

ਕਹੁ ਰਵਿਦਾਸ ਭਇਓ ਜਬ ਲੇਖੋ ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥੩॥੧॥੩॥ (ਪੰਨਾ ੧੨੯੩)

ਮੇਰੇ ਸਾਧਨਾਂ ਨੇ ਸਾਕਾਰ ਨਹੀਂ ਹੋਣਾ, ਜਦੋਂ ਲੇਖਾ ਹੋਵੇਗਾ। ਮੈਂ ਦਿਖਾਉਂਦਾ ਕੁਝ ਹੋਰ ਰਿਹਾ ਤੇ ਕਰਦਾ ਕੁਝ ਹੋਰ ਰਿਹਾ। ਜੋ ਕੁਝ ਵੀ ਛੁਪਾ ਕੇ ਕੀਤਾ ਸੀ ਉਹ ਸਭ ਕੁਝ ਆਪਣਾ ਕੀਤਾ ਆਪੇ ਦੇਖਣਾ ਪਿਆ :

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ ॥
ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ ॥੧੦੫॥

(ਪੰਨਾ ੧੩੭੦)

ਤੱਤਸਾਰ


ਸਤਿਗੁਰੂ ਜੀ ਦੀ ਅਦਭੁੱਤ ਕਲਾ ਹੈ। ਜਿਥੇ ਲੋਕ ਤਰ੍ਹਾਂ ਤਰ੍ਹਾਂ ਦੇ ਕਰਮ ਕਾਂਡਾਂ ਵਿੱਚ ਫਸੇ ਹੋਏ ਹਨ ਉਥੇ ਪਹਿਲਾਂ ਹੀ ਮਾਲਿਕ ਨੂੰ ਪੁੱਛ ਕੇ ਉਹੋ ਮਾਰਗ ਦਾ ਧਾਰਨੀ ਹੋਵਾਂ, ਜਿਹੜਾ ਮੈਨੂੰ ਪ੍ਰਮੇਸ਼ਰ ਜੀ ਦੇ ਦਰ 'ਤੇ ਪ੍ਰਵਾਨ ਕਰਵਾ ਦੇਵੇ।

ਇਹ ਮਾਰਗ ਸਿਰਫ਼ ਇੱਕੋ ਹੀ ਹੈ ਕਿ ਸੰਗਤ ਵਿੱਚ ਆ ਕੇ ਉਸ ਪਰਮ ਮਤਿ ਦਾ ਧਾਰਨੀ ਹੋ ਜਿਹੜੀ ਸਾਂਈਂ ਦੀ ਗੋਦ ਵਿੱਚ ਲੈ ਜਾਂਦੀ ਹੈ:

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥੧॥

(ਪੰਨਾ ੯੮੧)

❋



An ISO 9001:2000 Certified Publishing House

ISBN 81-7601-854-6

9788176018548